I N T E R N A T I O N A L

# ਪੰਜਾਬੀ ਟ੍ਰਿਬਿਊਨ

Funded by the Government of Canada | Financé par le gouvernement du Canada | Canada

BILINGUAL NEWSPAPER : ENGLISH AND PUNJABI

EDITOR : RACHHPAL SINGH GILL

Ph. : 604-616-2171 E-mail: iptribune@gmail.com www.punjabitribune.ca

Vol.30 / No.34
6 September, 2024
੨੨ ਭਾਦੋਂ ਨਾਨਕਸ਼ਾਹੀ ਸੰਮਤ ੫੫੬



Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W


ਪੱਤੇ ਝੜਦੇ ਹੀ ਰਹਿੰਦੇ ਕਦੇ ਸੁੱਕਦੇ ਨਾ ਰੁੱਖ...

## ਮਨੁੱਖੀ ਹੱਕਾਂ ਲਈ ਲੜਨ ਵਾਲਾ ਸ. ਜਸਵੰਤ ਸਿੰਘ ਖਾਲੜਾ ਜੋ ਲਾਪਤਾ ਲੋਕਾਂ ਦੀ ਭਾਲ ਕਰਦਾ ਆਪ 'ਲਾਪਤਾ' ਹੋਇਆ




ਕੈਨੇਡਾ 'ਚ 6 ਸਤੰਬਰ ਦਾ ਦਿਨ 'ਜਸਵੰਤ ਸਿੰਘ ਖਾਲੜਾ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਕੈਨੇਡਾ ਦੇ ਕਈ ਸ਼ਹਿਰਾਂ 'ਚ ਬਰਨਬੀ, ਨਿਊਵੈਸਟ ਮਨਿਸਟਰ ਅਤੇ ਬਰੈਂਪਟਨ 'ਚ 6 ਸਤੰਬਰ ਦੇ ਦਿਨ ਨੂੰ 'ਜਸਵੰਤ ਸਿੰਘ ਖਾਲੜਾ ਦਿਵਸ' ਵਜੋਂ ਘੋਸ਼ਿਤ ਕੀਤਾ ਜਾ ਚੁੱਕਾ ਹੈ। ਮਨੁੱਖੀ ਹੱਕਾਂ ਲਈ ਆਵਾਜ਼ ਚੁੱਕੀ ਅਤੇ ਪੰਜਾਬ 'ਚ 25,000 ਦੇ ਕਰੀਬ ਸਿੱਖ ਨੌਜਵਾਨਾਂ ਦੀਆਂ ਲਾਵਾਰਿਸ ਦੱਸੀਆਂ ਗਈਆਂ ਲਾਸ਼ਾਂ ਦੇ ਅਸਲ ਸੱਚ ਨੂੰ ਬੇਪਰਦ ਕੀਤਾ ਸੀ।

☛ ਬਾਕੀ ਸਫ਼ਾ 11 'ਤੇ ਪੜ੍ਹੋ

## ਤੇਗਬੀਰ ਸਿੰਘ ਮਾਊਂਟ ਐਵਰੈਸਟ 'ਤੇ ਚੜ੍ਹਾਈ ਕਰਨ ਵਾਲਾ ਏਸ਼ੀਆ ਦਾ ਸਭ ਤੋਂ ਛੋਟੀ ਉਮਰ ਦਾ ਪਰਬਤਰੋਹੀ ਬਣਿਆ

ਨਵੀਂ ਦਿੱਲੀ : ਏਸ਼ੀਆ ਦੇ ਸਭ ਤੋਂ ਛੋਟੀ ਉਮਰ ਦੇ ਪਰਬਤਰੋਹੀ ਤੇਗਬੀਰ ਸਿੰਘ ਨੇ ਮਾਊਂਟ ਕਿਲੀਮੰਜਾਰੋ ਨੂੰ ਸਫ਼ਲਤਾ ਨਾਲ ਸਰ ਕਰਕੇ ਆਪਣਾ ਨਾਮ ਆਪਣਾ ਨਾਮ ਗਿਨੀਜ਼ ਬੁੱਕ ਵਿੱਚ ਦਰਜ ਕਰਵਾਇਆ ਹੈ। ਇਸ ਨਾਲ ਹੀ ਤੇਗਬੀਰ ਸਿੰਘ ਨੇ ਮਾਊਂਟ ਕਿਲੀਮੰਜਾਰੋ 'ਤੇ ਚੜ੍ਹਾਈ ਕਰਨ ਦਾ ਖ਼ਿਤਾਬ ਵੀ ਹਾਸਲ ਕਰ ਲਿਆ ਹੈ।

11 ਸਾਲਾ ਤੇਗਬੀਰ ਸਿੰਘ, ਜੋ ਅਮ੍ਰਿਤਸਰ ਵਿੱਚ ਰਹਿੰਦਾ ਹੈ, ਨੇ 19 ਅਗਸਤ 2024

☛ ਬਾਕੀ ਸਫ਼ਾ 30 'ਤੇ




ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928
128St. Surrey BC V3W 4E8

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

AG Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS
FOREIGN EXCHANGE
ਸਿਰਫ਼ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888
80th AVE., SURREY

ROHITA PANNU
LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ
- ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ
- ਘਰਾਂ ਦੀ ਖਰੀਦੋ-ਫਰੋਖਤ
#102-9278, 120th Street
Surrey, BC V3V 4E8
Ph.: 604-589-1399
Fax : 604-589-1556
www.rohitapannulaw.com

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ਼ ਟੈਸਟ
Lucky Sekhon, 604-614-5365
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਊਟ ਹਾਲ ਦੇ ਹੇਠਾਂ

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



- ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਦਿਹਾੜਾ ਭਾਈ ਭਾਗ ਸਿੰਘ ਭੀਖੀਵਿੰਡ, ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਦਾ ਅਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦਾ ਮਨਾਇਆ ਜਾਵੇਗਾ।
- ਇਸ ਮੌਕੇ ਤਿੰਨ ਅਖੰਡ ਪਾਠ ਸਾਹਿਬ ਦੀ ਸੇਵਾ ਹੋਵੇਗੀ

1. ਨਗਰ ਜਨੇਤਪੁਰ ਜਿਲਾ ਲੁਧਿਆਣਾ ਦੀ ਸੰਗਤ ਵੱਲੋਂ
2. ਭਾਈ ਇੰਦਰਜੀਤ ਸਿੰਘ ਭਾਈ ਬਲਵਿੰਦਰ ਸਿੰਘ ਭਾਈ ਹਰਮੰਦਰ ਸਿੰਘ ਰੋਡੇ ਪਰਿਵਾਰ ਵੱਲੋਂ
3. ਬਾਜਵਾ ਪਰਿਵਾਰ ਵੱਲੋਂ

ਇਹ ਅਖੰਡ ਪਾਠ ਸ਼ੁੱਕਰਵਾਰ 6 ਸਤੰਬਰ 9:30 ਵਜੇ ਆਰੰਭ ਹੋਣਗੇ ਅਤੇ ਭੋਗ ਦਿਨ ਐਤਵਾਰ 8 ਸਤੰਬਰ ਨੂੰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲੇ ਦੀਵਾਨ ਸੱਜਣ ਗਏ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

- ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਅਮਰੀਕ ਸਿੰਘ ਬਾਸੀ ਪਰਿਵਾਰ ਵੱਲੋਂ ਬੱਚੀ ਈਸ਼ਾ ਕੌਰ ਦੇ 16ਵੇਂ ਜਨਮ ਦਿਨ ਦੀ ਖੁਸ਼ੀ ਵਿੱਚ ਹੋਵੇਗੀ।

ਸ਼ਨੀਵਾਰ 7 ਸਤੰਬਰ ਸ਼ਾਮ ਨੂੰ ਚਾਰ ਪਰਿਵਾਰਾਂ ਵੱਲੋਂ ਕੀਰਤਨ ਅਤੇ ਲੰਗਰ ਦੀ ਸੇਵਾ ਹੋਵੇਗੀ:-

1. ਭਾਈ ਗੁਰਪ੍ਰੀਤ ਸਿੰਘ ਸੰਘਾ ਪਰਿਵਾਰ ਵੱਲੋਂ ਆਪਣੇ ਬੱਚੇ ਕੇਸਰ ਸਿੰਘ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿੱਚ
2. ਭਾਈ ਅਵਨੀਤ ਸਿੰਘ ਸੁੰਨੜ ਪਰਿਵਾਰ ਵੱਲੋਂ
3. ਭਾਈ ਰਮਨ ਪਰਿਵਾਰ ਵੱਲੋਂ
4. ਭਾਈ ਸੁਖਬੀਰ ਸਿੰਘ ਪਰਿਵਾਰ ਵੱਲੋ

- ਐਤਵਾਰ 8 ਸਤੰਬਰ ਨੂੰ ਸਵਰਗੀ ਬੀਬੀ ਜਸਵੀਰ ਕੌਰ ਉੱਪਲ ਦਾ ਅੰਤਿਮ ਸੰਸਕਾਰ 11 ਵਜੇ ਰੀਵਰਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ 12:30 ਵਜੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਅੰਤਿਮ ਸੰਸਕਾਰ ਸਵਰਗੀ ਬੀਬੀ ਗੁਰਦੀਪ ਕੌਰ ਸੂਚ ਦਾ 12:30 ਵਜੇ ਰੀਵਰਸਾਈਡ ਡੈਲਟਾ ਵਿਖੇ ਹੋਵੇਗਾ ਉਪਰੰਤ ਭੋਗ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- ਸ਼ਾਮ ਦੇ ਕੀਰਤਨ ਤੇ ਲੰਗਰ ਦੀ ਸੇਵਾ ਤਿੰਨ ਪਰਿਵਾਰਾਂ ਵੱਲੋਂ ਹੋਵੇਗੀ:-

1. ਭਾਈ ਹਰੀ ਸਿੰਘ ਘਰੀ ਪਰਿਵਾਰ ਵੱਲੋਂ ਬੇਟੀ ਦੇ ਅਨੰਦ ਕਾਰਜ ਦੀ ਖੁਸ਼ੀ ਵਿੱਚ
2. ਭਾਈ ਲਖਵਿੰਦਰ ਸਿੰਘ ਢਿੱਲੋ ਪਰਿਵਾਰ ਵੱਲੋਂ ਕਾਕਾ ਜੋਬਨ ਸਿੰਘ ਦੇ ਜਨਮਦਿਨ ਦੀ ਖੁਸ਼ੀ ਵਿੱਚ
3. ਭਾਈ ਹਰਦੀਪ ਸਿੰਘ ਸੇਖੋ ਪਰਿਵਾਰ ਵੱਲੋਂ

---

**ਰਾਗੀ ਜੱਥਾ :** ਭਾਈ ਰਘਵੀਰ ਸਿੰਘ ਦਿੱਲੀ ਵਾਲੇ
ਭਾਈ ਪਰਗਟ ਸਿੰਘ ਤਰਨਤਾਰਨ ਵਾਲੇ
ਭਾਈ ਜੋਗਾ ਸਿੰਘ ਕਰਨਾਲ ਵਾਲੇ

**ਕਥਾਵਾਚਕ :** ਭਾਈ ਗੁਰਸ਼ਰਨ ਸਿੰਘ

---

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 - 6.00 ਵਜੇ |
| ਆਸਾ ਕੀ ਵਾਰ | : 6.00 -7.45 ਵਜੇ |
| ਅਰਦਾਸ / ਹੁਕਮਨਾਮਾ | : 7.45 - 8.00 ਵਜੇ |
| ਕਥਾ / ਹੁਕਮਨਾਮਾ | : 8.00 - 8.30 ਵਜੇ |
| ਕੀਰਤਨ | : 8.30 - 9.40 ਵਜੇ |
| ਕਥਾ | : 9.40 - 10.30 ਵਜੇ |
| ਢਾਡੀ | : 10.30 - 11.30 |

**ਸਮਾਪਤੀ**

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30-5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30-6:40 ਵਜੇ |
| ਕਥਾ | : 6:40-7:15 ਵਜੇ |
| ਢਾਡੀ | : 7:15 -8:00 ਵਜੇ |

ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ
ਤੱਕ ਕੀਤਾ ਜਾਂਦਾ ਹੈ।

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ**

**ਫੋਨ : 604-590-3232, 604-590-3224**

# ਕੈਲੋਨਾ ਵਿੱਚ ਘਰਾਂ ਦੀ ਵਿਕਰੀ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਆਈ ਗਿਰਾਵਟ




ਸਰੀ, (ਏਕਜੋਤ ਸਿੰਘ): ਕੈਲੋਨਾ ਵਿੱਚ ਬਹੁਤ ਸਾਰੀਆਂ 'ਵਿਕਰੀ ਲਈ' ਸਾਈਟਾਂ ਦੇਖਣ ਨੂੰ ਮਿਲ ਰਹੀਆਂ ਹਨ, ਜਿਸਨੂੰ ਲੈ ਕੇ ਰੀਅਲ ਐਸਟੇਟ ਵਿਸ਼ਲੇਸ਼ਕਾਂ ਅਤੇ ਖਰੀਦਦਾਰਾਂ ਦੇ ਦਰਮਿਆਨ ਚਿੰਤਾ ਬਣੀ ਹੋਈ ਹੈ। ਕੈਲੋਨਾ ਦੇ ਰੀਅਲਟਰ ਜੇਮੀ ਬ੍ਰਿਗਸ ਦੇ ਅਨੁਸਾਰ, "ਸਾਡੇ ਕੋਲ ਪਿਛਲੇ ਕੁਝ ਮਹੀਨਿਆਂ ਵਿੱਚ ਬਹੁਤ ਸਾਰੀ ਇੰਵੇਂਟਰੀ ਇਕੱਠੀ ਹੋ ਗਈ ਹੈ। ਹੁਣ ਸਾਡੇ ਕੋਲ ਬਹੁਤ ਸਾਰੇ ਘਰ ਵਿਕਣ ਲਈ ਆ ਗਏ ਹਨ ਪਰ ਬੇਰੁਜ਼ਗਾਰੀ ਵੱਧਣ ਕਾਰਨ ਖਰੀਦਦਾਰ ਮਿਲਣਗੇ ਬਹੁਤ ਮੁਸ਼ਕਲ ਹੋ ਰਹੇ ਹਨ" ਬ੍ਰਿਗਸ ਨੇ ਸਪਸ਼ਟ ਕੀਤਾ ਕਿ ਕਈ ਕਾਰਕ ਹਨ ਜੋ ਇਸ ਸਥਿਤੀ ਨੂੰ ਜਨਮ ਦੇ ਰਹੇ ਹਨ, ਜਿਨ੍ਹਾਂ ਵਿੱਚ ਇਤਿਹਾਸਕ ਤੌਰ ਤੇ ਹੌਲੀ ਵਿਕਰੀ ਅਤੇ ਪ੍ਰਵਾਸੀ ਦੇ ਘਾਟ ਵੀ ਸ਼ਾਮਿਲ ਹੈ। ਬ੍ਰਿਗਸ ਨੇ ਕਿਹਾ "ਗਰਮੀ ਦੇ ਮਹੀਨੇ ਆਈ ਭਾਰੀ ਗਿਰਾਵਟ ਨਾਲ ਬਹੁਤ ਨੁਕਸਾਨ ਪਹੁੰਚਾਇਆ ਹੈ" ਉਨ੍ਹਾਂ ਕਿਹਾ ਓਕਨਾਗਨ ਵਿੱਚ ਆਉਣ ਵਾਲੇ ਪ੍ਰਵਾਸੀ ਦੀ ਘਾਟ ਦੇਖਣ ਨੂੰ ਮਿਲੀ ਹੈ ਜਿਸ ਦਾ ਅਸਰ ਵੀ ਮਾਰਕਿਟ 'ਤੇ ਵੇਖਣ ਨੂੰ ਮਿਲ ਰਿਹਾ ਹੈ।

ਤਾਜ਼ਾ ਰਿਪੋਰਟ ਦੇ ਅਨੁਸਾਰ, ਰੀ-ਮੈਕਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਕੈਲੋਨਾ ਵਿੱਚ ਲਿਸਟਿੰਗਾਂ ਦੀ ਗਿਣਤੀ ਪਿਛਲੇ ਸਾਲ ਦੀ ਤੁਲਨਾ ਵਿੱਚ 17.8 ਫੀਸਦੀ ਵਧ ਗਈ ਹੈ ਜਦੋਂ ਕਿ ਰਿਹਾਇਸ਼ੀ ਵਿਕਰੀਆਂ ਵਿੱਚ 12 ਫੀਸਦੀ ਦੀ ਗਿਰਾਵਟ ਆਈ ਹੈ।

ਬ੍ਰੇਂਡਨ ਓਗਮੁੰਡਸਨ, ਬੀ.ਸੀ. ਰੀਅਲ ਐਸਟੇਟ ਐਸੋਸੀਏਸ਼ਨ ਦੇ ਮੁੱਖ ਅਰਥਸ਼ਾਸਤਰੀ, ਨੇ ਕਿਹਾ, "ਸਾਡੇ ਕੋਲ ਕਾਫੀ ਲਿਸਟਿੰਗਾਂ ਹਨ ਪਰ ਕਮਾਈ ਬਹੁਤ ਘੱਟ ਹੈ। ਅਸੀਂ ਇਕ ਸੰਤੁਲਿਤ ਬਜ਼ਾਰ ਨੂੰ ਤਰਜੀਹ ਦੇ ਰਹੇ ਹਾਂ ਜਿਸ ਵਿੱਚ ਬਹੁਤ ਸਾਰੀਆਂ ਲਿਸਟਿੰਗਾਂ, ਬਹੁਤ ਸਾਰੀਆਂ ਵਿਕਰੀਆਂ ਹਨ। ਸਾਡੇ ਕੋਲ ਇਸ ਸਮੇਂ ਘੱਟ ਸਰਗਰਮੀ ਵਾਲਾ ਬਜ਼ਾਰ ਹੈ।" ਓਗਮੁੰਡਸਨ ਦੇ ਅਨੁਸਾਰ, ਕੈਲੋਨਾ ਨੂੰ ਹੌਲੀ ਆਰਥਿਕਤਾ ਕਾਰਨ ਘੱਟ ਵਿਕਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੈਲੋਨਾ ਦੀ ਆਰਥਿਕਤਾ ਪਿਛਲੇ ਛੇ ਤੋਂ ਅੱਠ ਮਹੀਨਿਆਂ ਤੋਂ ਮੱਧਮ ਰਹੀ ਹੈ। ਪ੍ਰਵਾਸੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਨਵੀਆਂ ਸੀਮਾਵਾਂ ਅਤੇ ਹੋਰ ਕਾਰਕਾਂ ਦੇ ਕਾਰਨ ਸਾਨੂੰ ਟੂਰਿਜ਼ਮ ਖੇਤਰ ਵਿੱਚ ਨੌਕਰੀਆਂ 'ਚ ਗਿਰਾਵਟ ਦੇਖਣ ਨੂੰ ਮਿਲੀ ਹੈ ਪਰ, ਸਾਲ ਦੇ ਪਹਿਲੇ ਹਿੱਸੇ ਵਿੱਚ ਘੱਟ ਵਿਕਰੀ ਦੇ ਬਾਅਦ ਅਸੀਂ ਵੇਖ ਰਹੇ ਹਾਂ ਕਿ ਕੁਝ ਮਹੀਨਿਆਂ ਤੋਂ ਵਿਕਰੀ ਵਿੱਚ ਸੁਧਾਰ ਹੋਇਆ ਹੈ। This report was written by Ekjot Singh as part of the Local Journalism Initiative.

# ਕੈਨੇਡੀਅਨ ਆਰਥਿਕਤਾ ਨੇ ਦੂਸਰੀ ਤਿਮਾਹੀ ਵਿੱਚ 2.1% ਦੀ ਦਰ ਨਾਲ ਵਧੀ



ਔਟਵਾ : ਕੈਨੇਡਾ ਦੀ ਆਰਥਿਕਤਾ ਨੇ 2024 ਦੀ ਦੂਸਰੀ ਤਿਮਾਹੀ ਵਿੱਚ 2.1% ਵਾਧਾ ਦਰਜ ਕੀਤਾ ਹੈ, ਜਿਸ ਨੂੰ ਵਿੱਤੀ ਮਾਹਿਰਾਂ ਨੇ ਚੰਗੀ ਖ਼ਬਰ ਦੱਸਿਆ ਹੈ। ਸਟੈਟਿਸਟਿਕਸ ਕੈਨੇਡਾ ਦੁਆਰਾ ਜਾਰੀ ਕੀਤੇ ਅੰਕੜਿਆਂ ਮੁਤਾਬਕ, ਇਹ ਵਾਧਾ ਮੁੱਖ ਤੌਰ 'ਤੇ ਉਪਭੋਗਤਾ ਖਰਚਿਆਂ 'ਚ ਵਾਧੇ ਅਤੇ ਆਰਥਿਕ ਕਾਰਗੁਜ਼ਾਰੀ ਵਿੱਚ ਬਿਹਤਰੀ ਦਾ ਨਤੀਜਾ ਹੈ। ਇਸ ਵਾਧੇ ਨਾਲ, ਕੈਨੇਡਾ ਦੀ ਆਰਥਿਕ ਸਥਿਤੀ ਵਿੱਚ ਸਥਿਰਤਾ ਦਾ ਸੰਕੇਤ ਦਿੱਤਾ ਗਿਆ ਹੈ।

ਆਰਥਿਕ ਮਾਹਿਰਾਂ ਮੁਤਾਬਕ, ਦੂਸਰੀ ਤਿਮਾਹੀ ਵਿੱਚ ਹੋਏ 2.1% ਵਾਧੇ ਦਾ ਮੁੱਖ ਸੂਤਰ ਘਰੇਲੂ ਉਪਭੋਗਤਾ ਖਰਚਿਆਂ ਵਿੱਚ ਹੋਇਆ ਵਾਧਾ ਹੈ। ਲੋਕਾਂ ਨੇ ਵੱਡੇ ਪੱਧਰ 'ਤੇ ਗ੍ਰੋਸਰੀਜ਼, ਟਰਾਂਸਪੋਰਟ ਅਤੇ ਮਨੋਰੰਜਨ ਸੇਵਾਵਾਂ 'ਤੇ ਵੱਧ ਖਰਚ ਕੀਤਾ। ਘਰੇਲੂ ਮੰਗ ਵਿੱਚ ਇਹ ਵਾਧਾ ਆਰਥਿਕੀ ਤੌਰ 'ਤੇ ਕੈਨੇਡਾ ਦੀ ਸੰਭਾਲ ਨੂੰ ਦਰਸਾਉਂਦਾ ਹੈ, ਖ਼ਾਸ ਕਰਕੇ ਉਸ ਸਮੇਂ ਜਦੋਂ ਵਿਸ਼ਵ ਪੱਧਰ 'ਤੇ ਮੰਦੀ ਦੇ ਸੰਕੇਤ ਮਿਲ ਰਹੇ ਹਨ।

ਦੂਸਰੀ ਤਿਮਾਹੀ ਵਿਚ ਕਾਮਿਆਂ ਦੀ ਤਨਖ਼ਾਹ ਵਿਚ 1.6% ਵਾਧਾ ਦਰਜ ਹੋਇਆ, ਅਤੇ ਤੇਲ, ਗੈਸ ਅਤੇ ਖਾਣ ਸੈਕਟਰ ਵਿਚ ਵੇਜ ਵਾਧਾ ਜ਼ਿਆਦਾ ਮਜ਼ਬੂਤ ਰਿਹਾ।

ਹੈਲਥ ਕੇਅਰ, ਸੋਸ਼ਲ ਅਸਿਸਟੈਂਸ, ਸਿੱਖਿਆ, ਵਿੱਤ ਅਤੇ ਇੰਸ਼ੋਰੈਂਸ ਵਿਚ ਤਨਖ਼ਾਹਾਂ ਵਿਚ ਵਾਧਾ ਦੇਖਿਆ ਗਿਆ। ਸਰਕਾਰੀ ਮੁਲਾਜ਼ਮਾਂ ਦੀ ਤਨਖਾਹ 'ਤੇ ਵਧਣ ਅਤੇ ਸਰਕਾਰ ਦੇ ਸਾਰੇ ਪੱਧਰਾਂ ਵਿੱਚ ਕੰਮ ਕਰਨ ਦੇ ਘੰਟਿਆਂ ਵਿੱਚ ਵਾਧੇ ਦੇ ਨਾਲ, ਸਰਕਾਰੀ ਖ਼ਰਚ ਨੇ ਵੀ ਤਿਮਾਹੀ ਵਾਧੇ ਵਿਚ ਮੁੱਖ ਭੂਮਿਕਾ ਨਿਭਾਈ। ਹਾਊਸਿੰਗ ਨਿਵੇਸ਼ ਵਿੱਚ 1.9 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ, ਜੋ ਕਿ 2023 ਦੀ ਪਹਿਲੀ ਤਿਮਾਹੀ ਤੋਂ ਬਾਅਦ ਸਭ ਤੋਂ ਵੱਡੀ ਗਿਰਾਵਟ ਹੈ। ਨਵੀਂ ਉਸਾਰੀ ਅਤੇ ਰੈਨੋਵੇਸ਼ਨ ਵਿੱਚ ਘੱਟ ਨਿਵੇਸ਼ ਹੋਇਆ।

ਦੂਸੇ ਪਾਸੇ ਨਿਰਯਾਤ 'ਤੇ ਵੀ ਹੌਲੀ ਹੌਲੀ ਸੁਧਾਰ ਦੇਖਣ ਨੂੰ ਮਿਲਿਆ ਹੈ, ਜਦੋਂ ਕਿ ਕੈਨੇਡੀਅਨ ਨਿਵੇਸ਼ਕ ਅਤੇ ਉੱਦਮੀ ਹੋਰ ਪ੍ਰਾਜੈਕਟਾਂ ਵਿੱਚ ਨਿਵੇਸ਼ ਕਰ ਰਹੇ ਹਨ। ਇਸ ਨਾਲ ਆਰਥਿਕ ਖੇਤਰਾਂ ਵਿੱਚ ਨਵੀਆਂ ਨੌਕਰੀਆਂ ਪੈਦਾ ਹੋ ਰਹੀਆਂ ਹਨ। ਹਾਲਾਂਕਿ ਕੁਝ ਖੇਤਰਾਂ ਜਿਵੇਂ ਕਿ ਰਿਹਾਇਸ਼ੀ ਮਾਰਕੀਟ ਅਤੇ ਵਪਾਰ 'ਤੇ ਮੰਦਹਾਲੀ ਦਾ ਪ੍ਰਭਾਵ ਜਾਰੀ ਹੈ, ਪਰ ਸਮੁੱਚੀ ਆਰਥਿਕਤਾ ਵਾਸਤੇ ਇਹ ਵਾਧਾ ਇੱਕ ਚੰਗਾ ਸੰਕੇਤ ਹੈ।

ਬੈਂਕ ਆਫ਼ ਕੈਨੇਡਾ ਵੱਲੋਂ ਕੀਤੀਆਂ ਵਿਆਜ ਦਰਾਂ ਵਿੱਚ ਕਟੌਤੀਆਂ ਨੇ ਵੀ ਵਧੀਆ ਆਰਥਿਕ ਹਾਲਾਤਾਂ ਪੈਦਾ ਕਰਨ ਵਿੱਚ ਯੋਗਦਾਨ ਪਾਇਆ ਹੈ। ਘੱਟ ਵਿਆਜ ਦਰਾਂ ਦੇ ਕਾਰਨ ਘਰ ਖਰੀਦਦਾਰਾਂ ਅਤੇ ਕਾਰੋਬਾਰਾਂ ਨੂੰ ਵਿੱਤੀ ਰਾਹਤ ਮਿਲੀ ਹੈ, ਜਿਸ ਨਾਲ ਉਨ੍ਹਾਂ ਨੇ ਵੱਧ ਖਰਚੇ ਕੀਤੇ ਹਨ। ਇਸ ਕਦਮ ਨਾਲ ਕਾਰੋਬਾਰੀ ਸਰਗਰਮੀਆਂ ਵਿੱਚ ਤੇਜ਼ੀ ਆਈ ਹੈ ਅਤੇ ਕੁੱਲ ਆਰਥਿਕ ਮੰਗ ਵਿੱਚ ਵਾਧਾ ਹੋਇਆ ਹੈ।

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼

AKASH SABLOK & TARLOK SABLOK
ਸਬਲੋਕ ਐਂਡ ਸਬਲੋਕ 604-325-9200
FAX — 604-325-3666
6108 Fraser st. (at 45th Ave.) Vancouver BC V5 Ww 3A1

ਬਾਧ ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ

ਜਸਬੀਰ-ਸਿੰਘ-ਬਾਧ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Tooth Coloured Fillings
» Root Canal Treatment
» Crowns and Bridges
» Wisdom teeth Extractions
» Sedation Dentistry
» Clear Aligners
» Implants
» Dentures & many more...


Now Accepting The New Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
with new patient hygiene
Complete New Patient Exam with Xrays (4BW, 3PA and Panorex) and complete hygiene.
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

## ਮੈਂਬਰ ਪਾਰਲੀਮੈਂਟ ਅਤੇ ਕੈਨੇਡਾ ਦੇ ਮੰਤਰੀ ਹਰਜੀਤ ਸਿੰਘ ਸੱਜਣ ਵਲੋਂ ਆਯੋਜਿਤ ਕੀਤੇ ਗਏ ਸਾਲਾਨਾ ਬਾਰਬੀਕਿਊ ਦੀਆਂ ਝਲਕੀਆਂ...













Keep Smiling
Denture Clinic

# Keep Smiling Denture Clinic

SEMCD CERTIFIED CLINICIAN

- Complete Denture
- Implant Denture
- Partial Denture

CARE HOME MOBILE SERVICE

ਮੁਫ਼ਤ ਸਲਾਹ ਲਈ ਅੱਜ ਹੀ ਮਿਲੋ

ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ

**ਹੱਡੀ ਘਸੀ ਹੋਈ ਹੈ?**

ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ

**If you have received Canadian Dental Care Plan Card. Book appointment**

ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।



**Gagan Chahal R.D.**
Registered Denturist

Book Your Appointment

778-600-0811
13117 - 67A Ave, Surrey, BC

778-600-0810
2644 Cyril St Abbotsford BC

# ਬੈਂਕ ਆਫ਼ ਕੈਨੇਡਾ ਨੇ ਵਿਆਜ ਦਰ ਘਟਾ ਕੇ 4.25% ਕੀਤੀ



ਸਰੀ, (ਏਕਜੋਤ ਸਿੰਘ): ਬੈਂਕ ਆਫ਼ ਕੈਨੇਡਾ ਨੇ ਬੀਤੇ ਦਿਨੀਂ ਵਿਆਜ਼ ਦਰਾਂ ਵਿੱਚ 0.25% ਦੀ ਕਟੌਤੀ ਕਰਕੇ ਨਵੀਂ ਦਰ 4.25% ਘੋਸ਼ਿਤ ਕੀਤੀ ਹੈ। ਇਹ ਫੈਸਲਾ ਅਰਥਵਿਵਸਥਾ ਦਰ 'ਚ ਹੋਏ ਵਾਧੇ ਅਤੇ ਮੁੱਲ ਸੂਚਕਾਂ ਵਿੱਚ ਕਾਫ਼ੀ ਸੁਧਾਰ ਹੋਣ ਦੇ ਮੱਦੇਨਜ਼ਰ ਲਿਆ ਗਿਆ ਹੈ।

ਇਸ ਤਾਜ਼ਾ ਵਿਆਜ ਦਰ ਕਟੌਤੀ ਨਾਲ ਬੈਂਕ ਦਾ ਮਕਸਦ ਹੈ ਕੈਨੇਡਾ ਦੀ ਆਰਥਿਕਤਾ ਵਿੱਚ ਨਵੀਂ ਉਮੰਗ ਭਰਨਾ ਅਤੇ ਉਪਭੋਗਤਾ ਖਰਚੇ ਵਿੱਚ ਵਾਧਾ ਕਰਨਾ, ਜੋ ਕਿ ਮੰਦਹਾਲੀ ਕਾਰਨ ਕੁਝ ਹੱਦ ਤੱਕ ਘਟ ਚੁੱਕੇ ਹਨ। ਬੈਂਕ ਆਫ਼ ਕੈਨੇਡਾ ਦੇ ਗਵਰਨਰ, ਟਿਫ ਮੈਕਲੇਮ ਨੇ ਕਿਹਾ ਕਿ ਇਹ ਕਦਮ ਇਸ ਲਈ ਲਿਆ ਗਿਆ ਹੈ ਤਾਂ ਜੋ ਰਿਜ਼ਰਵ ਬੈਂਕ ਵੱਲੋਂ ਲਗਾਤਾਰ ਵੱਧ ਰਹੀ ਮਹਿੰਗਾਈ ਨੂੰ ਕਾਬੂ ਵਿੱਚ ਰੱਖਿਆ ਜਾ ਸਕੇ ਅਤੇ ਉਪਭੋਗਤਾ ਤੇ ਕਾਰੋਬਾਰਾਂ ਨੂੰ ਵਧੀਆ ਵਿੱਤੀ ਮਾਹੌਲ ਮਿਲ ਸਕੇ।

ਜ਼ਿਕਰਯੋਗ ਹੈ ਕਿ ਬੈਂਕ ਆਫ਼ ਕੈਨੇਡਾ ਨੇ ਆਪਣੀ ਵਿਆਜ ਦਰਾਂ ਵਿੱਚ ਕਟੌਤੀ ਕਰਕੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਮਹਿੰਗਾਈ ਨੂੰ ਕੰਟਰੋਲ ਕਰਨਾ ਉਸਦਾ ਮੁੱਖ ਟੀਚਾ ਹੈ। ਇਸਦੇ ਨਾਲ ਹੀ, ਉਨ੍ਹਾਂ ਨੇ ਇਸ ਗੱਲ ਦੀ ਵੀ ਸਪੱਸ਼ਟੀਕਰਨ ਦਿੱਤੀ ਕਿ ਜੇਕਰ ਅਗਲੇ ਕੁਝ ਮਹੀਨਿਆਂ ਵਿੱਚ ਆਰਥਿਕਤਾ ਵਿੱਚ ਸੁਧਾਰ ਰਾਹੀਂ ਰਿਹਾ ਤਾਂ ਹੋਰ ਕਟੌਤੀਆਂ ਵੀ ਕੀਤੀਆਂ ਜਾ ਸਕਦੀਆਂ ਹਨ।

ਜ਼ਿਕਰਯੋਗ ਹੈ ਕਿ ਵਿਆਜ਼ ਦਰਾਂ ਵਿੱਚ ਕੀਤੀ ਗਈ ਇਸ ਕਟੌਤੀ ਦਾ ਸਿੱਧਾ ਪ੍ਰਭਾਵ ਕੈਨੇਡਾ ਦੀ ਰਿਹਾਇਸ਼ੀ ਮਾਰਕੀਟ 'ਤੇ ਪੈਣ ਦੀ ਉਮੀਦ ਹੈ। ਘੱਟ ਵਿਆਜ ਦਰਾਂ ਕਾਰਨ ਘਰ ਖਰੀਦਣ ਵਾਲਿਆਂ ਲਈ ਮਾਰਕੀਟ 'ਚ ਦਿਲਚਸਪੀ ਵੱਧ ਸਕਦੀ ਹੈ, ਖਾਸ ਕਰਕੇ ਉਹਨਾਂ ਖਰੀਦਦਾਰਾਂ ਲਈ ਜਿਨ੍ਹਾਂ ਲਈ ਵਿਆਜ ਦੀਆਂ ਉੱਚੀਆਂ ਦਰਾਂ ਵੱਡੀ ਰੁਕਾਵਟ ਸਾਬਤ ਹੋ ਰਹੀਆਂ ਸਨ। ਵਿੱਤ ਵਿਸ਼ਲੇਸ਼ਕ ਇਸ ਕਦਮ ਨੂੰ ਰਿਹਾਇਸ਼ੀ ਮਾਰਕੀਟ 'ਚ ਨਵੀਂ ਰੌਣਕ ਲਿਆਉਣ ਲਈ ਮਹੱਤਵਪੂਰਨ ਮੰਨ ਰਹੇ ਹਨ।

ਇਹ ਵਿਆਜ਼ ਦਰ ਕਟੌਤੀ ਕਾਰੋਬਾਰੀ ਕਮਿਊਨਿਟੀ ਲਈ ਵੀ ਇਕ ਖ਼ੁਸ਼ਖਬਰੀ ਵਜੋਂ ਦੇਖੀ ਜਾ ਰਹੀ ਹੈ। ਵੱਧੀ ਹੋਈ ਵਿਆਜ਼ ਦਰ ਕਾਰਨ ਕਈ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਨੂੰ ਵਿੱਤੀ ਸਹੂਲਤਾਂ ਹਾਸਲ ਕਰਨ ਵਿੱਚ ਮੁਸ਼ਕਲ ਆ ਰਹੀ ਸੀ। ਹੁਣ ਕਾਰੋਬਾਰਾਂ ਨੂੰ ਨਵੇਂ ਪ੍ਰਾਜੈਕਟਾਂ ਵਿੱਚ ਨਿਵੇਸ਼ ਕਰਨ ਲਈ ਘੱਟ ਵਿਆਜ ਦਰਾਂ 'ਤੇ ਕ਼ਰਜ਼ ਪ੍ਰਾਪਤ ਕਰਨ ਵਿੱਚ ਸਹੂਲਤ ਹੋਵੇਗੀ, ਜਿਸ ਨਾਲ ਆਰਥਿਕ ਵਾਧਾ ਹੋ ਸਕਦਾ ਹੈ।

This report was written by Ekjot Singh as part of the Local Journalism Initiative.

# ਕਿੰਗਸਟਨ ਵਿੱਚ ਤਕਨਾਲੋਜੀ ਖੇਤਰ ਲਈ ਫੈਡਰਲ ਸਰਕਾਰ ਵਲੋਂ ਵੱਡਾ ਨਿਵੇਸ਼



ਵੈਨਕੂਵਰ (ਏਕਜੋਤ ਸਿੰਘ) : ਫੈਡਰਲ ਸਰਕਾਰ ਨੇ ਕਿੰਗਸਟਨ, ਓਨਟੇਰੀਓ ਵਿੱਚ ਤਕਨਾਲੋਜੀ ਖੇਤਰ ਵਿੱਚ ਵੱਡਾ ਨਿਵੇਸ਼ ਕੀਤਾ ਹੈ, ਖ਼ਾਸ ਤੌਰ 'ਤੇ ਬੈਟਰੀ ਬਣਾਉਣ ਅਤੇ ਧਾਤੂ ਪਦਾਰਥਾਂ ਦੀ ਰੀਸਾਈਕਲਿੰਗ ਉਤੇ ਧਿਆਨ ਕੇਂਦਰਿਤ ਕਰਨ ਲਈ ਇਹ ਨਿਵੇਸ਼ ਕੀਤਾ ਜਾ ਰਿਹਾ ਹੈ।

ਸੀਕਲਿਕ ਮੈਟਰੀਅਲਜ਼ ਦੇ ਸੀਈਓ ਅਹਮਦ ਨੇ ਫੰਡਿੰਗ ਦੇ ਐਲਾਨ ਦਾ ਤੋਂ ਬਾਅਦ ਧੰਨਵਾਦ ਕਰਦੇ ਹੋਏ ਕਿਹਾ ਕਿ "ਇਹ ਮਨਜ਼ੂਰੀ ਸਾਡੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਣ, ਰੀਸਾਈਕਲਿੰਗ ਨੂੰ ਬਦਲਣ ਅਤੇ ਇਕ ਤਕਨਾਲੋਜੀ ਨੂੰ ਹੋਰ ਉਚਾਈਆਂ 'ਤੇ ਲਿਜਾਣ ਦੀ ਤਾਕਤ ਦੇਵੇਗੀ" ਕਿੰਗਸਟਨ ਆਧਾਰਿਤ ਕੰਪਨੀ ਨੂੰ ਲਗਭਗ $5 ਮਿਲੀਅਨ ਦਾ ਫੰਡ ਦਿੱਤਾ ਗਿਆ ਹੈ। ਇਸਦੇ ਤੋਂ ਇਲਾਵਾ, $3 ਮਿਲੀਅਨ ਤੋਂ ਵੱਧ ਗ੍ਰੀਨ ਗ੍ਰਾਫਾਈਟ ਪ੍ਰਾਜੈਕਟ ਨੂੰ ਆਲੋਕੇਟ ਕੀਤਾ ਗਿਆ ਹੈ। ਇਹ ਫੰਡਿੰਗ rare earth elements, ਬੈਟਰੀਆਂ ਅਤੇ ਕੈਨੇਡਾ ਵਿੱਚ ਲਿਥੀਅਮ-ਆਇਓਨ ਬੈਟਰੀਆਂ ਲਈ ਗ੍ਰਾਫਾਈਟ ਦੀ ਰੀਸਾਈਕਲਿੰਗ ਦੇ ਵਿਕਾਸ ਦੀ ਸਹਾਇਤਾ ਕਰੇਗੀ।

This report was written by Ekjot Singh as part of the Local Journalism Initiative.


# ਖਾਲਸਾ ਸਕੂਲ ਨੂੰ ਹੈਂਡੀਮੈਨ ਦੀ ਤੁਰੰਤ ਲੋੜ ਹੈ

# Handyman for a Independent School

**WE ARE A SCHOOL LOOKING FOR A HANDYMAN WITH SIMPLE**
Electrical/plumbing work. Jobs that needs to be dealt with include, but are not limited to: carpentry, dry-wall, painting, flooring, simple electrical/plumbing jobs, lifting light or heavy stuff around the campus.

ਖਾਲਸਾ ਸਕੂਲ ਨੂੰ ਇਲੈਕਟ੍ਰੀਕਲ/ਪਲੰਬਿੰਗ ਦੇ ਕੰਮਾਂ ਲਈ ਇੱਕ ਹੈਂਡੀਮੈਨ ਦੀ ਭਾਲ ਹੈ। ਇਸ ਦੇ ਨਾਲ ਹੀ ਲੱਕੜ ਦਾ ਕੰਮ, ਡਰਾਈਵਾਲ, ਪੇਂਟਿੰਗ, ਫਲੋਰਿੰਗ, ਇਲੈਕਟ੍ਰੀਕਲ/ਪਲੰਬਿੰਗ ਦੇ ਕੰਮ, ਅਤੇ ਕੈਂਪਸ ਵਿੱਚ ਹਲਕਾ ਜਾਂ ਭਾਰੀ ਸਮਾਨ ਉਠਾਉਣ ਲਈ ਵੀ ਹੈਂਡੀਮੈਨ ਦੀ ਭਾਲ ਹੈ।

If you are a professional and reliable individual with handyman experience and have knowledge in any of the above areas, you may be a great fit for our school!

**Ideal candidate must be professional, reliable, show up on time & have a good work ethic!**

**MUST HAVE VALID DRIVING LICENSE**

**Working Hours : 8am - 5:30pm**

**If interested please email your resume at : akbehal@khalsaschool.ca**

**Khalsa School Old Yale Road, 10677 124 St, Surrey, BC V3V 0B1**

# ਸੜਕਾਂ 'ਤੇ ਪਏ ਲਾਵਾਰਸ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਪਹੁੰਚ ਰਹੇ ਨੇ ਸਰੀ





ਸਰੀ : ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ (ਰਜਿ. ਚੈਰੀਟੇਬਲ) ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਸੰਗਤਾਂ ਨਾਲ ਆਸ਼ਰਮ ਬਾਰੇ ਵਿਚਾਰ ਸਾਂਝੇ ਕਰਨ ਲਈ 13 ਤੋਂ 16 ਸਤੰਬਰ ਤੱਕ ਸਰੀ ਵਿਖੇ ਪਹੁੰਚ ਰਹੇ ਹਨ। ਇਸ ਦੌਰਾਨ ਉਹਨਾਂ ਨੂੰ ਸਰੀ 'ਚ 132 ਸਟਰੀਟ 'ਤੇ ਬਣੇ ਸਿੰਘ ਸਭਾ ਗੁਰਦੁਵਾਰਾ ਸਾਹਿਬ ਵਿਖੇ ਮਿਲਿਆ ਜਾ ਸਕਦਾ ਹੈ।

ਸਾਬਕਾ ਪ੍ਰੋਫ਼ੈਸਰ ਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਪਹਿਲੇ ਚਾਰ ਸਾਲ ਸਾਇਕਲ 'ਤੇ ਫਿਰਕੇ ਲੁਧਿਆਣਾ ਸ਼ਹਿਰ 'ਚ ਸੜਕਾਂ ਕੰਢੇ ਅਤੇ ਗਰੀਬ ਮਜ਼ਦੂਰ ਕਲੋਨੀਆਂ 'ਚ ਪਏ ਬਿਮਾਰੀਆਂ ਨਾਲ ਪੀੜਤ ਸੈਂਕੜੇ ਹੀ ਲਾਵਾਰਸਾਂ, ਅਪਾਹਜਾਂ ਤੇ ਗ਼ਰੀਬਾਂ ਦਾ ਮੁਫ਼ਤ ਇਲਾਜ ਕਰਵਾਇਆ। ਫਿਰ ਅਜਿਹੇ ਬੇਸਹਾਰਿਆਂ ਦੇ ਰਹਿਣ ਅਤੇ ਸੇਵਾ-ਸੰਭਾਲ ਵਾਸਤੇ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੀ ਬਿਲਡਿੰਗ ਤਿਆਰ ਕਰਵਾਈ। ਡਾ. ਨੌਰੰਗ ਸਿੰਘ ਮਾਂਗਟ ਨੇ ਦੱਸਿਆ ਕਿ ਹੁਣ ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਲਾਵਾਰਸ, ਬੇਘਰ, ਬੇਸਹਾਰਾ, ਅਪਾਹਜ, ਨੇਤਰਹੀਣ, ਬਿਮਾਰੀਆਂ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਮਰੀਜ਼ ਰਹਿੰਦੇ ਹਨ। ਸਵਾ ਸੌ ਦੇ ਕਰੀਬ ਮਰੀਜ਼ ਅਜਿਹੇ ਹਨ ਜਿਹਨਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਇਹਨਾਂ 'ਚੋਂ ਜ਼ਿਆਦਾਤਰ ਮਰੀਜ਼ ਆਪਣਾ ਨਾਉਂ ਅਤੇ ਪਰਿਵਾਰ ਵਾਰੇ ਦੱਸਣ ਤੋਂ ਵੀ ਅਸਮਰੱਥ ਹਨ। ਅੱਸੀ ਦੇ ਕਰੀਬ ਅਜਿਹੇ ਮਰੀਜ਼ ਹਨ ਜਿਹੜੇ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ 'ਚ ਹੀ ਕਰਦੇ ਹਨ। ਇਹਨਾਂ ਸਾਰੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਵਸਤੂ ਮੁਫ਼ਤ ਮਿਲਦੀ ਹੈ। ਕੋਈ ਵੀ ਫ਼ੀਸ ਜਾਂ ਖ਼ਰਚਾ ਨਹੀਂ ਲਿਆ ਜਾਂਦਾ। ਆਸ਼ਰਮ ਦਾ ਪ੍ਰਬੰਧ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲਦਾ ਹੈ। ਡਾ. ਮਾਂਗਟ ਦਾ ਸੰਪਰਕ: ਕੈਨੇਡਾ:403-401-8787; ਇੰਡੀਆ:95018-42506 ।

# ਦੁਨੀਆ 'ਚ ਹਰ ਸਾਲ 5.7 ਕਰੋੜ ਟਨ ਪੈਦਾ ਹੋ ਰਿਹਾ ਹੈ ਪਲਾਸਟਿਕ ਪ੍ਰਦੂਸ਼ਣ

ਨਿਊਯਾਰਕ : ਦੁਨੀਆ 'ਚ ਹਰ ਸਾਲ 5.7 ਕਰੋੜ ਟਨ ਪਲਾਸਟਿਕ ਪ੍ਰਦੂਸ਼ਣ ਪੈਦਾ ਹੋ ਰਿਹਾ ਹੈ ਅਤੇ ਭਾਰਤ ਪਲਾਸਟਿਕ ਕੂੜਾ ਉਤਪਾਦਨ ਵਿਚ ਦੁਨੀਆ ਵਿਚ ਸਭ ਤੋਂ ਅੱਗੇ ਹੈ ਅਤੇ ਹਰ ਸਾਲ 12 ਮਿਲੀਅਨ ਟਨ ਕੂੜਾ ਪੈਦਾ ਕਰਦਾ ਹੈ, ਜੋ ਕਿ ਦੂਜੇ ਵੱਡੇ ਪ੍ਰਦੂਸ਼ਣ ਵਾਲੇ ਦੇਸ਼ਾਂ ਨਾਲੋਂ ਦੁੱਗਣਾ ਹੈ। ਇਹ ਜਾਣਕਾਰੀ ਇੱਕ ਨਵੇਂ ਅਧਿਐਨ ਵਿਚ ਦਿੱਤੀ ਗਈ ਹੈ। ਬ੍ਰਿਟੇਨ ਦੀ ਯੂਨੀਵਰਸਿਟੀ ਆਫ ਲੀਡਜ਼ ਦੇ ਖੋਜਕਰਤਾਵਾਂ ਦੇ ਅਨੁਸਾਰ, ਵਿਸ਼ਵ ਵਿਚ ਹਰ ਸਾਲ 57 ਮਿਲੀਅਨ ਟਨ ਪਲਾਸਟਿਕ ਪ੍ਰਦੂਸ਼ਣ ਪੈਦਾ ਹੁੰਦਾ ਹੈ, ਜੋ ਕਿ ਸਭ ਤੋਂ ਡੂੰਘੇ ਸਮੁੰਦਰਾਂ ਤੋਂ ਉੱਚੇ ਪਹਾੜਾਂ ਦੀਆਂ ਚੋਟੀਆਂ ਤੱਕ ਅਤੇ ਲੋਕਾਂ ਦੇ ਸਰੀਰਾਂ ਤਕ ਵਿਚ ਫੈਲ ਗਿਆ ਹੈ।

ਅਧਿਐਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਸ ਪ੍ਰਦੂਸ਼ਣ ਦਾ ਦੋ ਤਿਹਾਈ ਤੋਂ ਵੱਧ ਹਿੱਸਾ 'ਗਲੋਬਲ ਸਾਊਥ' (ਅਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ) ਤੋਂ ਆਉਂਦਾ ਹੈ। ਖੋਜਕਾਰਾਂ ਮੁਤਾਬਕ ਹਰ ਸਾਲ ਇੰਨਾ ਜ਼ਿਆਦਾ ਪ੍ਰਦੂਸ਼ਣ ਹੁੰਦਾ ਹੈ ਕਿ ਨਿਊਯਾਰਕ ਸਿਟੀ ਦੇ 'ਸੈਂਟਰਲ ਪਾਰਕ' 'ਚ ਪਲਾਸਟਿਕ ਦੇ ਕੂੜੇ ਦਾ ਪਹਾੜ 'ਐਂਪਾਇਰ ਸਟੇਟ ਬਿਲਡਿੰਗ' ਜਿੰਨਾ ਉੱਚਾ ਹੋ ਸਕਦਾ ਹੈ।

ਇਸ ਅਧਿਐਨ ਵਿਚ ਖੁੱਲ੍ਹੇ ਵਾਤਾਵਰਨ ਵਿੱਚ ਸੁੱਟੇ ਜਾਣ ਵਾਲੇ ਪਲਾਸਟਿਕ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਵਿੱਚ ਪਲਾਸਟਿਕ ਦਾ ਕੂੜਾ ਸ਼ਾਮਲ ਨਹੀਂ ਹੈ ਜੋ ਲੈਂਡਫਿਲ ਵਿਚ ਜਾਂਦਾ ਹੈ ਜਾਂ ਸਹੀ ਢੰਗ ਨਾਲ ਸਾੜਿਆ ਜਾਂਦਾ ਹੈ। ਅਧਿਐਨ ਦੇ ਲੇਖਕਾਂ ਨੇ ਕਿਹਾ ਕਿ ਸਰਕਾਰਾਂ ਕੂੜੇ ਨੂੰ ਇਕੱਠਾ ਕਰਨ ਅਤੇ ਨਿਪਟਾਉਣ ਵਿਚ ਅਸਫਲ ਰਹਿੰਦੀਆਂ ਹਨ ਅਤੇ ਇਹ ਇੱਕ ਵੱਡਾ ਕਾਰਨ ਹੈ ਕਿ ਸਭ ਤੋਂ ਵੱਧ ਪਲਾਸਟਿਕ ਕੂੜਾ ਦੱਖਣ-ਪੂਰਬੀ ਏਸ਼ੀਆ ਅਤੇ ਉਪ-ਸਹਾਰਾ ਅਫਰੀਕਾ ਵਿਚ ਪੈਦਾ ਹੁੰਦਾ ਹੈ। ਅਧਿਐਨ ਵਿੱਚ ਕਿਹਾ ਗਿਆ ਹੈ ਕਿ ਪਲਾਸਟਿਕ ਕਚਰੇ ਲਈ ਜ਼ਿੰਮੇਵਾਰ ਲੋਕਾਂ ਵਿਚ ਭਾਰਤ ਵਿੱਚ 255 ਮਿਲੀਅਨ ਲੋਕ ਸ਼ਾਮਲ ਹਨ। ਲੀਡਜ਼ ਦੇ ਵਾਤਾਵਰਣ ਇੰਜੀਨੀਅਰਿੰਗ ਦੇ ਪ੍ਰੋਫੈਸਰ ਅਤੇ ਅਧਿਐਨ ਦੇ ਲੇਖਕ ਕੋਸਟਾਸ ਵੇਲਿਸ ਦੇ ਅਨੁਸਾਰ, ਨਾਈਜੀਰੀਆ ਦਾ ਲਾਗੋਸ ਕਿਸੇ ਵੀ ਹੋਰ ਸ਼ਹਿਰ ਨਾਲੋਂ ਜ਼ਿਆਦਾ ਪਲਾਸਟਿਕ ਪ੍ਰਦੂਸ਼ਣ ਫੈਲਾਉਂਦਾ ਹੈ।

ਪਲਾਸਟਿਕ ਪ੍ਰਦੂਸ਼ਣ ਪੈਦਾ ਕਰਨ ਵਾਲੇ ਹੋਰ ਸਭ ਤੋਂ ਵੱਡੇ ਸ਼ਹਿਰ ਨਵੀਂ ਦਿੱਲੀ, ਲੁਆਂਡਾ, ਅੰਗੋਲਾ, ਕਰਾਚੀ, (ਪਾਕਿਸਤਾਨ) ਅਤੇ ਅਲ ਕਾਹਿਰਾ (ਮਿਸਰ) ਹਨ। ਵੇਲਿਸ ਨੇ ਕਿਹਾ ਕਿ ਭਾਰਤ ਪਲਾਸਟਿਕ ਦੇ ਕੂੜੇ ਦੇ ਉਤਪਾਦਨ ਵਿੱਚ ਦੁਨੀਆ ਵਿੱਚ ਸਭ ਤੋਂ ਅੱਗੇ ਹੈ ਅਤੇ ਹਰ ਸਾਲ 12 ਮਿਲੀਅਨ ਟਨ ਪਲਾਸਟਿਕ ਕੂੜਾ ਪੈਦਾ ਕਰਦਾ ਹੈ, ਜੋ ਕਿ ਦੂਜੇ ਦੋ ਸਭ ਤੋਂ ਵੱਡੇ ਪ੍ਰਦੂਸ਼ਣ ਵਾਲੇ ਦੇਸ਼ਾਂ, ਨਾਈਜੀਰੀਆ ਅਤੇ ਇੰਡੋਨੇਸ਼ੀਆ ਦੁਆਰਾ ਪੈਦਾ ਕੀਤੇ ਗਏ ਕੂੜੇ ਤੋਂ ਦੁੱਗਣਾ ਹੈ। ਉਨ੍ਹਾਂ ਕਿਹਾ ਕਿ ਚੀਨ ਇਸ ਮਾਮਲੇ 'ਚ ਚੌਥੇ ਸਥਾਨ 'ਤੇ ਹੈ, ਪਰ ਉਹ ਕੂੜਾ ਘਟਾਉਣ 'ਚ ਕਾਫੀ ਤਰੱਕੀ ਕਰ ਰਿਹਾ ਹੈ।

ਹੋਰ ਪ੍ਰਮੁੱਖ ਪਲਾਸਟਿਕ ਪ੍ਰਦੂਸ਼ਣ ਵਾਲੇ ਦੇਸ਼ ਪਾਕਿਸਤਾਨ, ਬੰਗਲਾਦੇਸ਼, ਰੂਸ ਅਤੇ ਬ੍ਰਾਜ਼ੀਲ ਹਨ। ਅਧਿਐਨ ਦੇ ਅੰਕੜਿਆਂ ਮੁਤਾਬਕ ਇਹ ਅੱਠ ਦੇਸ਼ ਦੁਨੀਆ ਦੇ ਅੱਧੇ ਤੋਂ ਵੱਧ ਪਲਾਸਟਿਕ ਪ੍ਰਦੂਸ਼ਣ ਲਈ ਜ਼ਿੰਮੇਵਾਰ ਹਨ। ਅਧਿਐਨ ਦੇ ਅਨੁਸਾਰ, ਅਮਰੀਕਾ 52,500 ਟਨ ਤੋਂ ਵੱਧ ਪਲਾਸਟਿਕ ਪ੍ਰਦੂਸ਼ਣ ਦੇ ਨਾਲ 90ਵੇਂ ਅਤੇ ਯੂਕੇ ਲਗਭਗ 5,100 ਟਨ ਦੇ ਨਾਲ 135ਵੇਂ ਸਥਾਨ 'ਤੇ ਹੈ। ਮਾਹਰ ਚਿੰਤਤ ਹਨ ਕਿ ਅਧਿਐਨ ਵਿੱਚ ਪਲਾਸਟਿਕ ਉਦਯੋਗ ਨੂੰ ਸ਼ਾਮਲ ਨਹੀਂ ਕੀਤਾ ਗਿਆ ਕਿਉਂਕਿ ਇਹ ਸਮੁੱਚੇ ਪਲਾਸਟਿਕ ਉਤਪਾਦਨ ਦੀ ਬਜਾਏ ਪ੍ਰਦੂਸ਼ਣ 'ਤੇ ਕੇਂਦਰਿਤ ਸੀ। ਉਸ ਦਾ ਕਹਿਣਾ ਹੈ ਕਿ ਪਲਾਸਟਿਕ ਬਣਾਉਣ ਨਾਲ ਵੱਡੀ ਮਾਤਰਾ ਵਿਚ ਗ੍ਰੀਨਹਾਊਸ ਗੈਸਾਂ ਨਿਕਲਦੀਆਂ ਹਨ ਜੋ ਜਲਵਾਯੂ ਤਬਦੀਲੀ ਵਿਚ ਭੂਮਿਕਾ ਨਿਭਾਉਂਦੀਆਂ ਹਨ।


Guru Nanak's Free Kitchen

LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170


# ਥੌਮਸਨ ਨਦੀ 'ਚ ਪਲਟੀ ਕਿਸ਼ਤੀ ਇੱਕ ਵਿਅਕਤੀ ਦੀ ਮੌਤ, ਇੱਕ ਲਾਪਤਾ



ਕੈਮਲੂਪਸ : ਮੰਗਲਵਾਰ ਸਵੇਰੇ ਥੌਮਸਨ ਨਦੀ 'ਚ ਇੱਕ ਕਿਸ਼ਤੀ ਪਲਟ ਜਾਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਹੈ ਜਦੋਂ ਕਿ ਦੂਜਾ ਸਾਥੀ ਅਜੇ ਵੀ ਲਾਪਤਾ ਹੈ। ਕੈਮਲੂਪਸ ਦੇ ਓਵਰਲੈਂਡਰ ਬ੍ਰਿਜ ਦੇ ਨੇੜੇ ਬੀਤੇ ਕੱਲ੍ਹ ਸਵੇਰੇ 7:15 ਵਜੇ ਬਚਾਅ ਦਲ ਨੂੰ ਮਦਦ ਲਈ ਕਾਲ ਕੀਤੀ ਗਈ ਸੀ।

ਕੈਮਲੂਪਸ ਆਰ.ਸੀ.ਐਮ.ਪੀ. ਨੇ ਕਿਹਾ ਕਿ ਦੋਵੇਂ ਵਿਅਕਤੀ ਇੱਕ ਛੋਟੀ ਕਿਸ਼ਤੀ 'ਤੇ ਸਵਾਰ ਸਨ ਅਤੇ ਅਚਾਨਕ ਉਹ ਨਦੀ 'ਚ ਪਲਟ ਗਈ। ਮਿਲੀ ਜਾਣਕਾਰੀ ਅਨੁਸਾਰ ਕਿਸ਼ਤੀ ਉਲਟਣ ਮਗਰੋਂ ਇੱਕ ਵਿਅਕਤੀ ਜੋ ਸੇਫ਼ਜੈਕਟ ਪਾਈ ਹੋਈ ਸੀ ਜਿਸ ਕਾਰਨ ਉਸ ਨੂੰ ਬਚਾਅ ਦਲ ਵਲੋਂ ਉਸ ਨੂੰ ਬਾਹਰ ਕੱਢ ਪਰ ਉਸ ਦੀ ਮੌਤ ਹੋ ਚੁੱਕੀ ਸੀ।ਜਦੋਂ ਕਿ ਦੂਜਾ ਵਿਅਕਤੀ ਜਿਸ ਕੋਲ ਜੈਕਟ ਨਹੀਂ ਅਜੇ ਵੀ ਲਾਪਤਾ ਹੈ।

ਬਚਾਅ ਕਾਰਜਾਂ ਵਿੱਚ ਕੈਮਲੂਪਸ ਪੁਲਿਸ ਬੋਟ, ਆਰ.ਸੀ.ਐਮ.ਪੀ. ਏਅਰ ਸੇਵਾਵਾਂ ਅਤੇ ਖੋਜ ਅਤੇ ਬਚਾਅ ਟੀਮਾਂ ਦੂਜੇ ਵਿਅਕਤੀ ਦੀ ਭਾਲ ਕਰ ਰਹੀਆਂ ਹਨ। ਲਾਪਤਾ ਵਿਅਕਤੀ ਦੀ ਉਮਰ 40 ਦੇ ਕਰੀਬ ਦੱਸੀ ਜਾ ਰਹੀ ਹੈ।

ਵਿਦੇਸ਼ੀ ਵਿਦਿਆਰਥੀਆਂ ਨੂੰ ਝਟਕਾ

# 1 ਸਤੰਬਰ ਤੋਂ ਹਫਤੇ 'ਚ ਸਿਰਫ 24 ਘੰਟੇ ਕੰਮ ਕਰਨ ਦੇ ਨਵੇਂ ਨਿਯਮ ਹੋਏ ਲਾਗੂ



ਟੋਰਾਂਟੋ, 3 ਸਤੰਬਰ (ਰਾਜ ਗੋਗਨਾ)-ਕੈਨੇਡਾ ਸਰਕਾਰ ਨੇ ਭਾਰਤ ਸਮੇਤ ਹੋਰ ਦੇਸ਼ਾਂ ਤੋਂ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਨਵੇਂ ਨਿਯਮ ਬਣਾਏ ਹਨ। ਇਸ ਨਿਯਮ ਦੇ ਤਹਿਤ, ਅੰਤਰਰਾਸ਼ਟਰੀ ਵਿਦਿਆਰਥੀ ਹੁਣ ਹਫ਼ਤੇ ਵਿੱਚ ਸਿਰਫ 24 ਘੰਟੇ ਕੈਂਪਸ ਤੋਂ ਬਾਹਰ ਕੰਮ ਕਰ ਸਕਣਗੇ। ਇਹ ਨਿਯਮ ਸਤੰਬਰ ਤੋਂ ਲਾਗੂ ਹੋ ਗਿਆ ਹੈ, ਜਿਸ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਟੋਰਾਂਟੋ ਵਰਗੇ ਮਹਿੰਗੇ ਸ਼ਹਿਰਾਂ 'ਚ ਰਹਿਣ-ਸਹਿਣ ਦਾ ਖਰਚਾ ਚੁੱਕਣਾ ਬਹੁਤ ਹੀ ਮੁਸ਼ਕਲ ਹੋ ਜਾਵੇਗਾ। ਪਹਿਲਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ 20 ਘੰਟਿਆਂ ਤੋਂ ਵੱਧ ਸਮੇਂ ਲਈ ਕੈਂਪਸ ਤੋਂ ਬਾਹਰ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਸੀ।ਹੁਣ ਕੈਨੇਡਾ ਸਰਕਾਰ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਹਫ਼ਤੇ ਵਿਚ 20 ਘੰਟੇ ਤੋਂ ਵੱਧ ਸਮੇਂ ਲਈ ਕੈਂਪਸ ਤੋਂ ਬਾਹਰ ਕੰਮ ਕਰਨ ਦੀ ਇਜਾਜ਼ਤ ਦੇਣ ਵਾਲੀ ਅਸਥਾਈ ਨੀਤੀ ਦੀ ਮਿਆਦ 30 ਅਪ੍ਰੈਲ ਨੂੰ ਖ਼ਤਮ ਹੋ ਗਈ ਹੈ। ਹਾਲਾਂਕਿ, ਇਸ ਨੂੰ ਅੱਗੇ ਨਹੀਂ ਵਧਾਇਆ ਜਾਵੇਗਾ।" ਉਨ੍ਹਾਂ ਅੱਗੇ ਕਿਹਾ, "ਸਾਡਾ ਉਦੇਸ਼ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪ੍ਰਤੀ ਹਫ਼ਤੇ ਕੰਮ ਦੇ ਘੰਟੇ ਘਟਾਉਣਾ ਹੈ, ਤਾਂ ਜੋ ਉਹ ਆਪਣੀ ਪੜ੍ਹਾਈ 'ਤੇ ਵੀ ਧਿਆਨ ਦੇ ਸਕਣ,ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਵਿੱਚ ਹਫ਼ਤੇ ਵਿੱਚ ਸਿਰਫ਼ 24 ਘੰਟੇ ਕੰਮ ਕਰ ਸਕਦੇ ਹਨ। ਕੋਵਿਡ-19 ਦੀ ਮਹਾਮਾਰੀ ਦੇ ਦੌਰਾਨ 20 ਘੰਟੇ ਦੀ ਸੀਮਾ ਹਟਾਈ ਗਈ ਸੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੀ ਸਰਕਾਰ ਨੇ ਦੇਸ਼ ਦੀ ਕੋਵਿਡ-19 ਮਹਾਮਾਰੀ ਦੇ ਦੌਰਾਨ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਕੰਮ ਦੇ ਘੰਟਿਆਂ ਦੀ 20 ਘੰਟਿਆਂ ਦੀ ਸੀਮਾ ਨੂੰ ਹਟਾ ਦਿੱਤਾ ਹੈ। ਕੈਨੇਡਾ ਭਾਰਤੀ ਵਿਦਿਆਰਥੀਆਂ ਲਈ ਸਭ ਤੋਂ ਪਸੰਦੀਦਾ ਸਥਾਨਾਂ ਵਿੱਚੋਂ ਇੱਕ ਹੈ। ਕੈਨੇਡੀਅਨ ਬਿਊਰੋ ਫਾਰ ਇੰਟਰਨੈਸ਼ਨਲ ਐਜੂਕੇਸ਼ਨ ਦੀ 2022 ਦੀ ਰਿਪੋਰਟ ਅਨੁਸਾਰ, ਕੈਨੇਡਾ ਵਿੱਚ 3,19,130 ਭਾਰਤੀ ਵਿਦਿਆਰਥੀ ਸਨ। ਇੱਥੋਂ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਭਾਰਤੀ ਵਿਦਿਆਰਥੀ ਸਭ ਤੋਂ ਵੱਧ ਹਨ।ਮਿਲਰ ਨੇ ਕਿਹਾ, "ਇੱਥੇ ਆਉਣ ਵਾਲੇ ਕਿਸੇ ਵੀ ਵਿਦਿਆਰਥੀ ਨੂੰ ਪੜ੍ਹਾਈ ਕਰਨ ਲਈ ਆਉਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਹਫ਼ਤੇ ਵਿੱਚ 24 ਘੰਟੇ ਕੰਮ ਕਰਨ ਦੀ ਇਜਾਜ਼ਤ ਦੇਣ ਦਾ ਮਤਲਬ ਹੈ ਕਿ ਉਹ ਆਪਣੀ ਪੜ੍ਹਾਈ 'ਤੇ ਧਿਆਨ ਨਹੀ ਦੇ ਸਕਦੇ ਹਨ। ਕੈਂਪਸ ਤੋਂ ਬਾਹਰ ਕੰਮ ਕਰਨ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੰਮ ਦਾ ਤਜਰਬਾ ਹਾਸਲ ਕਰਨ ਅਤੇ ਆਪਣੇ ਲਈ ਭੁਗਤਾਨ ਕਰਨ ਵਿੱਚ ਮਦਦ ਮਿਲਦੀ ਹੈ।ਭਾਰਤੀ ਵਿਦਿਆਰਥੀਆਂ ਨੂੰ ਟੋਰਾਂਟੋ ਵਰਗੇ ਮਹਿੰਗੇ ਸ਼ਹਿਰਾਂ ਵਿੱਚ ਰਹਿਣ-ਸਹਿਣ ਦੇ ਖਰਚਿਆਂ ਨੂੰ ਬਰਦਾਸ਼ਤ ਕਰਨਾ ਹੁਣ ਬਹੁਤ ਮੁਸ਼ਕਲ ਹੋਵੇਗਾ ਕਿਉਂਕਿ ਕੈਨੇਡਾ ਸਿਰਫ਼ 24 ਘੰਟੇ ਕੰਮ ਕਰਨ ਵਾਲੇ ਹਫ਼ਤੇ ਦੇ ਨਿਯਮ ਨੂੰ ਲਾਗੂ ਕਰਦਾ ਹੈ।ਆਸਟ੍ਰੇਲੀਆ ਅਤੇ ਸੰਯੁਕਤ ਰਾਜ ਨੇ ਕੰਮ ਦੇ ਘੰਟਿਆਂ 'ਤੇ ਵੀ ਸੀਮਾਵਾਂ ਨਿਰਧਾਰਤ ਕੀਤੀਆਂ ਹਨ। ਕਿ ਜਿਹੜੇ ਵਿਦਿਆਰਥੀ ਪ੍ਰਤੀ ਹਫ਼ਤੇ 28 ਘੰਟੇ ਤੋਂ ਵੱਧ ਕੰਮ ਕਰਦੇ ਹਨ, ਉਹ ਸਿੱਖਣ ਵਿੱਚ ਅਸਮਰਥਤਾ ਦਾ ਸ਼ਿਕਾਰ ਹੁੰਦੇ ਹਨ। ਬਹੁਤੇ ਦੇਸ਼ ਅੰਤਰਰਾਸ਼ਟਰੀ ਵਿਦਿਆਰਥੀ ਆਪਣੀ ਪੜ੍ਹਾਈ ਦੌਰਾਨ ਕੰਮ ਕਰਨ ਦੇ ਘੰਟਿਆਂ ਦੀ ਗਿਣਤੀ ਨੂੰ ਸੀਮਤ ਕਰਦੇ ਹਨ। ਆਸਟ੍ਰੇਲੀਆ ਨੇ ਵੀ ਹਾਲ ਹੀ ਵਿੱਚ ਆਪਣੀ ਨੀਤੀ ਵਿੱਚ ਬਦਲਾਅ ਕੀਤਾ ਹੈ। ਇੱਥੇ ਹਰ ਵਿਦਿਆਰਥੀ ਨੂੰ ਦੋ ਹਫ਼ਤਿਆਂ ਵਿੱਚ 48 ਘੰਟੇ ਕੰਮ ਕਰਨ ਦੀ ਇਜਾਜ਼ਤ ਹੈ। ਅਮਰੀਕਾ ਵਿੱਚ ਵੀ, ਵਿਦਿਆਰਥੀਆਂ ਨੂੰ ਕੈਂਪਸ ਤੋਂ ਬਾਹਰ ਕੰਮ ਕਰਨ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਵਾਧੂ ਮਾਪਦੰਡ ਪੂਰੇ ਕਰਨੇ ਪੈਂਦੇ ਹਨ।

# ਵੈਨਕੂਵਰ 'ਚ ਏ.ਪੀ. ਢਿੱਲੋਂ ਦੇ ਘਰ ਦੇ ਬਾਹਰ ਹੋਈ ਗੋਲੀਬਾਰੀ



ਵੈਨਕੂਵਰ, (ਏਕਜੋਤ ਸਿੰਘ): ਪ੍ਰਸਿੱਧ ਪੰਜਾਬੀ ਗਾਇਕ ਏ.ਪੀ. ਢਿੱਲੋਂ ਦੇ ਵੈਨਕੂਵਰ ਸਥਿਤ ਘਰ ਦੇ ਬਾਹਰ ਬੀਤੇ ਦਿਨੀਂ ਗੋਲੀਬਾਰੀ ਹੋਈ। ਸਥਾਨਕ ਪੁਲਿਸ ਦੇ ਮੁਤਾਬਕ, ਇਹ ਵਾਰਦਾਤ ਸਵੇਰੇ 3 ਵਜੇ ਦੇ ਕਰੀਬ ਹੋਈ। ਘਟਨਾ ਦੇ ਦੌਰਾਨ ਕਿਸੇ ਵੀ ਵਿਅਕਤੀ ਨੂੰ ਕੋਈ ਚੋਟ ਨਹੀਂ ਲੱਗੀ ਹੈ, ਪਰ ਇਸ ਘਟਨਾ ਨੇ ਸੁਰੱਖਿਆ ਪ੍ਰਬੰਧਾਂ ਬਾਰੇ ਨਵੇਂ ਸਵਾਲ ਖੜ੍ਹੇ ਕੀਤੇ ਹਨ।

ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਕਹਿ ਰਹੀ ਹੈ ਕਿ ਇਸ ਵਾਰਦਾਤ ਦੇ ਕਾਰਨ ਨੂੰ ਲੈ ਕੇ ਅਜੇ ਤੱਕ ਕੋਈ ਸਪਸ਼ਟ ਜਾਣਕਾਰੀ ਸਾਹਮਣੇ ਨਹੀਂ ਆਈ ਹੈ। ਸਥਾਨਕ ਲੋਕਾਂ 'ਚ ਇਸ ਘਟਨਾ ਤੋਂ ਬਾਅਦ ਡਰ ਬਣਿਆ ਹੋਇਆ ਹੈ, ਅਤੇ ਕਈ ਲੋਕ ਇਸ ਘਟਨਾ ਨੂੰ ਵੈਨਕੂਵਰ ਵਿਚ ਵਧ ਰਹੀ ਗੈਂਗ-ਸੰਬੰਧਿਤ ਹਿੰਸਾ ਨਾਲ ਜੋੜ ਰਹੇ ਹਨ।

ਸਥਾਨਕ ਪ੍ਰਸ਼ਾਸਨ ਨੇ ਕਿਹਾ ਹੈ ਕਿ ਉਹ ਇਲਾਕੇ ਦੀ ਸੁਰੱਖਿਆ ਵਧਾਉਣ ਲਈ ਸਖ਼ਤ ਕਦਮ ਉਠਾ ਰਹੇ ਹਨ ਅਤੇ ਲੋਕਾਂ ਦੀ ਸੁਰੱਖਿਆ ਲਈ ਵਚਨਬੱਧ ਹਨ। ਗਾਇਕ ਏ.ਪੀ. ਢਿੱਲੋਂ ਨੇ ਅਜੇ ਤੱਕ ਇਸ ਮਾਮਲੇ ਬਾਰੇ ਕੋਈ ਅਧਿਕਾਰਿਕ ਬਿਆਨ ਨਹੀਂ ਦਿੱਤਾ ਹੈ।ਮੀਡੀਆ ਰਿਪੋਰਟਾਂ ਮੁਤਾਬਕ ਗੋਲੀਬਾਰੀ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਹੈ। ਵੀਡੀਓ ਦੇ ਆਧਾਰ 'ਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਗੋਲੀਬਾਰੀ ਦੀ ਜਾਂਚ ਜਾਰੀ ਹੈ ਅਤੇ ਹਾਲਾਤ 'ਤੇ ਨਜ਼ਰ ਰੱਖੀ ਜਾ ਰਹੀ ਹੈ।This report was written by Ekjot Singh as part of the Local Journalism Initiative.

HOMELAND MORTGAGE CORP.
ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।
- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ

Kuldip Panesar
Mortgage Consultant
Cell :604-308-6839
PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com

YOUR NEIGHBOURHOOD LAYER
RISHI LAW CORPORATION

NARINDER RISHI
Barrister, Solicitor & Notary Public
Criminal Law
» Assault Charges
» Drug Charges
» Theft/Fraud
» Uttering Threats
» Driving Offences
Divorces Probate
All kind of Notary Services
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਦੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਸੰਤਾਲੀ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?

ਲਿਖਤ : ਗੁਰਪ੍ਰੀਤ ਸਿੰਘ ਮੰਡਿਆਣੀ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ



ਇਸ ਮਾਨਸਿਕ ਦਬਾਅ ਮੂਹਰੇ ਝੁਕਦਿਆਂ ਮੁੱਖ ਮੰਤਰੀ ਖਿਜ਼ਰ ਹਿਆਤ ਖਾਂ ਟਿਵਾਣਾ ਨੇ 3 ਮਾਰਚ 1947 ਨੂੰ ਅਹੁਦੇ ਤੋਂ ਅਸਤੀਫਾ ਦੇ ਕੇ ਯੂਨੀਅਨਇਸਟ ਪਾਰਟੀ ਦਾ ਮੁਸਲਿਮ ਲੀਗ ਵਿਚ ਰਲੇਵਾਂ ਕਰ ਦਿੱਤਾ। ਹੁਣ ਮੁਸਲਿਮ ਲੀਗ ਦਾ ਅਸੈਂਬਲੀ ਵਿਚ ਮੁਕੰਮਲ ਬਹੁਮਤ ਹੋ ਗਿਆ ਸੀ। ਪੰਜਾਬ ਮੁਸਲਿਮ ਲੀਗ ਦੇ ਪ੍ਰਧਾਨ ਖਾਨ ਇਫਤਖਾਰ ਹੁਸੈਨ (ਨਵਾਬ ਮਮਦੋਟ) ਨੇ ਗਵਰਨਰ ਨਾਲ ਮੁਲਾਕਾਤ ਕਰਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰ ਦਿੱਤਾ।

ਜੋ ਡਰ ਕੁਝ ਦਿਨ ਪਹਿਲਾਂ ਮੁਸਲਮਾਨਾਂ ਸਾਹਮਣੇ ਪੈਦਾ ਹੋਇਆ ਸੀ ਉਹੀ ਡਰ ਇਕਦਮ ਹਿੰਦੂਆਂ ਤੇ ਸਿੱਖਾਂ ਮੂਹਰੇ ਆ ਖੜ੍ਹਾ ਹੋਇਆ। ਉਨ੍ਹਾਂ ਨੂੰ ਵੀ ਇਹ ਖਦਸ਼ਾ ਸੀ ਕਿ ਮੁਸਲਿਮ ਲੀਗ ਦੇ ਬਹੁਮਤ ਵਾਲੀ ਅਸੈਂਬਲੀ ਸਾਰੇ ਪੰਜਾਬ ਨੂੰ ਪਾਕਿਸਤਾਨ ਵੱਲ ਧੱਕ ਦੇਵੇਗੀ। ਉਹ ਬੀਤੇ ਕਈ ਮਹੀਨਿਆਂ ਤੋਂ ਮੁਸਲਮਾਨਾਂ ਵਲੋਂ ਹਿੰਦੂਆਂ ਸਿੱਖਾਂ ਦੇ ਕਤਲਾਂ ਨੂੰ ਅਜੇ ਭੁੱਲੇ ਵੀ ਨਹੀਂ ਸਨ ਕਿ ਉਨ੍ਹਾਂ ਨੂੰ ਸਦਾ ਲਈ ਮੁਸਲਿਮ ਗਲਬੇ ਥੱਲੇ ਜਿਉਣ ਵਾਲੀ ਹਾਲਤ ਸਾਹਮਣੇ ਪੈਦਾ ਹੋਈ ਦਿਸ ਰਹੀ ਸੀ। ਅਕਾਲੀ ਦਲ ਨੇ ਐਲਾਨ ਕੀਤਾ ਕਿ ਉਹ ਵਿਧਾਨ ਸਭਾ ਵਿਚ ਅਤੇ ਉਸ ਤੋਂ ਬਾਹਰ ਪੂਰਾ ਜ਼ੋਰ ਲਗਾ ਕੇ ਮੁਸਲਿਮ ਲੀਗ ਵਜ਼ਾਰਤ ਕਾਇਮ ਹੋਣ ਨੂੰ ਰੋਕਣਗੇ। ਪੰਜਾਬ ਜਿਹੜਾ ਸਿੱਖਾਂ ਦਾ ਘਰ ਹੈ ਉਥੇ ਉਹ ਮੁਸਲਮਾਨ ਹਕੂਮਤ ਨਹੀਂ ਕਾਇਮ ਹੋਣ ਦੇਣਗੇ।

ਹਿੰਦੂ ਅਤੇ ਸਿੱਖ ਵਿਦਿਆਰਥੀਆਂ ਨੇ ਬਣ ਰਹੀ ਨਵੀਂ ਲੀਗੀ ਵਜ਼ਾਰਤ ਦੇ ਵਿਰੋਧ ਰੋਸ ਜ਼ਾਹਰ ਕਰਨ ਲਈ 4 ਮਾਰਚ ਨੂੰ ਲਾਹੌਰ ਵਿਚ ਇਕ ਜਲੂਸ ਕੱਢਿਆ, ਪੁਲਿਸ ਨੇ ਇਸ 'ਤੇ ਗੋਲੀ ਚਲਾਈ। ਜਿਸ ਵਿਚ ਡੀ.ਏ.ਵੀ ਕਾਲਜ ਦਾ ਵਿਦਿਆਰਥੀ ਰਤਨ ਚੰਦ ਮਾਰਿਆ ਗਿਆ। ਉਸੇ ਦਿਨ ਹਿੰਦੂ ਸਿੱਖਾਂ ਦਾ ਇਕ ਹੋਰ ਜਲੂਸ ਜਦੋਂ ਚੌਂਕ ਮਤੀ ਦਾਸ ਵਿਚ ਜਾ ਰਿਹਾ ਸੀ ਤਾਂ ਇਸਦਾ ਟਾਕਰਾ ਮੁਸਲਮਾਨਾਂ ਨਾਲ ਹੋ ਗਿਆ। ਜਿਸ ਵਿਚ ਲਾਠੀਆਂ ਤੇ ਤੇਜ਼ਧਾਰ ਹਥਿਆਰਾਂ ਦਾ ਖੁੱਲ੍ਹਾ ਇਸਤੇਮਾਲ ਹੋਇਆ। ਪੁਲਿਸ ਨੇ ਮਸਾਂ ਇਨ੍ਹਾਂ ਹਜੂਮਾਂ ਨੂੰ ਨਿਖੇੜਿਆ। ਡੀ.ਸੀ. ਨੇ 10 ਦਿਨ ਵਾਸਤੇ ਲਾਹੌਰ ਵਿਚ ਕਰਫਿਊ ਲਗਾ ਦਿੱਤਾ। ਪੰਜਾਬ ਵਿਚ ਗਵਰਨਰੀ ਰਾਜ ਸੀ ਸੋ 5 ਮਾਰਚ ਨੂੰ ਗਵਰਨਰ ਸਰ ਜੈਨਕਿਨਜ਼ ਨੇ ਸੂਬੇ ਵਿਚ ਦਫਾ 93 ਦੇ ਤਹਿਤ ਜਲੂਸ-ਜਲਸਿਆਂ 'ਤੇ ਕਈ ਪਾਬੰਦੀਆਂ ਲਾ ਦਿੱਤੀਆਂ।

ਮੁਸਲਮਾਨਾਂ ਨੇ ਕਿਹਾ ਕਿ ਮੁਸਲਿਮ ਲੀਗ ਕੋਲ ਬਹੁਮਤ ਹੁੰਦਿਆਂ ਗਵਰਨਰ, ਹਿੰਦੂ ਸਿੱਖਾਂ ਦੇ ਰੋਸ ਤੋਂ ਡਰਦਾ ਲੀਗ ਨੂੰ ਵਜ਼ਾਰਤ ਬਣਾਉਣ ਦਾ ਸੱਦਾ ਨਹੀਂ ਦੇ ਰਿਹਾ। ਇਸਦੇ ਬਦਲੇ ਵਿਚ ਉਨ੍ਹਾਂ ਨੇ ਰਾਵਲਪਿੰਡੀ ਜ਼ਿਲ੍ਹੇ ਵਿਚ ਹਿੰਦੂ ਸਿੱਖਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ। ਇਸ ਹਿੰਸਾ ਦੇ ਖਿਲਾਫ ਸਰਕਾਰ ਨੂੰ ਫੌਜ ਦੀ ਵੀ ਵਰਤੋਂ ਕਰਨੀ ਪਈ। ਇਸ ਵਿਚ 18 ਹਜ਼ਾਰ ਹਿੰਦੁਸਤਾਨੀ ਤੇ 2 ਹਜ਼ਾਰ ਅੰਗਰੇਜ਼ੀ ਫੌਜੀਆਂ ਨੇ ਹਿੱਸਾ ਲਿਆ। 2 ਸਕੂਐਰਡਿਨ ਹਵਾਈ ਜਹਾਜ਼ਾਂ ਦੇ ਵਰਤੇ ਗਏ ਜਿਨ੍ਹਾਂ ਵਿਚੋਂ ਬੰਬ ਵੀ ਸੁੱਟੇ ਗਏ। 19 ਮਾਰਚ ਨੂੰ ਗਵਰਨਰ ਪੰਜਾਬ ਨੇ ਸਾਰੇ ਸੂਬੇ ਨੂੰ ਡਿਸਟਰਬਡ ਏਰੀਆ ਕਰਾਰ ਦੇ ਕੇ ਪਬਲਿਕ ਸੇਫਟੀ ਐਕਟ ਤਹਿਤ ਪੁਲਿਸ ਨੂੰ ਵਧੇਰੇ ਅਖਤਿਆਰ ਦੇ ਦਿੱਤੇ। 17 ਮਾਰਚ ਨੂੰ ਪੰਡਤ ਨਹਿਰੂ ਨੇ ਰਾਵਲਪਿੰਡੀ ਜ਼ਿਲ੍ਹੇ ਦਾ ਦੌਰਾ ਕੀਤਾ। ਵਾਇਸਰਾਏ ਨੇ ਇਸ ਇਲਾਕੇ ਦੇ ਦੌਰੇ ਤੋਂ ਬਾਅਦ ਬਰਤਾਨਵੀ ਸਰਕਾਰ ਨੂੰ ਰਿਪੋਰਟ ਭੇਜਦਿਆਂ ਲਿਖਿਆ ਕਿ ਇਉਂ ਜਾਪਦਾ ਹੈ ਜਿਵੇਂ ਹਵਾਈ ਬੰਬ-ਬਾਰੀ ਨਾਲ ਜਾਨ-ਮਾਲ ਦੀ ਤਬਾਹੀ ਹੋਈ ਹੋਵੇ। ਪਿੰਡਾਂ ਦੇ ਪਿੰਡ ਵਿਚ ਹੀ ਸੌ ਫੀਸਦੀ ਹਿੰਦੂ-ਸਿੱਖ ਅਬਾਦੀ ਮਾਰੀ ਗਈ।

18. ਨਵਾਂ ਵਾਇਸਰਾਏ ਹਿੰਦੁਸਤਾਨ ਆਇਆ: ਬਰਤਾਨਵੀ ਸਰਕਾਰ ਨੇ ਲਾਰਡ ਵੇਵਲ ਦੀ ਥਾਂ 'ਤੇ ਲਾਰਡ ਮਾਊਂਟਬੈਟਨ ਨੂੰ ਭਾਰਤ ਦਾ ਵਾਇਸਰਾਏ ਨਿਯੁਕਤ ਕਰ ਦਿੱਤਾ ਅਤੇ ਕਿਹਾ ਕਿ ਮਿਸਟਰ ਵੇਵਲ ਨੇ ਬਹੁਤ ਵਧੀਆ ਕਾਰਗੁਜ਼ਾਰੀ ਦਿਖਾਈ ਹੈ ਪਰ ਉਹ ਭਾਰਤ ਦੀਆਂ ਦੋਵਾਂ ਧਿਰਾਂ ਵਿਚ ਸਮਝੌਤਾ ਕਰਵਾਉਣ ਲਈ ਅਸਫਲ ਰਿਹਾ ਹੈ। ਭਾਵੇਂ ਇਹ ਗੱਲ ਕਿਸੇ ਇਤਿਹਾਸ ਦੀ ਕਿਤਾਬ ਵਿਚ ਲਿਖੀ ਤਾਂ ਨਹੀਂ ਮਿਲਦੀ ਪਰ ਕਿਸੇ ਸਮਝੌਤੇ ਤੋਂ ਬਿਨਾਂ ਅੰਗਰੇਜ਼ਾਂ ਵਲੋਂ ਹਿੰਦੁਸਤਾਨ ਨੂੰ ਛੱਡਕੇ ਚਲੇ ਜਾਣ ਨੇ ਕਾਂਗਰਸ ਨੂੰ ਜ਼ਰੂਰ ਡਰਾਇਆ ਹੋਵੇਗਾ। ਹਿੰਦੁਸਤਾਨੀ ਫੌਜ ਵਿਚ ਮੁਸਲਮਾਨਾਂ ਦੀ ਨਫਰੀ ਵੱਡੀ ਗਿਣਤੀ ਵਿਚ ਸੀ। 1940 ਵਿਚ ਛਿੜੀ ਸੰਸਾਰ ਜੰਗ ਮੌਕੇ ਕਾਂਗਰਸ ਦੇ ਕਹਿਣ 'ਤੇ ਹਿੰਦੂ ਫੌਜ ਵਿਚ ਭਰਤੀ ਨਹੀਂ ਸੀ ਹੋਏ। ਜਦਕਿ ਸਿੱਖ ਅਤੇ ਮੁਸਲਮਾਨ ਗਜਵਜ ਕੇ ਭਰਤੀ ਹੋਏ ਸਨ। ਫਿਰ ਵੀ ਸਿੱਖਾਂ ਨਾਲੋਂ ਮੁਸਲਮਾਨਾਂ ਦੀ ਖਾਸ ਕਰਕੇ ਪਠਾਣਾਂ ਦੀ ਭਰਤੀ ਕਿਤੇ ਵੱਧ ਸੀ। ਇਹੀ ਸਮਾਂ ਸੀ ਜਦੋਂ ਹਿੰਦੁਸਤਾਨੀ ਫੌਜ ਦਾ ਆਕਾਰ ਇਕਦਮ ਵਧਿਆ ਸੀ। ਮਾਰਚ 1947 ਤਕ ਹਿੰਦੂ ਅਤੇ ਸਿੱਖ ਵਸੋਂ ਮੁਸਲਮਾਨਾਂ ਦੀ ਮਾਰਕਾਟ ਵਾਲੀ ਨੀਤੀ ਤੋਂ ਅੱਕੀ ਅਤੇ ਡਰੀ ਬੈਠੀ ਸੀ। ਜੇ ਅੰਗਰੇਜ਼ ਮੁਲਕ ਨੂੰ ਇਵੇਂ ਹੀ ਛੱਡਕੇ ਚਲੇ ਜਾਂਦੇ ਤਾਂ ਵੱਡੀ ਮੁਸਲਮਾਨ ਫੌਜ ਦੇ ਹੁੰਦਿਆਂ ਮੁਲਕ ਵਿਚ ਖਾਨਾਜੰਗੀ ਛਿੜਣ ਨਾਲ ਜੋ ਤਸਵੀਰ ਕਲਪੀ ਜਾ ਸਕਦੀ ਸੀ ਓਸ ਦਾ ਲੱਖਣ ਕਾਂਗਰਸੀ ਆਗੂਆਂ ਨੇ ਜ਼ਰੂਰ ਲਾ ਲਿਆ ਹੋਵੇਗਾ। ਕਿਉਂਕਿ ਮਿਸਟਰ ਜਿਨਾਹ ਖੁੱਲ੍ਹੇਆਮ ਕਹਿੰਦਾ ਸੀ ਕਿ "ਜਾਂ ਮੁਲਕ ਦਾ ਵੰਡਾਰਾ ਕਰਾਂਗੇ ਜਾਂ ਸਾਰਾ ਤਬਾਹ ਕਰਾਂਗੇ।" ਇਹ ਗੱਲਾਂ ਸੋਚ ਕੇ ਜਾਂ ਕੁਝ ਹੋਰ ਸੋਚਕੇ ਨਹਿਰੂ ਅਤੇ ਪਟੇਲ ਵਰਗੇ ਅਪ੍ਰੈਲ 1947 ਤਕ ਚਿੱਤ ਵਿਚ ਵੰਡ ਨੂੰ ਸਵੀਕਾਰ ਕਰ ਚੁੱਕੇ ਸਨ। ਉਨ੍ਹਾਂ ਮਨ ਟੋਹ ਕੇ ਹੀ ਵਾਇਸਰਾਏ ਮਾਊਂਟਬੈਟਨ ਨੇ ਵੰਡ ਦੀ ਤਜਵੀਜ਼ ਉਤੇ ਕੰਮ ਸ਼ੁਰੂ ਕਰ ਦਿੱਤਾ। ਪੋਠੋਹਾਰ (ਜ਼ਿਲ੍ਹਾ ਰਾਵਲਪਿੰਡੀ) ਵਿਚ ਸਿੱਖਾਂ ਅਤੇ ਹਿੰਦੂਆਂ ਦੇ ਕਤਲੇਆਮ ਨੇ ਆਗੂਆਂ ਦੇ ਮਨਾਂ 'ਤੇ ਇਸ ਕਦਰ ਸੱਟ ਮਾਰੀ ਕਿ ਪੰਜਾਬ ਵਿਧਾਨ ਸਭਾ ਦੇ ਹਿੰਦੂ ਸਿੱਖ ਮੈਂਬਰਾਂ ਨੇ ਨਹਿਰੂ ਨੂੰ ਲਿਖਿਆ ਕਿ ਸਾਡੇ ਵਲੋਂ ਪੰਜਾਬ ਦੇ ਵੰਡਾਰੇ ਦੀ ਮੰਗ ਨੂੰ ਵਾਇਸਰਾਏ ਤਕ ਪਹੁੰਚਾ ਦੇਵੋ। 8 ਅਪ੍ਰੈਲ ਨੂੰ ਇਸਦੇ ਹੱਕ ਵਿਚ ਬਕਾਇਦਾ ਮਤਾ ਪਾਸ ਕਰ ਦਿੱਤਾ। 18 ਅਪ੍ਰੈਲ ਨੂੰ ਮਾਸਟਰ ਤਾਰਾ ਸਿੰਘ ਤੇ ਸਰਦਾਰ ਬਲਦੇਵ ਸਿੰਘ ਨੇ ਵਾਇਸਰਾਏ ਕੋਲ ਵੀ ਇਹੋ ਮੰਗ ਰੱਖੀ। ਪੰਜਾਬ ਦੇ ਵੰਡਾਰੇ ਦੀ ਮੰਗ ਸਿੱਖਾਂ ਤੇ ਕਾਂਗਰਸ ਵਲੋਂ ਕਰਨ ਕਰਕੇ ਮੁਲਕ ਦੇ ਵੰਡਾਰੇ ਦਾ ਅੜਿੱਕਾ ਕਾਫੀ ਹੱਦ ਤਕ ਹੱਲ ਹੋ ਗਿਆ ਸੀ। ਇਸ ਨਾਲ ਦੇਸ਼ ਦੇ ਵੰਡਾਰੇ ਦੀ ਸੂਰਤ ਵਿਚ ਪੰਜਾਬ ਦਾ ਹਿੰਦੂ ਸਿੱਖ ਬਹੁਗਿਣਤੀ ਵਾਲਾ ਹਿੱਸਾ ਹਿੰਦੁਸਤਾਨ ਵਾਲੇ ਪਾਸੇ ਰਹਿ ਜਾਣਾ ਸੀ। ਅਣਵੰਡੇ ਪੰਜਾਬ ਵਿਚ ਮੁਸਲਮਾਨ ਬਹੁਗਿਣਤੀ ਕਰਕੇ ਇਹ ਪਾਕਿਸਤਾਨ ਵਾਲੇ ਪਾਸੇ ਜਾਣਾ ਸੀ। ਜਿਸ ਤੋਂ ਤ੍ਰਬਕ ਕੇ ਪੰਜਾਬ ਦੇ ਹਿੰਦੂ ਸਿੱਖ ਪਾਕਿਸਤਾਨ ਦੀ ਵਿਰੋਧਤਾ ਕਰਦੇ ਸਨ। ਇਸੇ ਤਰ੍ਹਾਂ ਦਾ ਡਰ ਹਿੰਦੂ ਬਹੁਗਿਣਤੀ ਵਾਲੇ ਪੱਛਮੀ ਬੰਗਾਲ ਦੇ ਹਿੰਦੂਆਂ ਨੂੰ ਸੀ, ਕਿਉਂਕਿ ਅਣਵੰਡੇ ਬੰਗਾਲ ਵਿਚ ਵੀ ਮੁਸਲਮਾਨ ਬਹੁਗਿਣਤੀ ਸੀ, ਜਿਸ ਕਰਕੇ ਉਸਨੇ ਵੀ ਪਾਕਿਸਤਾਨ ਵਿਚ ਜਾਣਾ ਸੀ। ਦੋਵਾਂ ਸੂਬਿਆਂ ਦੀ ਵੰਡ ਵਾਲੀ ਜੁਗਤ ਨੇ ਵੀ ਕਾਂਗਰਸੀਆਂ ਨੂੰ ਕਾਫੀ ਹਦ ਤਕ ਸੰਤੁਸ਼ਟ ਕੀਤਾ।

19. ਪਟੇਲ ਨੇ ਵੰਡ ਦੇ ਹੱਕ ਵਿਚ ਲਾਬਿੰਗ ਕੀਤੀ: ਨਹਿਰੂ ਤੇ ਪਟੇਲ ਭਾਵੇਂ ਖੁਦ ਵੰਡ ਨੂੰ ਮਨੋਂ ਸਹਿਮਤੀ ਦੇ ਚੁੱਕੇ ਸਨ ਪਰ ਅਗਲਾ ਕਦਮ ਸਮੁੱਚੀ ਕਾਂਗਰਸੀ ਲੀਡਰਸ਼ਿਪ ਨੂੰ ਇਸਦੇ ਹੱਕ ਵਿਚ ਮਨਾਉਣਾ ਸੀ। ਨਹਿਰੂ ਤੇ ਪਟੇਲ ਇਕੱਠੇ ਹੋ ਕੇ ਐਨੇ ਤਾਕਤਵਰ ਹੋ ਜਾਂਦੇ ਸਨ ਕਿ ਪਾਰਟੀ ਵਿਚ ਉਨ੍ਹਾਂ ਦੀ ਗੱ ਲ ਮੰਨੀ ਹੀ ਜਾਂਦੀ ਸੀ। ਸੋ ਪਾਰਟੀ ਨੂੰ ਮਨਾਉਣ ਵਾਲਾ ਕਾਰਜ ਤਾਂ ਪਟੇਲ ਨੇ ਸਹਿਜੇ ਹੀ ਹੱਲ ਕਰ ਲਿਆ ਪਰ ਔਖਾ ਕਾਰਜ ਸੀ ਅਖੰਡ ਭਾਰਤ ਦੇ ਮੁਦਈ ਮਹਾਤਮਾ ਗਾਂਧੀ ਨੂੰ ਮਨਾਉਣਾ। 2 ਅਪ੍ਰੈਲ 1947 ਨੂੰ ਭਾਰਤ ਦਾ ਗ੍ਰਹਿ ਮੰਤਰੀ ਬੱਲਭ ਭਾਈ ਪਟੇਲ ਮਹਾਤਮਾ ਗਾਂਧੀ ਨੂੰ 2 ਘੰਟੇ ਲਈ ਮਿਲਿਆ ਅਤੇ ਗਾਂਧੀ ਨੂੰ ਮਨਾ ਲਿਆ।

20. ਵਾਇਸਰਾਏ ਵਲੋਂ ਵੰਡਾਰਾ ਤਜਵੀਜ਼ਾਂ ਦੀ ਤਿਆਰੀ: ਸਣੇ ਮਹਾਤਮਾ ਗਾਂਧੀ ਕਾਂਗਰਸੀ ਲੀਡਰਸ਼ਿਪ ਵਲੋਂ ਅੰਦਰ ਖਾਤੇ ਵੰਡਾਰੇ ਦੀ ਸਹਿਮਤੀ ਦੇਣ ਤੋਂ ਬਾਅਦ ਵਾਇਸਰਾਏ ਲਾਰਡ ਮਾਊਂਟਬੈਟਨ ਨੇ ਸ਼ਿਮਲੇ ਬੈਠ ਕੇ ਵੰਡਾਰਾ ਤਜਵੀਜ਼ਾਂ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ। ਵੰਡਾਰੇ ਦੀ ਤਜਵੀਜ਼ ਮੋਟੇ ਤੌਰ 'ਤੇ ਵਾਇਸਰਾਏ ਨੇ ਗਵਰਨਰਾਂ ਦੀ ਕਾਨਫਰੰਸ ਵਿਚ ਪੇਸ਼ ਕੀਤੀ, ਜਿਸਨੂੰ ਸਹਿਮਤੀ ਮਿਲੀ। ਵਾਇਸਰਾਏ ਦਾ ਦਫਤਰ ਅਤੇ ਰਿਹਾਇਸ਼ ਸ਼ਿਮਲੇ ਦੇ ਵਾਇਸ ਰੀਗਲ ਹਾਲ ਵਿਚ ਸੀ। ਪੰਡਤ ਨਹਿਰੂ ਵੀ ਵਾਇਸਰਾਏ ਦੇ ਮਹਿਮਾਨ ਦੀ ਆੜ ਵਿਚ ਵਾਇਸ ਰੀਗਲ ਹਾਲ ਵਿਚ ਹੀ ਠਹਿਰਿਆ ਹੋਇਆ ਸੀ। ਵਾਇਸਰਾਏ ਵਲੋਂ ਬਣਾਇਆ ਗਿਆ ਪਲਾਨ ਨਹਿਰੂ ਨੂੰ ਦਿਖਾਇਆ ਗਿਆ ਪਰ ਉਹ ਨਹਿਰੂ ਨੂੰ ਸਾਰੇ ਦਾ ਸਾਰਾ ਪਸੰਦ ਨਹੀਂ ਆਇਆ। ਵਾਇਸਰਾਏ ਸਟਾਫ ਵਿਚਲੇ ਇਕੋ ਇਕ ਦੇਸੀ ਅਫਸਰ ਸ੍ਰੀ ਵੀ.ਪੀ. ਮੈਨਨ ਨੇ ਨਵਾਂ ਪਲਾਨ ਬਣਾਕੇ ਨਹਿਰੂ ਨੂੰ ਦਿਖਾਇਆ। ਨਹਿਰੂ ਨੇ ਉਸ ਵਿਚ ਕੁਝ ਹੋਰ ਸੋਧਾਂ ਕਰਕੇ ਵਾਇਸਰਾਏ ਨੂੰ ਵਾਪਸ ਭੇਜ ਦਿੱਤਾ। ਵਾਇਸਰਾਏ ਲਾਰਡ ਮਾਊਂਟਬੈਟਨ ਉਹੀ ਪਲਾਨ ਲੈ ਕੇ ਇੰਗਲੈਂਡ ਚਲਾ ਗਿਆ ਜਿੱਥੇ ਉਸਨੇ ਪ੍ਰਧਾਨ ਮੰਤਰੀ ਨੂੰ ਇਸ 'ਤੇ ਗੌਰ ਕਰਨ ਲਈ ਕਿਹਾ। ਪ੍ਰਧਾਨ ਮੰਤਰੀ ਲਾਰਡ ਐਟਲੇ ਨੇ ਇਹੀ ਪਲਾਨ ਆਪਣੀ ਕੈਬਨਿਟ ਵਿਚ ਰੱਖਿਆ, ਜਿਥੇ ਕੈਬਨਿਟ ਨੇ ਇਸਨੂੰ ਮਨਜ਼ੂਰੀ ਦੇਣ ਲਈ 5 ਮਿੰਟ ਵੀ ਨਹੀਂ ਲਾਏ। ਜਿਹੜੇ ਪਲਾਨ ਨੂੰ ਹਿੰਦੁਸਤਾਨ ਦੀ ਵੱਡੀ ਧਿਰ ਮੰਨਦੀ ਹੋਵੇ ਉਸਨੂੰ ਸਹਿਮਤੀ ਦੇਣ ਵਿਚ ਬ੍ਰਿਟਸ਼ ਸਰਕਾਰ ਨੂੰ ਕੀ ਇਤਰਾਜ਼ ਹੋਣਾ ਸੀ। ਹੁਣ ਅਗਲਾ ਕੰਮ ਮੁਸਲਿਮ ਲੀਗ ਨੂੰ ਇਸ 'ਤੇ ਸਹਿਮਤ ਕਰਨ ਦਾ ਰਹਿ ਗਿਆ ਸੀ। ਜਿਸ ਬਾਰੇ ਵਾਇਸਰਾਏ ਕਾਫੀ ਆਸਵੰਦ ਸੀ।

ਪਲਾਨ ਨੂੰ ਬਰਤਾਨਵੀ ਸਰਕਾਰ ਦੀ ਮਨਜ਼ੂਰੀ ਲੈ ਕੇ ਲਾਰਡ ਮਾਊਂਟਬੈਟਨ 31 ਮਈ ਨੂੰ ਭਾਰਤ ਪੁੱਜਾ। ਇਹ ਪਲਾਨ ਜਨਤਾ ਵਿਚ ਨਸ਼ਰ ਕਰਨ ਤੋਂ ਪਹਿਲਾਂ ਉਹਨੇ ਹਿੰਦੁਸਤਾਨੀ ਆਗੂਆਂ ਨਾਲ ਇਸਨੂੰ ਸਾਂਝਾ ਕੀਤਾ। ਇਥੇ ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਤੇ ਇਸਦਾ ਪੂਰਾ ਪਤਾ ਸਿਰਫ ਨਹਿਰੂ ਨੂੰ ਹੀ ਸੀ। 2 ਜੂਨ ਨੂੰ ਵਾਇਸਰਾਏ ਨੇ ਜਿਨ੍ਹਾਂ ਹਿੰਦੁਸਤਾਨੀ ਆਗੂਆਂ ਨਾਲ ਇਸ ਪਲਾਨ ਬਾਰੇ ਗੱਲ ਕੀਤੀ ਉਨ੍ਹਾਂ ਵਿਚ ਨਹਿਰੂ, ਪਟੇਲ, ਕਾਂਗਰਸ ਦੇ ਪ੍ਰਧਾਨ ਸ੍ਰੀ ਕ੍ਰਿਪਲਾਨੀ, ਮੁਸਲਿਮ ਲੀਗ ਵਲੋਂ ਅਬਦੁਰ ਰੱਬ ਨਿਸਤਰ, ਕੇਂਦਰੀ ਵਜ਼ੀਰ ਲਿਆਕਤ ਅਲੀ ਖਾਂ, ਮੁਸਲਿਮ ਲੀਗ ਦੇ ਪ੍ਰਧਾਨ ਮੁਹੰਮਦ ਅਲੀ ਜਿਨਾਹ ਅਤੇ ਕੇਂਦਰੀ ਵਜ਼ਾਰਤ ਵਿਚ ਸਿੱਖਾਂ ਦੇ ਨੁਮਾਇੰਦੇ ਸ. ਬਲਦੇਵ ਸਿੰਘ ਸ਼ਾਮਿਲ ਸਨ। ਇਨ੍ਹਾਂ ਸਾਰਿਆਂ ਦੀ ਜ਼ੁਬਾਨੀ ਸਹਿਮਤੀ ਲੈਣ ਤੋਂ ਬਾਅਦ ਹੀ ਵਾਇਸਰਾਏ ਨੇ ਇਸਦਾ ਬਕਾਇਦਾ ਐਲਾਨ ਕੀਤਾ। ਅੰਗਰੇਜ਼ ਹਰੇਕ ਕਦਮ ਭਾਰਤੀ ਆਗੂਆਂ ਦੀ ਸਰਬਸੰਮਤੀ ਲੈਣ ਤੋਂ ਬਾਅਦ ਹੀ ਅਗਾਂਹ ਪੁੱਟਦਾ ਸੀ।

21. ਵੰਡਾਰੇ ਦੀ ਤਜਵੀਜ਼ ਦਾ ਬਕਾਇਦਾ ਐਲਾਨ: 3 ਜੂਨ ਨੂੰ ਵਾਇਸਰਾਏ ਮਾਊਂਟਬੈਟਨ ਨੇ ਇਸ ਪਲਾਨ ਦਾ ਬਕਾਇਦਾ ਰੇਡੀਓ ਰਾਹੀਂ ਐਲਾਨ ਕਰ ਦਿੱਤਾ। ਇਸ ਵਿਚ ਉਨ੍ਹਾਂ ਨੇ ਵੰਡਾਰੇ ਉਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ "ਮੇਰਾ ਇਹ ਪੱਕਾ ਵਿਚਾਰ ਰਿਹਾ ਹੈ ਕਿ ਸਾਰੀਆਂ ਧਿਰਾਂ ਦੀ ਰਜ਼ਾਮੰਦੀ ਨਾਲ ਅਖੰਡ ਹਿੰਦੁਸਤਾਨ ਹੀ ਦੇਸ਼ ਦੀ ਰਾਜਸੀ ਸਮੱਸਿਆ ਦਾ ਵਧੀਆ ਹੱਲ ਹੈ। ਪਰ ਕੋਈ ਅਜਿਹੀ ਤਜਵੀਜ਼, ਜਿਸ ਨਾਲ ਹਿੰਦੁਸਤਾਨ ਦੀ ਅਖੰਡਤਾ ਕਾਇਮ ਰਹੇ, ਅਸੀਂ ਹਿੰਦੁਸਤਾਨੀ ਲੀਡਰਾਂ ਕੋਲੋਂ ਮੰਨਵਾ ਨਹੀਂ ਸਕੇ। ਮੁਸਲਿਮ ਲੀਗ ਮੁਲਕ ਦਾ ਵੰਡਾਰਾ ਚਾਹੁੰਦੀ ਹੈ ਤੇ ਕਾਂਗਰਸ ਕਹਿੰਦੀ ਹੈ ਕਿ ਇਸ ਵੰਡਾਰੇ ਦੇ ਅਸੂਲ ਨੂੰ ਸੂਬਿਆਂ ਉਤੇ ਵੀ ਲਾਗੂ ਕੀਤਾ ਜਾਵੇ ਜੋ ਕਿ ਮੰਨਣਯੋਗ ਗੱਲ ਹੈ। ਇਉਂ ਪੰਜਾਬ, ਬੰਗਾਲ ਤੇ ਆਸਾਮ ਦਾ ਵੰਡਾਰਾ ਵੀ ਕਰਨਾ ਪਵੇਗਾ ਅਤੇ ਵੰਡਾਰੀ ਦੀ ਹੱਦਬੰਦੀ ਇਕ ਨਿਰਪੱਖ ਕਮਿਸ਼ਨ ਕਰੇਗਾ। ਸਿੱਖਾਂ, ਜਿਨ੍ਹਾਂ ਬਾਬਤ ਅਸੀਂ ਫਿਕਰਮੰਦ ਹਾਂ, ਦੀ ਪੁਜ਼ੀਸ਼ਨ ਇਹ ਹੈ ਕਿ ਪੰਜਾਬ ਦਾ ਵੰਡਾਰਾ, ਹਰ ਹਾਲਤ ਵਿਚ ਉਨ੍ਹਾਂ ਦੀ ਕੌਮ ਦਾ ਵੰਡਾਰਾ ਕਰ ਦੇਵੇਗਾ। ਪਰ ਸਿੱਖ ਲੀਡਰ ਵੰਡਾਰਾ ਕਬੂਲ ਕਰਦੇ ਹਨ।" ਮੁਲਕ ਦੇ ਵੰਡਾਰੇ ਦਾ ਸਭ ਤੋਂ ਵੱਡਾ ਨੁਕਸਾਨ ਸਿੱਖਾਂ ਨੂੰ ਹੀ ਹੋਇਆ। ਮਾਊਂਟਬੈਟਨ ਦਾ ਇਹ ਕਹਿਣਾ ਕਿ "ਵੰਡਾਰਾ ਸਿੱਖਾਂ ਦਾ ਨੁਕਸਾਨ ਕਰੂਗਾ, ਪਰ ਸਿੱਖ ਲੀਡਰ ਵੰਡਾਰਾ ਕਬੂਲ ਕਰਦੇ ਹਨ" ਇਹ ਫਿਕਰਾ ਸਿੱਖਾਂ ਨੂੰ ਸਿੱਧਾ ਇਸ਼ਾਰਾ ਕਰਦਾ ਸੀ ਕਿ ਜੇ ਤੁਹਾਡੇ ਲੀਡਰ ਹੀ ਵੰਡਾਰਾ ਚਾਹੁੰਦੇ ਹਨ ਤਾਂ ਸਾਡਾ ਕੀ ਕਸੂਰ?

22. ਹਿੰਦੂ ਨੁਮਾਇੰਦਿਆਂ ਵੱਲੋਂ ਵੰਡ ਦੇ ਹੱਕ 'ਚ ਬਿਆਨਬਾਜ਼ੀ: ਮਹਾਤਮਾ ਗਾਂਧੀ ਕੋਲ ਭਾਵੇਂ ਕਾਂਗਰਸ ਦਾ ਕੋਈ ਅਹੁਦਾ ਨਹੀਂ ਸੀ ਪਰ ਉਹਦਾ ਕੱਦ-ਬੁੱਤ ਸਾਰੇ ਕਾਂਗਰਸੀਆਂ ਤੋਂ ਵੱਡਾ ਸੀ ਕਿਉਂਕਿ ਉਹ ਵੰਡ ਦਾ ਸਭ ਤੋਂ ਵੱਡਾ ਵਿਰੋਧੀ ਸੀ, ਜਿਸ ਕਰਕੇ ਵੰਡਾਰਾ ਪਲਾਨ ਉਤੇ ਉਸਦੇ ਵਿਚਾਰ ਸਭ ਤੋਂ ਵੱਡੀ ਅਹਿਮੀਅਤ ਰੱਖਦੇ ਸਨ। 3 ਜੂਨ ਨੂੰ ਵੰਡਾਰਾ ਤਜਵੀਜ਼ ਨਸ਼ਰ ਹੋਣ ਤੋਂ ਅਗਲੇ ਦਿਨ ਪ੍ਰਾਰਥਨਾ ਸਭਾ ਤੋਂ ਬਾਅਦ ਗਾਂਧੀ ਜੀ ਨੇ ਕਿਹਾ ਕਿ "ਬ੍ਰਿਟਸ਼ ਸਰਕਾਰ ਦੇਸ਼ ਦੀਆਂ ਵੰਡੀਆਂ ਪਾ ਕੇ ਖ਼ੁਸ਼ ਨਹੀਂ। ਪਰ ਜੇ ਹਿੰਦੂ ਤੇ ਮੁਸਲਮਾਨ ਜ਼ਿਦ ਕਰਨ, ਤਾਂ ਅੰਗਰੇਜ਼ ਵਿਚਾਰੇ ਕੀ ਕਰਨ?"

ਬੱਲਭ ਭਾਈ ਪਟੇਲ ਨੇ ਵੰਡਾਰਾ ਪਲਾਨ ਨੂੰ ਸਹਿਮਤੀ ਦਿੰਦਿਆਂ ਬਿਆਨ ਜਾਰੀ ਕੀਤਾ ਕਿ ਝਗੜਿਆਂ-ਝਮੇਲਿਆਂ ਵਾਲੇ ਕਮਜ਼ੋਰ ਪਰ ਵੱਡੇ ਹਿੰਦੁਸਤਾਨ ਨਾਲੋਂ ਛੋਟਾ ਹਿੰਦੁਸਤਾਨ ਹੀ ਬਿਹਤਰ ਹੈ। 15 ਜੂਨ ਨੂੰ ਨਹਿਰੂ ਨੇ ਕਾਂਗਰਸ ਦੀ ਮੀਟਿੰਗ ਵਿਚ ਕਿਹਾ ਕਿ ਜੋ ਲੋਕ ਭਾਰਤ ਵਿਚ ਨਹੀਂ ਰਹਿਣਾ ਚਾਹੁੰਦੇ ਉਨ੍ਹਾਂ ਨੂੰ ਤਲਵਾਰਾਂ ਦੇ ਜ਼ੋਰ ਨਾਲ ਇਸ ਗੱਲ 'ਤੇ ਮਜਬੂਰ ਕਰਨਾ ਸੰਭਵ ਨਹੀਂ। ਇਹੋ ਜਿਹੇ ਵਿਚਾਰ ਹੀ ਪੰਡਤ ਨਹਿਰੂ ਨੇ ਵੰਡਾਰੇ ਤੋਂ ਬਾਅਦ ਵਿਚ ਮੁਲਕ ਦੀ ਵੰਡ ਜਾਇਜ਼ ਠਹਿਰਾਉਣ ਲਈ ਦਿੱਤੇ। 8 ਫਰਵਰੀ 1959 ਦੇ 'ਦ ਟ੍ਰਿਬਿਊਨ' ਵਿਚ ਛਪੇ ਬਿਆਨ ਦੁਆਰਾ ਨਹਿਰੂ ਨੇ ਕਿਹਾ "ਅਸੀਂ ਮਹਿਸੂਸ ਕੀਤਾ ਕਿ ਜੇ ਵੰਡ ਨੂੰ ਰੋਕਣ ਖਾਤਰ ਕੋਈ ਸਮਝੌਤਾ ਕੀਤਾ ਜਾਂਦਾ ਤਾਂ ਵੀ ਝਗੜੇ ਤੇ ਗੜਬੜ ਜਾਰੀ ਰਹਿਣੀ ਸੀ। ਜੋ ਬਾਅਦ 'ਚ ਤਰੱਕੀ ਵਿਚ ਰੋੜਾ ਬਣਨੀ ਸੀ।"

23. ਲੀਗ ਅਤੇ ਕਾਂਗਰਸ ਨੇ ਵੰਡ ਨੂੰ ਲਿਖਤੀ ਮਨਜ਼ੂਰੀ ਦਿੱਤੀ: ਜਿਨਾਹ ਨੇ ਪੰਜਾਬ ਅਤੇ ਬੰਗਾਲ ਦੀ ਵੰਡ ਦਾ ਵਿਰੋਧ ਕਰਦਿਆਂ ਕਿਹਾ ਕਿ ਇਨ੍ਹਾਂ ਸੂਬਿਆਂ ਦੀ ਵੰਡ ਗੈਰ ਅਸੂਲਨ ਹੈ। ਵਾਇਸਰਾਇ ਮਾਊਂਟਬੈਟਨ ਨੇ ਜਿਨਾਹ ਦੇ ਇਤਰਾਜ਼ ਦੇ ਜਵਾਬ ਵਿਚ ਕਿਹਾ ਕਿ ਜਿੰਨੀ ਤਕਲੀਫ ਤੈਨੂੰ ਬੰਗਾਲ ਅਤੇ ਪੰਜਾਬ ਦੀ ਵੰਡ ਨਾਲ ਹੁੰਦੀ ਹੈ ਉਨੀ ਹੀ ਤਕਲੀਫ ਨਹਿਰੂ ਹੋਰਾਂ ਨੂੰ ਮੁਲਕ ਦੀ ਵੰਡ ਨਾਲ ਹੁੰਦੀ ਹੈ। ਆਖਰ ਨੂੰ ਜਿਨਾਹ ਮੰਨ ਗਿਆ। 9 ਜੂਨ ਨੂੰ ਮੁਸਲਿਮ ਲੀਗ ਨੇ ਵੰਡ ਦੇ ਹੱਕ ਵਿਚ ਮਤਾ ਪਾ ਦਿੱਤਾ। 15 ਜੂਨ ਨੂੰ ਕਾਂਗਰਸ ਨੇ ਵੰਡ ਨੂੰ ਬਕਾਇਦਾ ਤਸਲੀਮ ਕਰ ਲਿਆ। ਸਿੱਖਾਂ ਦੇ ਨੁਮਾਇੰਦੇ ਵਜੋਂ ਕੇਂਦਰੀ ਵਜ਼ੀਰ ਬਲਦੇਵ ਸਿੰਘ ਨੇ ਵੀ ਵੰਡ ਨੂੰ ਮਨਜ਼ੂਰ ਕੀਤਾ।

24. ਵੰਡ ਨੂੰ ਰੋਕਣ ਖਾਤਰ ਦੋ ਆਖਰੀ ਤਜਵੀਜ਼ਾਂ: ਵੰਡਾਰਾ ਪਲਾਨ ਦੀ ਮਨਜ਼ੂਰੀ ਤੋਂ ਪਹਿਲਾਂ ਮਹਾਤਮਾ ਗਾਂਧੀ ਨੇ ਵੰਡ ਨੂੰ ਰੋਕਣ ਖਾਤਰ ਇਕ ਹੋਰ ਤਜਵੀਜ਼ ਪੇਸ਼ ਕੀਤੀ ਜਿਸ ਵਿਚ ਕਿਹਾ ਗਿਆ ਕਿ ਜਿਨਾਹ ਨੂੰ ਮੁਲਕ ਦਾ ਪ੍ਰਧਾਨ ਮੰਤਰੀ ਬਣਾ ਕੇ ਜਿਨਾਹ ਨੂੰ ਵੱਖਰਾ ਮੁਲਕ ਬਣਾਉਣੋਂ ਰੋਕਿਆ ਜਾਵੇ। ਮਾਊਂਟਬੇਟਨ ਨੇ ਗਾਂਧੀ ਦੇ ਸੁਝਾਅ ਦਾ ਸਵਾਗਤ ਕਰਦਿਆਂ ਕਿਹਾ ਕਿ ਜੇ ਕਿਸੇ ਤਰੀਕੇ ਨਾਲ ਵੰਡ ਰੁਕਦੀ ਹੈ ਤਾਂ ਇਹ ਚੰਗੀ ਗੱਲ ਹੈ। ਗਾਂਧੀ ਦੇ ਇਸ ਬਿਆਨ ਤੇ ਨਹਿਰੂ ਤੇ ਪਟੇਲ ਭੜਕ ਗਏ ਤੇ ਗਾਂਧੀ ਨੂੰ ਬਿਆਨ ਵਾਪਸ ਲੈਣ ਲਈ ਕਿਹਾ। ਵੰਡ ਨੂੰ ਰੋਕਣ ਲਈ ਸਭ ਤੋਂ ਆਖਰੀ ਤਜਵੀਜ਼ ਕੇਂਦਰੀ ਵਜ਼ੀਰ ਅਤੇ ਕਾਂਗਰਸੀ ਆਗੂ ਮੌਲਾਨਾ ਅਬਦੁਲ ਕਲਾਮ ਆਜ਼ਾਦ ਨੇ ਪੇਸ਼ ਕੀਤੀ। ਉਸਨੇ ਗਾਂਧੀ ਨੂੰ ਕਿਹਾ ਕਿ ਮੌਜੂਦਾ ਹਾਲਤ ਨੂੰ ਹੋਰ ਦੋ-ਤਿੰਨ ਸਾਲ ਜਿਉਂ ਦੀ ਤਿਉਂ ਕਾਇਮ ਰੱਖਿਆ ਜਾਵੇ ਸ਼ਾਇਦ ਸਮਾਂ ਪੈਣ ਨਾਲ ਕੋਈ ਹੋਰ ਹੱਲ ਲੱਭ ਜਾਵੇ ਤਾਂ ਜੋ ਮੁਲਕ ਦੀ ਵੰਡ ਨਾ ਹੋਵੇ।

- ਚਲਦਾ

# ਕੈਨੇਡਾ ਦੇ ਰਸਤੇ ਅਮਰੀਕਾ ਦਾਖਲ ਹੋਏ 16 ਹਜ਼ਾਰ ਤੋਂ ਵੱਧ ਗੈਰਕਾਨੂੰਨੀ ਪ੍ਰਵਾਸੀ

ਨਿਊਯਾਰਕ : ਕੈਨੇਡਾ ਦੇ ਰਸਤੇ ਅਮਰੀਕਾ ਦਾਖਲ ਹੋ ਰਹੇ 16 ਹਜ਼ਾਰ ਤੋਂ ਵੱਧ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਮੌਜੂਦਾ ਵਰ੍ਹੇ ਦੌਰਾਨ ਕਾਬੂ ਕੀਤਾ ਜਾ ਚੁੱਕਾ ਹੈ ਅਤੇ ਸਮੱਸਿਆ ਨਾਲ ਨਜਿੱਠਣ ਲਈ ਅਮਰੀਕਾ ਸਰਕਾਰ ਅਸਾਇਲਮ ਦੇ ਦਾਅਵਿਆਂ ਨੂੰ ਧੜਾਧੜ ਰੱਦ ਕਰ ਰਹੀ ਹੈ। ਸੇਫ ਥਰਡ ਕੰਟਰੀ ਐਗਰੀਮੈਂਟ ਵਿਚ ਦੋ ਤਬਦੀਲੀਆਂ ਕਰਦਿਆਂ ਹੁਣ ਪ੍ਰਵਾਸੀਆਂ ਨੂੰ ਪੇਸ਼ੀ ਤੋਂ ਪਹਿਲਾਂ ਵਕੀਲ ਨਾਲ ਸਲਾਹ-ਮਸ਼ਵਰਾ ਕਰਨ ਲਈ ਸਿਰਫ ਚਾਰ ਘੰਟੇ ਦਿਤੇ ਜਾਣਗੇ ਜਦਕਿ ਇਸ ਤੋਂ ਪਹਿਲਾਂ 24 ਘੰਟੇ ਦਾ ਸਮਾਂ ਮਿਲਦਾ ਸੀ।

ਸੀ.ਬੀ.ਐਸ. ਨਿਊਜ਼ ਦੀ ਰਿਪੋਰਟ ਮੁਤਾਬਕ ਸੇਫ ਥਰਡ ਕੰਟਰੀ ਐਗਰੀਮੈਂਟ ਤੋਂ ਛੋਟ ਹੋਣ ਦਾ ਦਾਅਵਾ ਸਾਬਤ ਕਰਨ ਲਈ ਪ੍ਰਵਾਸੀਆਂ ਨੂੰ ਸਕ੍ਰੀਨਿੰਗ ਦੌਰਾਨ ਦਸਤਾਵੇਜ਼ ਪੇਸ਼ ਕਰਨੇ ਹੋਣਗੇ ਅਤੇ ਸਕ੍ਰੀਨਿੰਗ ਟਾਲੀ ਨਹੀਂ ਜਾਵੇਗੀ ਜਦਕਿ ਅਤੀਤ ਵਿਚ ਪ੍ਰਵਾਸੀਆਂ ਨੂੰ ਲੋੜੀਂਦੇ ਦਸਤਾਵੇਜ਼ ਇਕੱਤਰ ਕਰਨ ਲਈ ਸਕ੍ਰੀਨਿੰਗ ਦਾ ਸਮਾਂ ਅਤੇ ਤਰੀਕ ਮੁਲਤਵੀ ਕਰਵਾਉਣ ਦਾ ਹੱਕ ਸੀ।

ਅਮਰੀਕਾ ਅਤੇ ਕੈਨੇਡਾ ਵਿਚਾਲੇ ਹੋਈ ਸੰਧੀ ਵਿਚ ਸਾਫ ਦਰਸਾਇਆ ਗਿਆ ਹੈ ਕਿ ਗੈਰਕਾਨੂੰਨੀ ਪ੍ਰਵਾਸੀ ਜਿਹੜੇ ਮੁਲਕ ਵਿਚ ਪਹਿਲਾ ਕਦਮ ਰੱਖਣਗੇ, ਅਸਾਇਲਮ ਦਾ ਦਾਅਵਾ ਵੀ ਉਥੇ ਹੀ ਕੀਤਾ ਜਾ ਸਕਦਾ ਹੈ। ਇਸ ਦਾ ਸਾਫ਼ ਮਤਲਬ ਹੈ ਕਿ ਕੈਨੇਡਾ ਪੁੱਜਣ ਮਗਰੋਂ ਅਮਰੀਕਾ ਦਾਖਲ ਹੋਣ ਵਾਲਿਆਂ ਨੂੰ ਅਮਰੀਕਾ ਵਿਚ ਪਨਾਹ ਨਹੀਂ ਮਿਲ ਸਕਦੀ ਪਰ ਇੰਮੀਗ੍ਰੇਸ਼ਨ ਮਾਹਰਾਂ ਮੁਤਾਬਕ ਚੋਰੀ ਮੋਰੀਆਂ ਹਾਲੇ ਵੀ ਮੌਜੂਦ ਹਨ। ਮੀਡੀਆ ਰਿਪੋਰਟਾਂ ਮੁਤਾਬਕ ਕੈਨੇਡਾ ਦੇ ਰਸਤੇ ਅਮਰੀਕਾ ਆ ਰਹੇ ਗੈਰਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵਿਚ ਮੌਜੂਦਾ ਵਿੱਤੀ ਵਰ੍ਹੇ ਦੌਰਾਨ 65 ਫੀ ਸਦੀ ਵਾਧਾ ਹੋਇਆ ਹੈ। ਦੂਜੇ ਪਾਸੇ ਦੱਖਣੀ ਬਾਰਡਰ ਰਾਹੀਂ ਮੌਜੂਦਾ ਵਿੱਤੀ ਵਰ੍ਹੇ ਦੌਰਾਨ 13 ਲੱਖ ਪ੍ਰਵਾਸੀ ਅਮਰੀਕਾ ਵਿਚ ਦਾਖਲ ਹੋ ਚੁੱਕੇ ਹਨ। ਇਕੱਲੇ ਜੂਨ ਮਹੀਨੇ ਦੌਰਾਨ 83 ਹਜ਼ਾਰ ਤੋਂ ਵੱਧ ਪ੍ਰਵਾਸੀਆਂ ਨੂੰ ਮੈਕਸੀਕੋ ਬਾਰਡਰ ਤੋਂ ਕਾਬੂ ਕੀਤਾ ਗਿਆ। ਅਮਰੀਕਾ ਦੇ ਦੱਖਣੀ ਬਾਰਡਰ 'ਤੇ ਰੋਜ਼ਾਨਾ ਕਾਬੂ ਕੀਤੇ ਜਾ ਰਹੇ ਪ੍ਰਵਾਸੀਆਂ ਦੀ ਔਸਤ ਗਿਣਤੀ ਢਾਈ ਹਜ਼ਾਰ ਦੱਸੀ ਜਾ ਰਹੀ ਹੈ ਅਤੇ ਰਾਸ਼ਟਰਪਤੀ ਜੋਅ ਬਾਇਡਨ ਦੇ ਸੱਤਾ ਸੰਭਾਲਣ ਮਗਰੋਂ ਪਹਿਲੀ ਵਾਰ ਇਕ ਮਹੀਨੇ ਦੌਰਾਨ ਰੋਕੇ ਪ੍ਰਵਾਸੀਆਂ ਦੀ ਗਿਣਤੀ ਐਨੇ ਹੇਠਲੇ ਪੱਧਰ 'ਤੇ ਆਈ ਹੈ।

ਬਾਇਡਨ ਸਰਕਾਰ ਵੱਲੋਂ ਬੀਤੀ 5 ਜੂਨ ਤੋਂ ਬਾਰਡਰ ਏਜੰਟਾਂ ਨੂੰ ਅਸਾਇਲਮ ਦੇ ਦਾਅਵੇ ਰੱਦ ਕਰਨ ਦਾ ਹੱਕ ਦਿਤਾ ਗਿਆ ਜਿਸ ਦਾ ਅਸਰ ਸਾਫ ਨਜ਼ਰ ਆਇਆ। ਦੱਸ ਦੇਈਏ ਕਿ ਚਾਰ ਸਾਲ ਪਹਿਲਾਂ ਸਤੰਬਰ 2020 ਵਿਚ 40,507 ਪ੍ਰਵਾਸੀਆਂ ਨੂੰ ਬਾਰਡਰ 'ਤੇ ਰੋਕਿਆ ਗਿਆ ਜੋ ਪਿਛਲੇ ਕੁਝ ਵਰ੍ਹਿਆਂ ਦਾ ਸਭ ਤੋਂ ਹੇਠਲਾ ਅੰਕੜਾ ਮੰਨਿਆ ਜਾ ਰਿਹਾ ਹੈ ਪਰ ਦਸੰਬਰ 2023 ਵਿਚ ਸਭ ਤੋਂ ਵੱਧ ਢਾਈ ਲੱਖ ਪ੍ਰਵਾਸੀਆਂ ਨੂੰ ਬਾਰਡਰ 'ਤੇ ਰੋਕਿਆ ਗਿਆ। ਨਵੰਬਰ ਵਿਚ ਹੋਣ ਵਾਲੀਆਂ ਆਮ ਚੋਣਾਂ ਦੇ ਮੱਦੇਨਜ਼ਰ ਨਾਜਾਇਜ਼ ਪ੍ਰਵਾਸ ਭਖਦਾ ਮੁੱਦਾ ਬਣਿਆ ਹੋਇਆ ਹੈ ਅਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੌਨਲਡ ਟਰੰਪ ਐਲਾਨ ਕਰ ਚੁੱਕੇ ਹਨ ਕਿ ਸੱਤਾ ਵਿਚ ਆਉਣ 'ਤੇ ਲੱਖਾਂ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰ ਦਿਤਾ ਜਾਵੇਗਾ। ਦੂਜੇ ਪਾਸੇ ਇੰਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਐਨੇ ਵੱਡੇ ਪੱਧਰ 'ਤੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨਾ ਸੰਭਵ ਹੀ ਨਹੀਂ। ਦੂਜੇ ਪਾਸੇ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਅਧਿਕਾਰੀਆਂ ਦਾ ਕਹਿਣਾ ਹੈ ਆਉਣ ਵਾਲੇ ਦਿਨਾਂ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਦੀ ਆਮਦ ਵਿਚ ਹੋਰ ਕਮੀ ਆ ਸਕਦੀ ਹੈ।

## ਟਰੰਪ ਦਾ ਅਰਲਿੰਗਟਨ ਦੌਰਾ ਸਿਆਸੀ ਸਟੰਟ: ਹੈਰਿਸ

ਵਾਸ਼ਿੰਗਟਨ : ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ 'ਅਰਲਿੰਗਟਨ ਨੈਸ਼ਨਲ ਸਿਮੇਟਰੀ' ਦੇ ਦੌਰੇ ਨੂੰ ਪਵਿੱਤਰ ਧਰਤੀ ਦਾ ਅਪਮਾਨ ਕਰਾਰ ਦਿੱਤਾ ਹੈ। ਟਰੰਪ ਨੇ ਸਿਮੇਟਰੀ 'ਚ ਚੋਣ ਪ੍ਰਚਾਰ ਗਤੀਵਿਧੀਆਂ 'ਤੇ ਪਾਬੰਦੀ ਲਾਗੂ ਹੋਣ ਦੇ ਬਾਵਜੂਦ ਉਥੇ ਤਸਵੀਰਾਂ ਖਿਚਵਾਈਆਂ ਅਤੇ ਉਨ੍ਹਾਂ ਨੂੰ ਪ੍ਰਕਾਸ਼ਿਤ ਕਰਵਾਇਆ। ਹੈਰਿਸ ਨੇ ਸ਼ਨਿਚਰਵਾਰ ਨੂੰ 'ਐਕਸ' 'ਤੇ ਇਕ ਪੋਸਟ 'ਚ ਉਨ੍ਹਾਂ ਖ਼ਬਰਾਂ ਦਾ ਹਵਾਲਾ ਦਿੱਤਾ ਜਿਨ੍ਹਾਂ 'ਚ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਦੀ ਚੋਣ ਪ੍ਰਚਾਰ ਟੀਮ ਨਾਲ ਜੁੜੇ ਲੋਕਾਂ ਨੇ ਕਬਰਿਸਤਾਨ ਦੇ ਇਕ ਮੁਲਾਜ਼ਮ ਨਾਲ ਝਗੜਾ ਕੀਤਾ ਅਤੇ ਅਫ਼ਗਾਨ ਜੰਗ 'ਚ ਜਾਨ ਗੁਆਉਣ ਵਾਲੇ ਫੌਜੀਆਂ ਦੀ ਯਾਦਗਾਰ ਨਾਲ ਜੁੜੇ ਨਿਯਮਾਂ ਬਾਰੇ ਚੇਤੇ ਕਰਵਾਏ ਜਾਣ ਦੇ ਬਾਵਜੂਦ ਕਬਰ ਕੋਲ ਟਰੰਪ ਦੀਆਂ ਤਸਵੀਰਾਂ ਖਿੱਚੀਆਂ ਅਤੇ ਵੀਡੀਓ



ਰਿਕਾਰਡ ਕੀਤੇ। ਉਨ੍ਹਾਂ ਕਿਹਾ ਕਿ ਸਾਬਕਾ ਰਾਸ਼ਟਰਪਤੀ ਨੇ ਸਿਆਸੀ ਲਾਹੇ ਲਈ ਪਵਿੱਤਰ ਧਰਤੀ ਦਾ ਅਪਮਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਟਰੰਪ ਅਜਿਹੇ ਵਿਅਕਤੀ ਹਨ ਜੋ ਆਪਣਾ ਹਿੱਤ ਦੇਖਣ ਤੋਂ ਇਲਾਵਾ ਕੁਝ ਵੀ ਨਹੀਂ ਸਮਝਦੇ ਹਨ।

## ਰੂਸ ਵਿੱਚ ਹੈਲੀਕਾਪਟਰ ਹਾਦਸੇ ਦੇ 22 ਮ੍ਰਿਤਕਾਂ ਦੀਆਂ ਲਾਸ਼ਾਂ ਬਰਾਮਦ

ਮਾਸਕੋ : ਰੂਸੀ ਹੰਗਾਮੀ ਸੇਵਾਵਾਂ ਬਾਰੇ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਦੇਸ਼ ਦੇ ਪੂਰਬਲੇ ਹਿੱਸੇ ਵਿਚ ਹਾਦਸਾਗ੍ਰਸਤ ਹੋਏ ਹੈਲੀਕਾਪਟਰ ਦੇ 22 ਮ੍ਰਿਤਕਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਹਨ। ਹਾਦਸਾ ਪੁਰਾਤਨ ਪ੍ਰਾਇਦੀਪ ਕਾਮਚਾਤਕਾ 'ਚ ਹੋਇਆ ਸੀ, ਜਿੱਥੇ ਬਹੁਤ ਸਾਰੇ ਜਵਾਲਾਮੁਖੀ ਹਨ। ਐੱਮਆਈ-8 ਹੈਲੀਕਾਪਟਰ, ਜਿਸ ਵਿਚ 19 ਯਾਤਰੀ ਤੇ ਅਮਲੇ ਦੇ ਤਿੰਨ ਮੈਂਬਰ ਸਵਾਰ ਸਨ, ਨੇ ਸ਼ਨਿੱਚਰਵਾਰ ਨੂੰ ਉਡਾਣ ਭਰੀ ਸੀ। ਹੈਲੀਕਾਪਟਰ ਇਕ ਜਵਾਲਾਮੁਖੀ ਦੇ ਕਾਫੀ ਨਜ਼ਦੀਕ ਗਿਆ ਸੀ, ਜਿਸ ਮਗਰੋਂ ਇਹ ਹਾਦਸਾਗ੍ਰਸਤ ਹੋ ਗਿਆ। ਰਾਹਤ ਤੇ ਬਚਾਅ ਕਾਰਜਾਂ



ਵਿਚ ਲੱਗੀ ਟੀਮ ਨੂੰ ਹੈਲੀਕਾਪਟਰ ਦਾ ਮਲਬਾ ਅਗਲੇ ਦਿਨ ਮਿਲਿਆ ਸੀ। ਰੂਸ ਦੀ ਸਰਕਾਰੀ ਖ਼ਬਰ ਏਜੰਸੀ ਰੀਆ ਨੋਵੋਸਤੀ ਨੇ ਐਮਰਜੈਂਸੀਜ਼ ਮੰਤਰਾਲੇ ਦੇ ਹਵਾਲੇ ਨਾਲ ਕਿਹਾ ਕਿ ਹਾਦਸਾ ਖ਼ਰਾਬ ਮੌਸਮ ਕਾਰਨ ਹੋਇਆ।


TRIPLE N BERRY FARM LTD

ਸਾਨੂੰ ਬੇਰੀ ਤੋੜਨ ਵਾਲੇ
ਵਰਕਰਾਂ ਦੀ ਲੋੜ ਹੈ।



- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਦਿੱਤੀ ਜਾਵੇਗੀ।
- ਫਾਰਮ ਸਾਫ਼ ਸੁਥਰੇ ਅਤੇ ਸਰੀ, ਕਲੌਵਰਡੇਲ ਅਤੇ ਰਿਚਮੰਡ ਵਿੱਚ ਹਨ।

-: ਸੰਪਰਕ ਕਰੋ :-
604-594-0616

# ਮਿੱਟੀ ਵਤਨਾਂ ਦੀ

ਲਿਖਤ : ਸ਼ਿੰਦਰ ਸਿੰਘ ਮੀਰਪੁਰੀ
ਸੰਪਰਕ : 559-285-0841



ਪਰਦੇਸੀਆਂ ਨੂੰ ਆਪਣੇ ਵਤਨ ਦਾ ਨਾਂ ਸੁਣਦਿਆਂ ਹੀ ਉਨ੍ਹਾਂ ਦੇ ਦਿਲ ਅੰਦਰ ਇੱਕ ਹੁਲਾਰਾ ਜਿਹਾ ਉਠ ਖੜ੍ਹਦਾ ਹੈ। ਸੋ ਗੱਲ ਕਰੀਏ ਪਰਦੇਸੀਆਂ ਦੀ ਜਿਨ੍ਹਾਂ ਨੇ ਬਾਹਰਲੇ ਮੁਲਕਾਂ ਵਿਚ ਰਹਿੰਦੇ ਹੋਏ ਵੀ ਆਪਣੇ ਦੇਸ਼ ਨੂੰ ਆਪਣੇ ਸੀਨੇ ਨਾਲੋਂ ਘੁੱਟ ਕੇ ਲਾ ਰੱਖਿਆ ਹੈ। ਅੱਜ ਬਾਹਰਲੇ ਮੁਲਕਾਂ ਦੀ ਹਾਲਤ ਭਾਵੇਂ ਕਿੱਥੋਂ ਕਿਥੇ ਪਹੁੰਚ ਚੁੱਕੀ ਹੋਵੇ। ਹਾਲਾਤ ਭਾਵੇਂ ਬਹੁਤੇ ਵਧੀਆ ਨਾ ਹੋਣ। ਪਰ ਉਸੇ ਸੰਦਰਭ ਵਿਚ ਵੇਖੀਏ ਤਾਂ ਆਪਣੇ ਵਤਨ ਦੀ ਯਾਦ ਆਉਣੀ ਲਾਜ਼ਮੀ ਹੋ ਜਾਂਦੀ ਹੈ, ਜਿੱਥੋਂ ਦੀਆਂ ਗਲੀਆਂ ਵਿਚ ਖੇਡ ਕੇ ਅਸੀਂ ਜ਼ਿੰਦਗੀ ਨੂੰ ਪ੍ਰਵਾਨ ਚੜ੍ਹੇ ਹੁੰਦੇ ਹਾਂ ਅਤੇ ਹੋਰ ਬਹੁਤ ਅਜਿਹੇ ਆਪਣੇ ਵਤਨ ਦੀ ਸਰਜ਼ਮੀਨ ’ਤੇ ਸਿਰਜਿਆ ਹੁੰਦਾ ਹੈ। ਉਹ ਗੱਲਾਂ ਅਕਸਰ ਸਾਡੇ ਚੇਤੇ ਵਿਚ ਆਉਂਦੀਆਂ ਰਹਿੰਦੀਆਂ ਹਨ ਕਿ ਸਾਡਾ ਵਤਨ ਇਸ ਤਰ੍ਹਾਂ ਦਾ ਸੀ। ਜਿੱਥੇ ਅਸੀਂ ਜੰਮੇ ਜਾਏ ਉਥੋਂ ਦੀਆਂ ਗਲੀਆਂ ਨੂੰ ਅਸੀਂ ਕਦੇ ਵੀ ਭੁਲਾ ਨਹੀਂ ਸਕਦੇ। ਜਿਹੜੇ ਪ੍ਰਦੇਸ਼ ਤੁਰ ਗਏ, ਉਨ੍ਹਾਂ ਦਾ ਮੁੜਨ ਦਾ ਕੋਈ ਨਾਮੋਂ-ਨਿਸ਼ਾਨ ਵੀ ਨਹੀਂ ਹੈ। ਪਰ ਆਪਣੇ ਵਤਨ ਦੀ ਮਿੱਟੀ ਹੁੰਦੀ ਹੀ ਐਸੀ ਹੈ, ਜਿਸ ਨੂੰ ਭੁੱਲਿਆ ਨਹੀਂ ਜਾ ਸਕਦਾ। ਛੋਟੇ-ਛੋਟੇ ਬੱਚੇ ਜਿਹੜੇ ਵਿਦੇਸ਼ਾਂ ਅੰਦਰ ਆਪਣੀ ਜ਼ਿੰਦਗੀ ਨੂੰ ਪ੍ਰਵਾਨ ਚੜ੍ਹਦੇ ਨੇ, ਉਹ ਵੀ ਬਹੁਤ ਔਖਾ ਹੁੰਦਾ ਹੈ ਹਰ ਇੱਕ ਨੂੰ ਆਪਣਾ ਜੀਵਨ ਬਸ਼ਰ ਕਰਨਾ। ਅੱਜ ਦਾ ਨੌਜਵਾਨ ਵਿਦੇਸ਼ੀ ਧਰਤੀ ਉਤੇ ਭਾਵੇਂ ਪਹੁੰਚ ਰਿਹਾ ਹੈ। ਪਰ ਇਹ ਵੀ ਸੱਚ ਹੈ ਕਿ ਉਥੇ ਉਸਦਾ ਹਾਲ ਬਹੁਤ ਮਾੜਾ ਹੈ। ਸਮੇਂ ਨੇ ਪੜ੍ਹਾਵੇ ਵਿਦਿਆਰਥੀਆਂ ਦੀਆਂ ਚੀਕਾਂ ਕਢਾ ਚੁੱਕੀਆਂ ਹਨ, ਮਾਪਿਆਂ ਵੱਲੋਂ ਆਪਣੀ ਔਲਾਦ ਦੀਆਂ ਫੀਸਾਂ ਭਰਨ ਦੇ ਲਈ ਜ਼ਮੀਨਾਂ ਵੇਚ ਕੇ ਆਪਣਾ ਪ੍ਰਬੰਧ ਜੁਗਾੜ ਕੀਤਾ ਜਾ ਰਿਹਾ ਹੈ। ਜਦੋਂ ਅਸੀਂ ਆਪਣੇ ਘਰ ਤੋਂ ਅਮਰੀਕਾ ਵਿਚ ਆਏ ਸੀ, ਤਾਂ ਪਹਿਲਾਂ ਮਨ ਦੇ ਵਿਚ ਇੱਕ ਚਾਅ ਸੀ ਕਿ ਅਸੀਂ ਬਾਹਰਲੇ ਮੁਲਕ ਨੂੰ ਜਾ ਰਹੇ ਹਾਂ, ਉਹ ਚਾਅ ਹੁਣ ਫਿੱਕਾ ਪੈ ਚੁੱਕਿਆ ਹੈ। ਅੱਜ ਦਾ ਨੌਜਵਾਨ ਵੱਡੇ ਪੱਧਰ ’ਤੇ ਪ੍ਰਵਾਸ ਕਰ ਰਿਹਾ ਹੈ ਪਰ ਉਨ੍ਹਾਂ ਦੇ ਪੱਲੇ ਕੁਝ ਵੀ ਨਹੀਂ ਬਚਦਾ। ਜਿਹੜੇ ਨੌਜਵਾਨ ਕੰਮ ਕਰਦੇ ਹਨ, ਉਨ੍ਹਾਂ ਦੀਆਂ ਫੀਸਾਂ ਭਰੀਆਂ ਜਾ ਰਹੀਆਂ ਹਨ। ਨੌਜਵਾਨੀ ਗਲਤ ਕੰਮਾਂ ਵਿਚ ਗ਼ਲਤਾਨ ਹੋ ਕੇ ਹੋਰਨਾਂ ਪਾਸੇ ਲੱਗ ਚੁੱਕੀ ਹੈ। ਕਤਲਾਂ ਦਾ ਬੋਲਬਾਲਾ ਹੋ ਚੁੱਕਿਆ ਹੈ। ਕਦੇ ਉਹ ਦਿਨ ਸਨ ਕਿ ਲੋਕ ਆਸਮਾਨ ਵਿਚ ਉਡਦੇ ਜਹਾਜ਼ ਨੂੰ ਵੇਖ ਕੇ ਆਪਣੇ ਮਨ ਅੰਦਰ ਹੌਕਾ ਲੈਂਦੇ ਸਨ ਕਿ ਕਦੇ ਅਸੀਂ ਵੀ ਇਸ ਜਹਾਜ਼ ਵਿਚ ਬੈਠਾਂਗੇ ਪਰ ਅੱਜ ਬਾਹਰਲੇ ਮੁਲਕਾਂ ਅੰਦਰ ਜੇਕਰ ਇਹ ਵੀ ਆਖ ਲਈਏ ਕਿ ਉਹ ਮਿੱਠੀ ਜੇਲ੍ਹ ਬਣ ਚੁੱਕੇ ਹਨ, ਤਾਂ ਵੀ ਕੁਝ ਗ਼ਲਤ ਨਹੀਂ ਹੋਵੇਗਾ। ਸੋ ਅਸੀਂ ਏਕ ਗੱਲ ਜ਼ਰੂਰ ਕਹਿਣਾ ਚਾਹੁੰਦੇ ਹਾਂ ਕਿ ਵਿਦੇਸ਼ੀ ਧਰਤੀ ’ਤੇ ਆਓ ਜ਼ਰੂਰ ਪਰ ਚੰਗਾ ਹੋਵੇ, ਜੇਕਰ ਪੜ੍ਹ-ਲਿਖ ਕੇ ਜਾਂ ਕਿਸੇ ਕੰਮ-ਧੰਦੇ ਨੂੰ ਅਪਣਾ ਕੇ ਵਿਦੇਸ਼ ਵਿਚ ਆਇਆ ਜਾਵੇ। ਕਿਉਂਕਿ ਜੇਕਰ ਅਸੀਂ ਵੇਖੋ-ਵੇਖੀ ਵਿਦੇਸ਼ੀ ਧਰਤੀ ’ਤੇ ਪਹੁੰਚ ਰਹੇ ਹਾਂ, ਤਾਂ ਉਹ ਵੀ ਕੋਈ ਬਹੁਤ ਵਧੀਆ ਗੱਲ ਨਹੀਂ ਹੈ। ਇੱਥੇ ਬਹੁਤ ਸਾਰੇ ਕਾਰੋਬਾਰ ਅਜਿਹੇ ਹਨ, ਜੋ ਫੇਲ ਹੋਣ ਦੀ ਕਗਾਰ ’ਤੇ ਪਹੁੰਚ ਚੁੱਕੇ ਹਨ ਅਤੇ ਬਹੁਤ ਸਾਰਿਆਂ ਨੂੰ ਸਰਕਾਰਾਂ ਨੇ ਵਿਸਾਰ ਦਿੱਤਾ ਹੈ। ਸਾਡੀ ਨੌਜਵਾਨੀ ਨਸ਼ੇ ਵਿਚ ਫਸ ਕੇ ਗਲਤ ਰਸਤਿਆਂ ’ਤੇ ਤੁਰ ਚੁੱਕੀ ਹੈ। ਬਹੁਤ ਸਾਰੇ ਪੰਜਾਬੀਆਂ ਦਾ ਨਾਂ ਨਸ਼ੇ ਦੇ ਮਾਮਲੇ ਵਿਚ ਆ ਗਿਆ ਹੈ ਅਤੇ ਬਹੁਤ ਸਾਰੇ ਜੇਲ੍ਹ ਵਿਚ ਜਾ ਚੁੱਕੇ ਹਨ। ਪੰਜਾਬ ਦੀ ਧਰਤੀ ’ਤੇ ਵੀ ਵੱਡੀ ਕਮਾਈ ਕੀਤੀ ਜਾ ਸਕਦੀ ਹੈ। ਪੰਜਾਬੀ ਕਦੇ ਵੀ ਰੋਟੀ ਤੋਂ ਭੁੱਖਾ ਨਹੀਂ ਮਰਦਾ। ਜ਼ਮੀਨ-ਜਾਇਦਾਦ ਉਸ ਨੂੰ ਰੋਟੀ ਤਾਂ ਦੇ ਦੇਵੇਗੀ ਪਰ ਸੁੱਖ-ਸਹੂਲਤਾਂ ਦੇ ਚੱਲਦਿਆਂ ਨੌਜਵਾਨ ਵਿਦੇਸ਼ਾਂ ਨੂੰ ਭੱਜ ਨਿਕਲਿਆ ਹੈ। ਉਸ ਦੀ ਦੌੜ ਕਿਤੇ ਨੇੜ ਭਵਿੱਖ ਵਿਚ ਵੀ ਪੂਰੀ ਹੁੰਦੀ ਵਿਖਾਈ ਨਹੀਂ ਦੇ ਰਹੀ। ਲੰਘੇ ਸਮੇਂ ਕੁਝ ਨੌਜਵਾਨ ਹੁੰਦੇ ਸਨ, ਜੋ ਵਿਦੇਸ਼ੀ ਧਰਤੀ ’ਤੇ ਜਾ ਕੇ ਬੈਠੇ ਸਨ। ਪਰ ਅੱਜ ਤਾਂ ਹਾਲਾਤ ਬਦਲ ਚੁੱਕੇ ਹਨ। ਪੰਜਾਬ ਦੇ ਹਰ ਪਿੰਡ ਵਿਚੋਂ ਨੌਜਵਾਨ ਕਾਫਲਿਆਂ ਦੇ ਰੂਪ ਵਿਚ ਵਿਦੇਸ਼ੀ ਧਰਤੀ ’ਤੇ ਜਾ ਰਹੇ ਹਨ, ਭਾਵੇਂ ਇਹ ਵਰਤਾਰਾ ਗ਼ਲਤ ਹੈ। ਪਿਛਲੇ ਦਿਨੀਂ ਇਹ ਜ਼ਰੂਰ ਵੇਖਿਆ ਸੀ ਕਿ ਕੁਝ ਨੌਜਵਾਨ ਵਾਪਸ ਪਰਤ ਕੇ ਪੰਜਾਬ ਆਏ ਹਨ। ਕੀ ਇਹ ਸੱਚ ਹੈ ਇਸ ਬਾਰੇ ਤਾਂ ਉਥੋਂ ਦਾ ਸਿਸਟਮ ਹੀ ਦੱਸ ਸਕਦਾ ਹੈ ਕਿ ਬਾਹਰਲੇ ਮੁਲਕਾਂ ਵਿਚ ਹੋ ਕੀ ਰਿਹਾ ਹੈ ਪਰ ਸੱਚ-ਸੱਚ ਹੈ ਅਤੇ ਝੂਠ-ਝੂਠ ਹੈ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ

ਲੇਡੀਜ਼ ਸੰਗੀਤ, ਜਾਗੋ, ਮਾਈਆਂ,
ਵਿਆਹ, ਜਨਮਦਿਨ ਜਾਂ ਹੋਰ
ਕਿਸੇ ਵੀ ਖੁਸ਼ੀ ਮੌਕੇ ‘ਤੇ
ਪਰਿਵਾਰਕ ਸੱਭਿਆਚਾਰਕ
ਪ੍ਰੋਗਰਾਮਾਂ ਲਈ ਸੰਪਰਕ ਕਰੋ
ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861


Keep Smiling
Denture Clinic
Keep Smiling Denture Clinic
Complete Denture | Implant Denture | Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ
ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ
ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ,
ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ
ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ
ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ
ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 778-600-0810
13117-67A Ave, Surrey, BC | 2644 Cyril St Abbotsford BC

ਸਫ਼ਾ 1 ਦਾ ਬਾਕੀ

**ਸੰਤ ਰਾਮ ਉਦਾਸੀ ਇੱਕ ਥਾਂ ਲਿਖਦੇ ਹਨ,**
**ਸਾਨੂੰ ਪਤਾ ਹੈ ਸਾਹਾਂ ਦਾ ਅੰਤ ਸਾਡਾ**
**ਹੋਣਾ ਨਹਿਰ ਜਾਂ ਕਿਸੇ ਡਰੇਨ ਦਾ ਪੁਲ।**
**ਮੇਰੀ ਅੰਮੀਏ, ਕੇਹਾ ਮੁਕਾਬਲਾ ਹੈ!**
**ਸੌ ਬੋਕ ਤੇ ਇੱਕ ਸਰੋਂ ਦਾ ਫੁੱਲ।**

ਆਪਣੇ ਬੋਲਾਂ 'ਤੇ ਖਰੇ ਉਤਰਦੇ ਸੰਤ ਰਾਮ ਉਦਾਸੀ ਦੀ ਲਾਸ਼ ਵੀ 1986 ਵਿਚ ਨਾਂਦੇੜ ਦੇ ਰੇਲਵੇ ਸਟੇਸ਼ਨ 'ਤੇ ਮਿਲਦੀ ਹੈ, ਪਰਿਵਾਰ ਦੇ ਲੱਖ ਕਹਿਣ 'ਤੇ ਵੀ ਸਰਕਾਰ ਲਾਸ਼ ਨਹੀਂ ਲਿਆਉਂਦੀ। ਇਵੇਂ ਹੀ ਜਸਵੰਤ ਸਿੰਘ ਖਾਲੜਾ 25 ਫਰਵਰੀ 1995 ਦੇ 'ਪੰਜਾਬੀ ਟ੍ਰਿਬਿਊਨ' ਵਿਚ ਇੱਕ ਪ੍ਰੈਸ ਨੋਟ ਵਿਚ ਆਪਣੇ ਮਾਰੇ ਜਾਣ ਦਾ ਖਦਸ਼ਾ ਪ੍ਰਗਟ ਕਰਦੇ ਹਨ। ਉਨ੍ਹਾਂ ਦੇ ਜਾਣ-ਪਛਾਣ ਵਾਲੇ ਦੱਸਦੇ ਨੇ, ਉਹ ਜਾਣਦਾ ਸੀ ਕਿ ਅਣਪਛਾਤੀਆਂ ਲਾਛਾਂ ਦੇ ਸਿਰਨਾਂਵੇਂ ਲੱਭਦਿਆਂ ਉਹਨੇ ਆਪ ਇੱਕ ਅਣਪਛਾਤੀ ਲਾਸ਼ ਬਣ ਜਾਣਾ ਏ।

ਆਪਣੀ ਮੌਤ ਬਾਰੇ ਇੰਜ ਲਿਖਣਾ ਜਾਂ ਬੋਲਣਾ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ। ਜਾਂ ਕਹਿ ਲਉ ਕਿ ਹਰ ਬੰਦਾ ਆਪਣੀ ਮੌਤ ਨਹੀਂ ਚੁਣ ਸਕਦਾ। ਮਰਨਾ ਹਰੇਕ ਨੇ ਹੈ, ਚੁੱਪ ਰਹਿਣ ਵਾਲਿਆਂ ਨੇ ਵੀ, ਅਣਜਾਣਾਂ ਨੇ ਵੀ ਅਤੇ ਸਿਰਫ ਆਪਣੇ ਵਾਸਤੇ ਜਿਉਣ ਵਾਲਿਆਂ ਨੇ ਵੀ ਮਰ ਹੀ ਜਾਣਾ ਹੈ, ਪਰ ਆਪਣੀ ਮੌਤ ਚੁਣ ਸਕਣਾ ਹਰ ਕਿਸੇ ਦੇ ਹਿੱਸੇ ਨਹੀਂ ਆ ਸਕਦਾ। ਜੋ ਲੋਕ ਆਪਣੀ ਜ਼ਿੰਦਗੀ ਆਪਣੇ ਅਕੀਦਿਆਂ 'ਤੇ ਚੁਣਨਾ ਜਾਣਦੇ ਹਨ, ਉਹ ਜ਼ਿੰਦਗੀ ਦੇ ਮੁੱਢਲੇ ਸਫਰਾਂ ਵਿਚ ਹੀ ਇਹਦਾ ਅੰਤ ਵੀ ਦੇਖ ਰਹੇ ਹੁੰਦੇ ਹਨ। ਵੈਸੇ ਕਿਸੇ ਅਜਿਹੇ ਦੌਰ ਵਿਚ ਬਹਾਦਰ ਬਣਨਾ ਬੜਾ ਸੌਖਾ ਹੁੰਦਾ, ਜਦੋਂ ਜਿੱਤ ਦੀ ਆਸ ਹੋਵੇ ਜਾਂ ਬਚਣ ਦੀ ਆਸ ਹੋਵੇ, ਮੌਤ ਬਾਰੇ ਪਤਾ ਹੁੰਦਿਆਂ ਵੀ ਬਹਾਦਰ ਬਣਨਾ ਇਹ ਅਸਲ ਚੁਣੌਤੀ ਹੁੰਦੀ ਹੈ।

ਕੈਨੇਡਾ ਦੇ ਇੱਕ ਭਾਸ਼ਣ ਵਿਚ ਜਸਵੰਤ ਸਿੰਘ ਖਾਲੜਾ ਇੱਕ ਲਘੂ ਕਥਾ ਸੁਣਾਉਂਦੇ ਹਨ, ''ਜਦ ਸੂਰਜ ਪਹਿਲੀ ਵਾਰ ਅਸਤਨ ਲੱਗਾ ਤਾਂ ਜਿਉਂ ਜਿਉਂ ਉਹ ਆਪਣਾ ਪੰਧ ਮੁਕਾ ਰਿਹਾ ਸੀ, ਚਾਨਣ ਘਟ ਰਿਹਾ ਸੀ, ਹਨੇਰੇ ਦੀ ਆਮਦ ਦੇ ਨਿਸ਼ਾਨ ਪ੍ਰਗਟ ਹੋ ਰਹੇ ਸਨ। ਕਹਿੰਦੇ ਆ ਲੋਕਾਂ 'ਚ ਹਾਹਾਕਾਰ ਮੱਚ ਰਹੀ ਸੀ ਕਿ ਸੂਰਜ ਛਿਪ ਜਾਊਗਾ, ਹਨੇਰਾ ਪੱਸਰ ਜਾਊਗਾ, ਕਿਸੇ ਨੂੰ ਕੁਝ ਦਿਸੂ ਨਾ, ਤੇ ਸਾਡਾ ਕੀ ਬਣੂਗਾ। ਦੁਨੀਆਂ ਫਿਕਰਮੰਦ ਸੀ। ਪਰ ਸੂਰਜ ਅਸਤਿਆ, ਹਨੇਰੇ ਨੇ ਆਪਣਾ ਜੋਰ ਵਿਖਾਉਣ ਲਈ ਧਰਤੀ 'ਤੇ ਪੈਰ ਪਾਇਆ। ਪਰ ਕਹਿੰਦੇ ਆ ਕਿ ਦੂਰ ਕਿਸੇ ਝੌਂਪੜੀ 'ਚੋਂ ਇੱਕ ਦੀਪਕ ਨੇ ਸਿਰ ਚੁੱਕਿਆ, ਉਹਨੇ ਕਿਹਾ ਮੈਂ ਹਨੇਰੇ ਨੂੰ ਚੈਲੇਂਜ ਕਰਦਾਂ। ਹੋਰ ਕੁਝ ਨਹੀਂ ਤਾਂ ਆਪਣੇ ਆਲੇ-ਦੁਆਲੇ ਤਾਂ ਇਸ ਨੂੰ ਆਉਣ ਨਹੀਂ ਦਿਆਂਗਾ, ਆਪਣੇ ਆਲੇ-ਦੁਆਲੇ ਤਾਂ ਚਾਨਣ ਕਾਇਮ ਕਰਾਂਗਾ। ਉਸ ਦੀਪਕ ਨੂੰ ਦੇਖ ਕੇ ਕਹਿੰਦੇ ਆ ਕਿ ਹਰ ਝੁੱਗੀ ਝੌਂਪੜੀ ਵਿਚ ਇੱਕ ਦੀਪਕ ਉਠਿਆ ਤੇ ਦੁਨੀਆਂ ਹੈਰਾਨ ਰਹਿ ਗਈ ਕਿ ਇਨ੍ਹਾਂ ਦੀਪਕਾਂ ਨੇ ਹਨੇਰੇ ਨੂੰ ਪਸਰਨੋਂ ਰੋਕਿਆ ਤੇ ਦੁਨੀਆਂ ਦੇਖ ਸਕੀ। ਮੈਂ ਸਮਝਦਾਂ ਕਿ ਅੱਜ ਜਦੋਂ ਇੱਕ ਹਨੇਰਾ ਪੂਰੇ ਜੋਰ ਦੇ ਨਾਲ ਸੱਚ ਉਤੇ ਫਤਿਹ ਪਾਉਣ ਲਈ ਲਲਕਾਰ ਰਿਹਾ ਤਾਂ ਹੋਰ ਕੁਝ ਨਹੀਂ ਤਾਂ ਮੈਂ ਕਹੂੰਗਾ ਕਿ ਅਣਖੀਲਾ ਪੰਜਾਬ ਇੱਕ ਦੀਪਕ ਦੀ ਤਰ੍ਹਾਂ ਇਸ ਨੂੰ ਚੈਲੇਂਜ ਕਰ ਰਿਹਾ, ਮੈਂ ਅਰਦਾਸ ਕਰਦਾਂ ਸਤਿਗੁਰੂ ਇਸ ਨੂੰ ਜਗਦਾ ਰੱਖੇ।''

ਇਸੇ ਤਕਰੀਰ ਵਿਚ ਉਹ ਅੱਗੇ ਕਹਿੰਦੇ ਹਨ, ''ਮੈਂ ਕੋਈ ਸਿਆਸੀ ਲੀਡਰ ਨਹੀਂ, ਮੈ ਤਾਂ ਮਨੁੱਖੀ ਅਧਿਕਾਰ ਕਾਰਕੁਨ ਹਾਂ, ਖਾਲਸਾ ਹੋਰਾਂ ਦੇ ਮਨੁੱਖੀ ਅਧਿਕਾਰ ਬਚਾਉਣ ਲਈ ਸਾਜਿਆ ਗਿਆ ਸੀ ਤੇ ਜੇ ਅਸੀਂ ਅੱਜ ਆਪਣੇ ਮਨੁੱਖੀ ਅਧਿਕਾਰ ਹੀ ਨਾ ਬਚਾ ਸਕੇ ਤਾਂ ਦੁਨੀਆਂ ਵਿਚ ਤੁਸੀਂ ਖਾਲਸੇ ਨੂੰ ਪ੍ਰਭਾਸ਼ਿਤ ਨਹੀਂ ਕਰ ਸਕੋਗੇ।''

ਜਸਵੰਤ ਸਿੰਘ ਖਾਲੜਾ ਬਾਰੇ ਬਹੁਤੇ ਪੰਜਾਬੀਆਂ ਨੂੰ, ਸਮੇਤ ਮੇਰੇ, ਉਦੋਂ ਪਤਾ ਲੱਗਿਆ ਸੀ, ਜਦੋਂ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਬੀਬੀ ਖਾਲੜਾ ਚੋਣ ਮੈਦਾਨ ਵਿਚ ਉਤਰੇ ਸਨ। 1990ਵਿਆਂ ਵਿਚ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਵਕੀਲ ਨੀਤੀਆ ਰਾਮਾਕ੍ਰਿਸ਼ਨਾ ਇੱਕ ਥਾਂ ਆਖਦੇ ਹਨ, ''ਪੰਜਾਬ ਵਿਚ ਹਾਲਾਤ ਇਹ ਹੋ ਗਏ ਹਨ ਕਿ ਜੇ ਤੁਸੀਂ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੇ ਹੋ ਤੁਹਾਨੂੰ ਅਤਿਵਾਦੀ ਕਿਹਾ ਜਾਂਦਾ ਹੈ।'' ਪੰਜਾਬ ਦੇ ਪੁਲਿਸ ਮੁਖੀ ਅਫਸਰ ਕੇ. ਪੀ. ਐਸ ਗਿੱਲ (ਮਰਹੂਮ) 'ਤੇ ਜਦੋਂ ਝੂਠੇ ਮੁਕਾਬਲਿਆਂ ਦੇ ਦੋਸ਼ ਲੱਗਦੇ ਹਨ ਤਾਂ ਉਹ ਇੱਕ ਪ੍ਰੈਸ ਕਾਨਫਰੰਸ ਕਰਦਾ ਹੈ ਤੇ ਆਖਦਾ ਹੈ, ''ਇਹ ਜਿੰਨੇ ਵੀ ਮਨੁੱਖੀ ਅਧਿਕਾਰਾਂ ਦੇ ਝੰਡਾਬਰਦਾਰ ਬਣੇ ਫਿਰਦੇ ਹਨ, ਇਹ ਪ੍ਰਾਪੇਗੰਡਾ ਕਰ ਰਹੇ ਹਨ।''

# ਲਾਵਾਰਿਸਾਂ ਦੇ ਵਾਰਿਸ ਨੂੰ ਜਾਣਦਿਆਂ



ਜਸਵੰਤ ਸਿੰਘ ਖਾਲੜਾ ਕੌਣ ਸੀ? ਵਿਕੀਪੀਡੀਆ ਛੋਟੀ ਜਿਹੀ ਟਿੱਪਣੀ ਦਿੰਦਾ ਹੈ, ''ਉਹ ਸਿੱਖਾਂ ਦਾ ਮਨੁੱਖੀ ਅਧਿਕਾਰ ਕਾਰਕੁਨ ਸੀ।'' ਇਹ ਟਿੱਪਣੀ ਬਹੁਤ ਸਟੀਕ ਹੈ। ਮਨੁੱਖੀ ਅਧਿਕਾਰ ਕਾਰਕੁਨ ਹੋਣਾ ਅਤੇ ਸਿੱਖਾਂ ਦਾ ਮਨੁੱਖੀ ਅਧਿਕਾਰ ਕਾਰਕੁਨ ਹੋਣਾ, ਫਰਕ ਤਾਂ ਦਿਖਦਾ ਹੈ। ਜਸਵੰਤ ਸਿੰਘ ਖਾਲੜਾ 1990 ਪਿਛੋਂ ਇੰਗਲੈਂਡ ਤੋਂ ਆਏ ਇੱਥੇ ਇੱਕ ਬੈਂਕ ਵਿਚ ਨੌਕਰੀ ਕਰ ਰਹੇ ਸਨ। ਬੀਬੀ ਖਾਲੜਾ ਯੂਨੀਵਰਸਿਟੀ ਵਿਚ ਸੇਵਾਵਾਂ ਨਿਭਾ ਰਹੇ ਸਨ। ਕੀ ਲੋੜ ਸੀ? ਜ਼ਿਆਦਾ ਹੀ ਕੁਝ ਸੀ ਤਾਂ ਛੋਟੀਆਂ ਮੋਟੀਆਂ ਟਿੱਪਣੀਆਂ ਕਰਦੇ ਰਹਿੰਦੇ, ਹੋਰ ਨਹੀਂ ਤਾਂ ਹੁਣ ਤੱਕ 'ਕਾਲਮ ਨਵੀਸ' ਤਾਂ ਬਣ ਹੀ ਜਾਂਦੇ। ਪਰ ਪਤਾ ਨਹੀਂ ਕਿਉਂ?ਸ਼ ਚਲੋ ਛੱਡੋ, ਹੋਇਆ ਇੰਜ ਕਿ ਜਸਵੰਤ ਸਿੰਘ ਖਾਲੜਾ ਬੈਂਕ ਵਿਚ ਡਾਇਰੈਕਟਰ ਸਨ। ਉਨ੍ਹਾਂ ਦੇ ਦੋ ਸਹਿ-ਕਰਮੀ ਲਾਪਤਾ ਹੋ ਗਏ। ਉਨ੍ਹਾਂ ਦਾ ਪਤਾ ਭਾਲਦਿਆਂ ਉਥੋਂ ਦੀਆਂ ਮੜੀਆਂ ਤੱਕ ਪਹੁੰਚੇ। ਮੜੀਆਂ 'ਚ ਜਾ ਕੇ ਪਤਾ ਲੱਗਾ ਕਿ ਇੱਥੇ ਤਾਂ ਰੋਜ਼ ਕਈ ਡੋਲੇ ਉਤਰਦੇ ਹਨ, ਤੁਸੀਂ ਕਿਹੜੇ ਦੀ ਰਾਖ ਭਾਲਦੇ ਹੋ? ਹਾਲਾਤ ਦਾ ਮੋਟਾ ਮੋਟਾ ਅੰਦਾਜ਼ਾ ਲੱਗ ਗਿਆ ਸੀ, ਪਰ ਬਿਨਾ ਕਿਸੇ ਤੱਥਾਂ, ਅੰਕੜਿਆਂ ਤੋਂ ਇਹ ਸਾਬਿਤ ਕਰਨਾ ਔਖਾ ਸੀ। ਆਖਿਰਕਾਰ ਉਨ੍ਹਾਂ ਨੂੰ ਪਤਾ ਲੱਗਾ ਕਿ ਅਣਪਛਾਤੀਆਂ ਲਾਸ਼ਾਂ ਦਾ ਖਰਚਾ ਮਿਊਂਸਿਪਲ ਕਮੇਟੀ ਚੁੱਕਦੀ ਹੈ, ਮਿਊਂਸਿਪਲ ਕਮੇਟੀ ਤੋਂ ਲੱਕੜਾਂ ਦਾ ਹਿਸਾਬ ਦੇਖਿਆ ਤਾਂ ਪਤਾ ਲੱਗਾ ਕਿ ਸਿਰਫ ਤਿੰਨ ਸ਼ਮਸ਼ਾਨ ਘਾਟਾਂ ਵਿਚ 6017 ਲਾਸ਼ਾਂ ਲਾਵਾਰਿਸ ਆਈਆਂ ਸਨ। 6017 ਲੋਕ ਤਿੰਨ ਸ਼ਮਸਾਨ ਘਾਟਾਂ ਵਿਚ ਸਨ, ਪੂਰੇ ਪੰਜਾਬ ਵਿਚ ਕਿੰਨੇ ਹੋਣਗੇ? ਕੁਝ ਹੋਰ ਥਾਂਈਂ ਤਫਤੀਸ਼ ਦੌਰਾਨ ਪਤਾ ਲੱਗਾ ਕਿ ਕੁੱਲ 25,000 ਲਾਸ਼ਾਂ ਸਨ, ਜਿਨ੍ਹਾਂ ਵਿਚ ਔਰਤਾਂ ਅਤੇ ਬੱਚੇ ਵੀ ਸ਼ਾਮਿਲ ਸਨ। ਉਨ੍ਹਾਂ ਨੇ ਇਸ ਬਾਰੇ ਜਦੋਂ ਹਾਈਕੋਰਟ ਅਪੀਲ ਕੀਤੀ ਤਾਂ ਹਾਈਕੋਰਟ ਨੇ ਇਹ ਕਹਿ ਕੇ ਖਾਰਿਜ ਕਰ ਦਿੱਤੀ ਕਿ ਇਹ 'ਪਬਲਿਕ ਇੰਟਰਸਟ ਲਿਟਿਗੇਸ਼ਨ' ਨਹੀਂ ਬਣਦਾ ਯਾਨਿ ਲੋਕ ਹਿੱਤ ਮੁਕੱਦਮਾ ਨਹੀਂ ਬਣਦਾ। ਇਹਦੇ ਲਈ ਲਾਸ਼ਾਂ ਦੇ ਵਾਰਿਸ ਆਪ ਆਉਣ।

1993 ਵਿਚ ਲੁਧਿਆਣੇ ਔਰਤ ਦਿਵਸ 'ਤੇ ਬੋਲਦਿਆਂ ਖਾਲੜਾ ਇੱਕ ਵਿਥਿਆ ਸੁਣਾਉਂਦੇ ਹਨ, ''ਗੁਰਬਚਨ ਸਿੰਘ ਦੀ ਮਾਤਾ ਗੁਰਮੇਜ਼ ਕੌਰ ਦੀ ਵਿੱਥਿਆ ਇੱਕ ਦਿਨ ਜਦੋਂ ਆਪਣੇ ਘਰੋਂ ਬੇਘਰ ਰੁਲ ਰਹੀ ਸੀ ਤਾਂ ਉਸ ਨੂੰ ਕਿਸੇ ਨੇ ਦੱਸਿਆ ਕਿ ਉਹਦਾ ਪੁੱਤ ਚਲ ਵਸਿਆ, ਨੁਸ਼ਹਿਰੇ ਪੰਨੂਆਂ ਵਿਚ ਕੋਈ ਘਰ ਵੈਣ ਪਾਉਣ ਨੂੰ ਉਸ ਨੂੰ ਇਜਾਜ਼ਤ ਨਹੀਂ ਸੀ ਦਿੰਦਾ ਤਾਂ ਕੁਦਰਤੀ ਅਸੀਂ ਉਥੇ ਗਏ ਸੀ, ਆਪਣੀ ਭੈਣ ਦੇ ਘਰ। ਉਥੇ ਰਾਤ ਨੂੰ ਦਰਵਾਜਾ ਖੜਕਿਆ ਤੇ ਮਾਤਾ ਅੰਦਰ ਆਈ ਤੇ ਕਿਹਾ ਬੀਬੀ ਮੈਨੂੰ ਅੰਦਰ ਵੜ ਕੇ ਰੋ ਲੈਣ ਦੇ, ਮੇਰਾ ਪੁੱਤ ਮਰਿਆ ਹੈ।'' ਇਹ ਕਹਿੰਦਿਆਂ ਖਾਲੜਾ ਦੀ ਅਵਾਜ਼ ਥਿੜਕ ਰਹੀ ਸੀ।

25,000 ਲਾਸ਼ਾਂ ਦਾ ਵਾਰਿਸ ਕੌਣ ਸੀ? ਕੌਣ ਬਚਿਆ ਸੀ, ਜੋ ਸਿਵਿਆਂ 'ਚੋਂ ਸਵਾਹ ਫੋਲ ਫੋਲ ਕੇ ਢਿੱਡ ਨਾਲ ਲਾਉਂਦਾ ਕਿ ਇਹ ਮੇਰਾ ਵਾਰਿਸ ਹੈ। ਕਿੰਨੀਆਂ ਹੀ ਮਾਂਵਾਂ ਉਡੀਕ ਰਹੀਆਂ ਸਨ ਕਿ ਉਨ੍ਹਾਂ ਦੇ ਪੁੱਤਾਂ ਦਾ ਜਿਉਣ ਮਰਨ ਦਾ ਕੋਈ ਸੁਨੇਹਾ ਆਵੇ। ਕੇ. ਪੀ. ਐਸ਼ ਗਿੱਲ ਕਹਿ ਰਿਹਾ ਸੀ ਕਿ ਇਹ ਸਭ ਗੁੰਮਸ਼ੁਦਾ ਲੋਕ ਕੈਨੇਡਾ, ਅਮਰੀਕਾ, ਯੂਰਪ ਭੱਜ ਗਏ ਹਨ। ਜਸਵੰਤ ਸਿੰਘ ਖਾਲੜਾ ਦਾ ਗੁਨਾਹ ਸੀ ਕਿ ਉਹ 25,000 ਲਵਾਰਿਸਾਂ ਦਾ ਵਾਰਿਸ ਬਣ ਰਿਹਾ ਸੀ, ਤੇ ਅੰਦਰ ਵੜ ਕੇ ਰੋਣ ਦੀ ਥਾਂ ਦੁਨੀਆਂ ਭਰ ਵਿਚ ਇਨ੍ਹਾਂ ਜ਼ਰਵਾਣਿਆਂ ਦੀਆਂ ਕਰਤੂਤਾਂ ਦੱਸ ਰਿਹਾ ਸੀ।

ਜਦੋਂ ਇਨ੍ਹਾਂ ਖਬਰਾਂ ਨੇ ਪੁਲਿਸ ਪ੍ਰਸ਼ਾਸਨ ਨੂੰ ਕਟਹਿਰੇ ਵਿਚ ਲਿਆ ਖੜਾ ਕੀਤਾ ਹੋਇਆ ਸੀ, ਉਦੋਂ ਖਾਲੜਾ ਨੂੰ ਧਮਕੀਆਂ ਮਿਲ ਰਹੀਆਂ ਸਨ, ਕਹਿ ਰਹੇ ਸਨ ਕਿ 25,000 'ਚ ਜੇ ਇੱਕ ਹੋਰ ਜੁੜ ਜਾਵੇ ਤਾਂ ਕੋਈ ਫਰਕ ਪੈ ਸਕਦਾ ਭਲਾ? ਇੰਜ ਹੀ ਹੋਇਆ, ਖਾਲੜਾ ਨੂੰ ਉਨ੍ਹਾਂ ਦੇ ਘਰ ਦੇ ਬਾਹਰ ਗੱਡੀ ਧੋਂਦਿਆਂ ਪੁਲਿਸ ਨੇ ਚੁੱਕ ਲਿਆ। ਜੋ ਹੁਣ ਬਹੁਤੀ ਥਾਂਵੇਂ ਕਥਿਤ ਤੌਰ 'ਤੇ ਹੀ ਲਿਖਿਆ ਆਉਂਦਾ ਹੈ, ਕਿਉਂਕਿ ਪੁਲਿਸ ਨੇ ਕਿਤੇ ਵੀ ਇਹ ਮੰਨਿਆ ਨਹੀਂ। ਮੈਂ ਵੀ ਸ਼ਾਇਦ ਹੁਣ ਕਥਿਤ ਤੌਰ ਜਾਂ ਸ਼ੱਕ ਸ਼ੰਸਿਆਂ ਵਿਚ ਲਿਖਦਾ, ਜੇ 3 ਸਾਲ ਬਾਅਦ ਕੁਲਦੀਪ ਸਿੰਘ ਬਚੜੇ ਦਾ ਬਿਆਨ ਨਾ ਆ ਜਾਂਦਾ। 1998 ਵਿਚ ਝਬਾਲ ਠਾਣੇ ਦੇ ਐਸ਼ ਐਚ. ਓ. ਰਹੇ ਸਤਨਾਮ ਸਿੰਘ ਦੇ ਗੰਨਮੈਨ ਨੇ ਦੱਸਿਆ ਕਿ ਜਸਵੰਤ ਸਿੰਘ ਖਾਲੜੇ ਨੂੰ ਪੁਲਿਸ ਨੇ ਝਬਾਲ ਠਾਣੇ ਰੱਖਿਆ ਸੀ ਅਤੇ ਲਾਸ਼ ਹਰੀਕੇ ਦਰਿਆ ਵਿਚ ਸੁੱਟ ਦਿੱਤੀ ਸੀ। ਗਵਾਚਿਆਂ ਨੂੰ ਭਾਲਦਾ ਇੱਕ ਦੀਪਕ ਹਨੇਰੇ ਵਿਚ ਉਚਾ ਉਠਿਆ, ਬਾਕੀ ਦੀਪਕਾਂ ਦੀ ਝਾਕ ਵਿਚ ਤਾਰਾ ਬਣ ਗਿਆ।

ਜਸਵੰਤ ਸਿੰਘ ਖਾਲੜਾ ਗਵਾਚ ਗਿਆ, ਅਦਾਲਤੀ ਕਾਰਵਾਈਆਂ ਚੱਲੀਆਂ। 2005 ਵਿਚ 'ਇਨਸਾਫ' ਹੋ ਗਿਆ। ਉਸ ਇਨਸਾਫ ਨੂੰ ਖਾਲੜਾ ਪਰਿਵਾਰ ਅਤੇ ਜਥੇਬੰਦੀਆਂ ਨੇ ਮੁੜ ਮੁੜ ਚੈਲੇਂਜ ਕੀਤਾ। ਅੱਜ ਜਦੋਂ ਖਾਲੜਾ ਜਾਂ ਅਜਿਹੇ ਹੋਰ ਮਨੁੱਖੀ ਅਧਿਕਾਰ ਕਾਰਕੁਨ ਸਿਰਫ ਖਾਸ ਧਿਰਾਂ ਨੂੰ ਹੀ ਯਾਦ ਆਉਂਦੇ ਹਨ, ਤਾਂ ਮੈਨੂੰ ਵਾਲਤੇਅਰ ਯਾਦ ਆਉਂਦਾ ਹੈ, ''ਭਾਵੇਂ ਮੈਂ ਤੁਹਾਡੀ ਗੱਲ ਨਾਲ ਸਹਿਮਤ ਨਾ ਵੀ ਹੋਵਾਂ, ਪਰ ਤੁਸੀਂ ਆਪਣੀ ਗੱਲ ਕਹਿ ਸਕੋ, ਇਸ ਲਈ ਮੈਂ ਜਾਨ ਵੀ ਦੇ ਸਕਦਾ ਹਾਂ।'' ਸਿਆਸੀ ਤੌਰ 'ਤੇ ਖਾਲੜਾ ਆਧੁਨਿਕ ਸਰਮਾਏਦਾਰੀ ਅਤੇ ਮਾਰਕਸਵਾਦ-ਦੋਹਾਂ ਦੇ ਹੀ ਵਿਰੋਧੀ ਸਨ, ਉਹ ਕਿਸੇ ਧਾਰਮਿਕ ਰਾਜ ਦੀ ਕਲਪਨਾ ਕਰਦੇ ਸਨ, ਪਰ ਇਹ ਲੇਖ ਲਿਖਣ ਦਾ ਸਵਾਲ ਇਹ ਹੈ ਹੀ ਨਹੀਂ। ਆਪਣੇ ਓਟਾਵਾ ਦੇ ਭਾਸ਼ਣ ਵਿਚ ਉਹ ਇੱਕ ਥਾਂ ਕਹਿੰਦੇ ਹਨ, ''ਤੁਸੀਂ ਸਾਡੇ ਨਾਲ ਸਿਆਸੀ ਤੌਰ 'ਤੇ ਮਤਭੇਦ ਰੱਖ ਸਕਦੇ ਹੋ, ਵੱਖਰੇ ਹੋ ਸਕਦੇ ਹੋ, ਪਰ ਘੱਟੋ ਘੱਟ ਸਾਡੇ ਮੌਲਿਕ ਹੱਕਾਂ ਲਈ ਸਾਡੇ ਨਾਲ ਖੜੇ ਹੋਵੋ। ਇੱਕ ਤਾਂ ਸਾਨੂੰ ਸਾਡਾ ਧਰਮ ਆਜ਼ਾਦੀ ਨਾਲ ਮੰਨਣ ਦਾ ਹੱਕ, ਦੂਜਾ ਸਾਨੂੰ ਵਿਚਾਰ ਪ੍ਰਗਟਾਉਣ ਦਾ ਹੱਕ।''

ਆਪਣੇ ਉਸੇ ਭਾਸ਼ਣ ਵਿਚ ਉਹ ਕਹਿੰਦੇ ਹਨ, ''ਭਾਰਤ ਨੇ ਮਿਜ਼ੋਰਮ, ਨਾਗਾਲੈਂਡ, ਕਸ਼ਮੀਰ ਤੇ ਪੰਜਾਬ ਵਿਚ ਫੌਜਾਂ ਚਾੜ੍ਹ ਕੇ ਇਨ੍ਹਾਂ ਸੂਬਿਆਂ ਦੀ ਸਵੈ-ਨਿਰਣੈ ਦੀ ਮੰਗ ਨੂੰ ਕੁਚਲਿਆ ਹੈ। ਉਹ ਮੰਗ, ਜੋ ਕਾਨੂੰਨੀ ਹੈ ਅਤੇ ਭਾਰਤ ਸਰਕਾਰ ਨੇ ਆਪਣੇ ਹੀ ਬਣਾਏ ਹੋਏ ਕਾਨੂੰਨਾਂ ਨੂੰ ਇਨ੍ਹਾਂ ਸੂਬਿਆਂ ਵਿਚ ਛਿੱਕੇ ਟੰਗ ਰੱਖਿਆ ਹੈ।''

ਮਿਜ਼ੋਰਮ, ਨਾਗਾਲੈਂਡ, ਕਸ਼ਮੀਰ, ਜਸਵੰਤ ਸਿੰਘ ਖਾਲੜਾ ਤੇ ਸੰਤ ਰਾਮ ਉਦਾਸੀ ਸਾਰੇ ਵੱਖੋ-ਵੱਖਰੀਆਂ ਲੀਹਾਂ 'ਤੇ ਸਨ, ਪਰ ਸਭ ਦਾ ਹਸ਼ਰ ਇੱਕੋ ਜਿਹਾ ਦਿਖਦਾ ਹੈ। ਸੱਤਾ ਦਾ ਕਿਰਦਾਰ ਸਭ ਲਈ ਇੱਕੋ ਜਿਹਾ ਦਿਖਦਾ ਹੈ। ਸੱਤਾ ਨੇ ਇਨ੍ਹਾਂ ਸਾਰਿਆਂ ਦੇ ਫਰਕ ਨੂੰ ਉਘਾੜ ਕੇ ਆਪਣੇ ਹਿੱਤਾਂ ਲਈ ਵੇਲੇ-ਕੁਵੇਲੇ ਵਰਤਿਆ ਵੀ ਤੇ ਹੁਣ ਵੀ ਵਰਤ ਲੈਂਦੇ ਹਨ, ਪਰ ਸਾਡੀ ਪੀੜ੍ਹੀ ਦੀ ਇਹ ਚੁਣੌਤੀ ਹੋਵੇਗੀ ਕਿ ਅਸੀਂ ਆਪਣੀਆਂ ਸਾਂਝਾਂ ਕਿੱਥੋਂ ਪਛਾਣੀਏ, ਕਿਹੜੇ ਧਰਾਤਲ 'ਤੇ ਖੜੇ ਹੋ ਕੇ ਅਸੀਂ ਇੱਕ ਦੂਜੇ ਦਾ ਦਰਦ ਮਹਿਸੂਸ ਕਰੀਏ। ਖੈਰ, ਜਸਵੰਤ ਸਿੰਘ ਖਾਲੜਾ ਨੇ ਜਿਨ੍ਹਾਂ ਲਾਵਾਰਿਸ ਲੋਕਾਂ ਦਾ ਮੁੱਦਾ ਚੁੱਕਿਆ ਸੀ, ਬਾਅਦ ਵਿਚ ਸੁਪਰੀਮ ਕੋਰਟ ਨੇ ਮਨੁੱਖੀ ਅਧਿਕਾਰ ਕਮਿਸ਼ਨ ਬਣਾ ਕੇ ਉਹਦੀ ਜਾਂਚ ਕਰਨ ਨੂੰ ਕਿਹਾ। ਉਨ੍ਹਾਂ ਸਿਰਫ ਅਮ੍ਰਿਤਸਰ ਜਿਲੇ ਵਿਚ ਹੀ ਜਾਂਚ ਕੀਤੀ ਤੇ ਪੀੜਤਾਂ ਨੂੰ ਨਗਦ ਰਾਸ਼ੀ ਦੇਣ ਦਾ ਐਲਾਨ ਕੀਤਾ। ਆਪਣੇ ਕੈਨੇਡਾ ਵਾਲੇ ਭਾਸ਼ਣ ਵਿਚ ਉਹ ਕਹਿੰਦੇ ਸਨ, ''ਚਾਹੇ ਅਸੀਂ ਹੁਣ ਸੁਪਰੀਮ ਕੋਰਟ ਜਾਵਾਂਗੇ, ਚਾਹੇ ਕੋਈ ਕਾਨੂੰਨੀ ਕਾਰਵਾਈ ਕਰਾਂਗੇ, ਪਰ ਸਭ ਤੋਂ ਵੱਡੀ ਕਚਹਿਰੀ ਲੋਕਾਂ ਦੀ ਹੈ ਤੇ ਅਸੀਂ ਲੋਕਾਂ ਦੀ ਕਚਹਿਰੀ ਵਿਚ ਹੁਣ ਦੁਨੀਆਂ ਪੱਧਰ 'ਤੇ ਜਾਣਾ ਚਾਹੁੰਨੇ ਆ। ਐ ਦੁਨੀਆਂ ਵਾਲਿਓ, ਤੁਸਾਂ ਸਾਨੂੰ ਅਤਿਵਾਦੀ ਆਖਿਆ, ਤਸਾਂ ਸਾਨੂੰ ਫਿਰਕਾਪ੍ਰਸਤ ਆਖਿਆ, ਪਰ ਜਿਨ੍ਹਾਂ ਨੂੰ ਤੁਸੀਂ ਅਮਨ ਦੇ ਮਸੀਹੇ ਆਖਿਆ ਸੀ, ਜਿਨ੍ਹਾਂ ਨੂੰ ਤੁਸੀਂ ਜਮਹੂਰੀਅਤ ਦੇ ਪੈਗੰਬਰ ਕਿਹਾ ਸੀ, ਉਨ੍ਹਾਂ ਦੀ ਅਸਲੀਅਤ ਜਾਣੋ ਤੇ ਸਾਨੂੰ ਦੱਸੋ ਕਿ ਆਖਿਰ ਅਤਿਵਾਦੀ ਕੌਣ ਏ ਤੇ ਸੱਤਵਾਦੀ ਕੌਣ ਏ?''

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ICC Accounting Services Inc.
ICC ACCOUNTING SERVICES INC.





ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4
Gurnek Bangar
(Pasla)

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• **Rachhpal Singh Gill**
Editor
604-616-2171

Funded by the Government of Canada | Financé par le gouvernement du Canada | Canada

**ADVISORY BOARD**

• **Gurvinder Singh Dhaliwal**
Vancouver,
604-825-1550

• **Brar Bhagta Bhai Ka**
Abbotsford
604-751-1113

• **Hardam Singh Maan**
Surrey
604-308-6663

• **Virpal Singh Bhagta**
News Reporter | Punjab
+91 96532 00226

• **Ekjot Singh**
News Reporter

Ekjot Singh as part of the Local Journalism Initiative.

**Printed & Published in Canada by : International Punjabi Tribune Inc.**

604-584-5577 (Office)
punjabitribune
iptribune@gmail.com
www.punjabitribune.ca
punjabitribune

**NOTICE TO ADVERTISER**

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ।

# ਸ਼ਾਂਤੀ ਦਾ ਪ੍ਰਤੀਕ ਇੰਟਰਨੈਸ਼ਨਲ ਪੀਸ ਗਾਰਡਨ



**ਲਿਖਤ : ਗੁਰਪ੍ਰੀਤ ਸਿੰਘ ਤਲਵੰਡੀ**
**ਸੰਪਰਕ: 77898-09196 (ਕੈਨੇਡਾ)**

ਵਿਸ਼ਵ ਦੇ ਦੋ ਵਿਕਸਤ ਦੇਸ਼ਾਂ ਕੈਨੇਡਾ ਤੇ ਅਮਰੀਕਾ ਵੱਲੋਂ ਆਪਣੀਆਂ ਵੱਖ-ਵੱਖ ਰਾਜਾਂ ਨਾਲ ਲੱਗਦੀਆਂ ਕੌਮਾਂਤਰੀ ਸਰਹੱਦਾਂ ’ਤੇ ਸ਼ਾਂਤੀ ਦਾ ਸੁਨੇਹਾ ਦਿੰਦੀਆਂ ਗਈ ਵੱਡੀਆਂ ਪਾਰਕਾਂ ਜਾਂ ਬਾਗ਼-ਬਗੀਚੇ ਸਥਾਪਿਤ ਕੀਤੇ ਹੋਏ ਹਨ, ਜੋ ਅੱਧਾ-ਅੱਧਾ ਦੋਵੇਂ ਮੁਲਕਾਂ ਨੂੰ ਵੰਡਦੇ ਹਨ। ਕੈਨੇਡਾ ਦੇ ਰਾਜ ਬ੍ਰਿਟਿਸ਼ ਕੋਲੰਬੀਆ ਦੇ ਅਮਰੀਕਾ ਨਾਲ ਲੱਗਦੀ ਕੌਮਾਂਤਰੀ ਸਰਹੱਦ ’ਤੇ ਪੀਸ ਆਰਚ ਪਾਰਕ ਬਣਾਈ ਗਈ ਹੈ, ਜਿੱਥੇ ਦੋਵਾਂ ਹੀ ਮੁਲਕਾਂ ਦੇ ਵਾਸੀ ਬਿਨਾਂ ਕਿਸੇ ਰੋਕ ਟੋਕ ਦੇ ਆ ਤੇ ਜਾ ਸਕਦੇ ਹਨ। ਇਸੇ ਤਰ੍ਹਾਂ ਹੀ ਕੈਨੇਡੀਅਨ ਰਾਜ ਮੈਨੀਟੋਬਾ ਦੀ ਰਾਜਧਾਨੀ ਵਿਨੀਪੈੱਗ ਦੇ ਸ਼ਹਿਰ ਬਰੈਂਡਨ ਦੇ ਨਾਲ ਲੱਗਦੀ ਅਮਰੀਕਾ ਦੀ ਕੌਮਾਂਤਰੀ ਸਰਹੱਦ ’ਤੇ ਬਣਿਆ ਇੰਟਰਨੈਸ਼ਨਲ ਪੀਸ ਗਾਰਡਨ ਵੀ ਸੈਲਾਨੀਆਂ ਦੀ ਵੱਡੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ।

ਇੰਟਰਨੈਸ਼ਨਲ ਪੀਸ ਗਾਰਡਨ ਕਰੀਬ 3.65 ਵਰਗ ਮੀਲ (9.5 ਵਰਗ ਕਿਲੋਮੀਟਰ) ਵਿੱਚ ਫੈਲਿਆ ਹੋਇਆ ਹੈ। ਇਹ ਮੈਨੀਟੋਬਾ ਰਾਜ ਦੇ ਹਾਈਵੇ 10 ’ਤੇ ਸਥਿਤ ਹੈ। ਇਹ ਵਿਨੀਪੈੱਗ ਦੇ ਨੇੜਲੇ ਸ਼ਹਿਰ ਬਰੈਂਡਨ ਤੋਂ ਕਰੀਬ 100 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਇਸ ਦੇ ਦੂਸਰੇ ਪਾਸੇ ਅਮਰੀਕਾ ਦਾ ਰਾਜ ਉੱਤਰੀ ਡਕੋਟਾ ਹੈ। ਇੰਟਰਨੈਸ਼ਨਲ ਪੀਸ ਗਾਰਡਨ ਦੀ ਸਥਾਪਨਾ 14 ਜੁਲਾਈ 1932 ਨੂੰ ਦੋਵਾਂ ਦੇਸ਼ਾਂ ਵਿਚਕਾਰ ਸ਼ਾਂਤੀਪੂਰਨ ਸਬੰਧਾਂ ਦੇ ਪ੍ਰਤੀਕ ਵਜੋਂ ਕੀਤੀ ਗਈ ਸੀ ਤਾਂ ਕਿ ਵਿਸ਼ਵ ਨੂੰ ਸ਼ਾਂਤੀ ਦੀ ਅਸਲ ਪਰਿਭਾਸ਼ਾ ਸਮਝਾਈ ਜਾ ਸਕੇ। ਇਸੇ ਪੀਸ ਗਾਰਡਨ ਕਰਕੇ ਹੀ ਅਮਰੀਕਾ ਦੇ ਰਾਜ ਉੱਤਰੀ ਡਕੋਟਾ ਦੇ ਵਾਹਨਾਂ ਦੀਆਂ ਰਜਿਸਟ੍ਰੇਸ਼ਨ ਪਲੇਟਾਂ ਉੱਪਰ ਵੀ ਸੰਨ 1956 ਤੋਂ ਪੀਸ ਗਾਰਡਨ ਸਟੇਟ ਲਿਖਣਾ ਸ਼ੁਰੂ ਕੀਤਾ ਗਿਆ।

ਇਸ ਪਾਰਕ ਵਿੱਚ ਹਰ ਸਾਲ ਗਰਮੀਆਂ ਦੇ ਦਿਨਾਂ ਵਿੱਚ 150000 ਤੋਂ ਜ਼ਿਆਦਾ ਫੁੱਲ ਖਿੜਦੇ ਹਨ। ਬਾਗ਼ ਵਿੱਚ ਸੁੰਦਰ ਫੁੱਲਾਂ ਦੇ ਬਗ਼ੀਚੇ, ਹਰੇ ਘਾਹ ਦੇ ਵਿਸ਼ਾਲ ਮੈਦਾਨ ਅਤੇ ਪਾਣੀ ਦੇ ਫੁਆਰੇ ਹਰ ਕਿਸੇ ਦੇ ਮਨ ਨੂੰ ਮੋਹ ਲੈਂਦੇ ਹਨ। ਇਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ 18 ਫੁੱਟ ਉੱਚੀ ਫੁੱਲਾਂ ਦੀ ਘੜੀ ਅਤੇ 120 ਫੁੱਟ ਲੰਬੇ ਕੰਕਰੀਟ ਦੇ ਟਾਵਰਾਂ ਨਾਲ ਬਣਾਇਆ ਹੋਇਆ ਸ਼ਾਂਤੀ ਭਵਨ। ਇਸ ਭਵਨ ਦੀਆਂ ਅੰਦਰੂਨੀ ਦੀਵਾਰਾਂ ’ਤੇ ਵਿਸ਼ਵ ਭਰ ਦੀਆਂ ਮਹਾਨ ਸ਼ਖ਼ਸੀਅਤਾਂ ਦੇ ਸ਼ਾਂਤੀ ਕਾਇਮ ਰੱਖਣ ਦਾ ਸੰਦੇਸ਼ ਦਿੰਦੇ ਹਵਾਲੇ ਲਿਖੇ ਗਏ ਹਨ, ਜਿਨ੍ਹਾਂ ਵਿੱਚ ਸਾਬਕਾ ਅਮਰੀਕੀ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ, ਰੋਮ ਕੈਥੋਲਿਕ ਚਰਚ ਵੈਟੀਕਨ ਸਿਟੀ ਦੇ ਪੋਪ-2, ਇੰਗਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਵਿੰਸਟਨ ਐੱਸ ਚਰਚਿਲ, ਦਾਰਸ਼ਨਿਕ ਕਨਫੂਸੀਅਸ, ਵਿਗਿਆਨੀ ਅਲਬਰਟ ਆਈਂਸਟਾਈਨ, ਬਰਤਾਨੀਆ ਦੇ ਕਿੰਗ ਜਾਰਜ-6, ਵਿਗਿਆਨੀ ਬੈਂਜਾਮਿਨ ਫਰੈਂਕਲਿਨ, ਲੁਈਸ ਪਾਸਚਰ, ਸਾਬਕਾ ਅਮਰੀਕੀ ਰਾਸ਼ਟਰਪਤੀ ਅਬਰਾਹਿਮ ਲਿੰਕਨ, ਮਹਾਤਮਾ ਬੁੱਧ ਅਤੇ ਮਹਾਤਮਾ ਗਾਂਧੀ ਆਦਿ ਦੇ ਹਵਾਲੇ ਸ਼ਾਮਿਲ ਕੀਤੇ ਗਏ ਹਨ।

ਇਸ ਪਾਰਕ ਵਿੱਚ ਇੱਕ ਵਿਸ਼ਾਲ ਬੈੱਲ ਟਾਵਰ ਵੀ ਬਣਾਇਆ ਗਿਆ ਹੈ ਜਿਸ ਵਿੱਚ ਵੱਡ ਆਕਾਰੀ ਸੀਮਿੰਟ ਦੇ ਥਮਲਿਆਂ ’ਤੇ ਵੱਡੀਆਂ ਘੜੀਆਂ ਲਗਾਈਆਂ ਗਈਆਂ ਹਨ। ਇਸ ਟਾਵਰ ਦਾ ਨਾਮ ‘ਦਿ ਵੈਸਟਮਨਿਸਟਰ ਕੈਰੀਲੀਓਨ ਬੈੱਲ ਟਾਵਰ’ ਹੈ। ਗਰਮੀ ਦੇ ਦਿਨਾਂ ਵਿੱਚ ਹਰ 15 ਮਿੰਟਾਂ ਬਾਅਦ ਇਨ੍ਹਾਂ ਘੜੀਆਂ ਦੀ ਮਧੁਰ ਆਵਾਜ਼ ਸੁਣਨ ਨੂੰ ਮਿਲਦੀ ਹੈ। ਇੱਥੇ ਸਥਾਪਿਤ ਕੀਤੀਆਂ ਗਈਆਂ ਘੜੀਆਂ ਦੇ ਪੂਰੇ ਵਿਸ਼ਵ ਵਿੱਚ ਸਿਰਫ਼ ਚਾਰ ਸੈੱਟ ਹੀ ਹਨ। ਇਹ ਟਾਵਰ ਸੰਨ 1976 ਵਿੱਚ ਸਿਫਟਨ ਪਰਿਵਾਰ ਦੇ ਚਾਰ ਸਪੁੱਤਰਾਂ ਨੇ ਆਪਣੀ ਮਾਂ ਲੇਡੀ ਸਿਫਟਨ ਦੀ ਯਾਦ ਵਿੱਚ ਸਥਾਪਿਤ ਕੀਤਾ ਸੀ। ਪਹਿਲਾਂ ਇਹ ਘੜੀਆਂ ਸੰਨ 1932 ਵਿੱਚ ਬਰੈਂਡਨ ਦੇ ਚਰਚ ਨੂੰ ਦਾਨ ਦਿੱਤੀਆਂ ਗਈਆਂ ਸਨ। ਜਦ ਚਰਚ ਦੀ ਮੁੜ ਉਸਾਰੀ ਕੀਤੀ ਗਈ ਤਾਂ ਇਨ੍ਹਾਂ ਘੜੀਆਂ ਨੂੰ ਪੀਸ ਗਾਰਡਨ ਵਿੱਚ ਸਥਾਪਿਤ ਕਰ ਦਿੱਤਾ ਗਿਆ। ਘੜੀਆਂ ਨੂੰ ਦਾਨ ਕਰਨ ਵਾਲੇ ਸਿਫਨ ਵਾਰ ਦਾ ਨਾਂ ਕਿਸੇ ਵੇਲੇ ਮੈਨੀਟੋਬਾ ਦੇ ਵੱਡੇ ਵਪਾਰੀਆਂ ਵਿੱਚ ਸ਼ਾਮਿਲ ਸੀ।

11 ਸਤੰਬਰ, 2001 ਵਿੱਚ ਅਮਰੀਕਾ ਦੇ ਨਿਊਯਾਰਕ ਵਿੱਚ ਸਥਿਤ ਵਰਲਡ ਟਰੇਡ ਸੈਂਟਰ ’ਤੇ ਹੋਏ ਹਵਾਈ ਹਮਲੇ ਦੌਰਾਨ ਨਸ਼ਟ ਹੋਈਆਂ ਕਈ ਇਮਾਰਤਾਂ ਦੇ ਅੰਸ਼ ਵੀ ਇਸ ਪਾਰਕ ਵਿੱਚ ਯਾਦਗਾਰ ਵਜੋਂ ਸੰਭਾਲੇ ਗਏ ਹਨ। ਇਨ੍ਹਾਂ ਵਿੱਚ ਲੋਹੇ ਦੇ ਬਹੁਤ ਹੀ ਭਾਰੀ ਗਾਰਡਰ ਅਤੇ ਕੰਕਰੀਟ ਦੀਆਂ ਕੰਧਾਂ ਦੇ ਕੁਝ ਭਾਗ ਹਨ। ਇਸ ਯਾਦਗਾਰ ਕੋਲ ਇਸ ਹਵਾਈ ਹਮਲੇ ਦੌਰਾਨ ਮਾਰੇ ਗਏ ਵਿਅਕਤੀਆਂ ਦੇ ਨਾਮ ਲਿਖ ਕੇ ਉਨ੍ਹਾਂ ਨੂੰ ਯਾਦ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇੱਥੋਂ ਦਾ ਕੈਕਟਸ (ਛਿੱਤਰ ਥੋਹਰ) ਬਗੀਚਾ ਵੀ ਦੇਖਣਯੋਗ ਹੈ। ਇੱਥੇ ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ ਤੋਂ ਕੈਕਟਸ ਲਿਆ ਕੇ ਲਗਾਏ ਗਏ ਹਨ। ਕੈਨੇਡਾ ਵੱਲੋਂ ਇਸ ਗਾਰਡਨ ਵਿੱਚ ਜਾਣ ਵਾਲੇ ਸੈਲਾਨੀਆਂ ਕੋਲ ਇਮੀਗ੍ਰੇਸ਼ਨ ਕਾਗਜ਼ ਪੱਤਰਾਂ ਦਾ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਗਾਰਡਨ ਤੋਂ ਬਾਹਰ ਨਿਕਲਣ ਵੇਲੇ ਕੈਨੇਡੀਅਨ ਬਾਰਡਰ ਏਜੰਸੀ ਦੇ ਬੂਥ ਕੋਲੋਂ ਹੋ ਕੇ ਗੁਜ਼ਰਨਾ ਪੈਂਦਾ ਹੈ। ਗਾਰਡਨ ਸੱਚਮੁੱਚ ਹੀ ਸ਼ਾਂਤੀ ਦਾ ਪ੍ਰਤੀਕ ਹੈ। ਇੱਥੇ ਜਾਣ ਵਾਲੇ ਸੈਲਾਨੀ ਇੱਥੋਂ ਦੇ ਕੁਦਰਤੀ ਸੁਹੱਪਣ ਨੂੰ ਚੰਗੀ ਤਰ੍ਹਾਂ ਮਾਣਦੇ ਤੇ ਮਹਿਸੂਸ ਕਰਦੇ ਹਨ।

# ਚੀਨ ਨੇ ਕੈਨੇਡਾ ਤੋਂ ਆਉਣ ਵਾਲੇ ਕੈਨੋਲਾ ‘ਤੇ ਐਂਟੀ-ਡੰਪਿੰਗ ਜਾਂਚ ਸ਼ੁਰੂ ਕਰਨ ਦੀ ਯੋਜਨਾ ਬਣਾਈ

ਔਟਵਾ : ਚੀਨ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਕੈਨੇਡਾ ਤੋਂ ਕੈਨੋਲਾ ਆਯਾਤ ਦੀ ਐਂਟੀ-ਡੰਪਿੰਗ ਜਾਂਚ ਸ਼ੁਰੂ ਕਰਨ ਦੀ ਯੋਜਨਾ ਬਣਾ ਰਿਹਾ ਹੈ। ਕੈਨੇਡਾ ਵੱਲੋਂ ਚੀਨੀ ਇਲੈਕਟ੍ਰਿਕ ਵਾਹਨਾਂ 'ਤੇ ਟੈਰਿਫ ਲਗਾਉਣ ਤੋਂ ਬਾਅਦ ਚੀਨ ਨੇ ਇਹ ਫ਼ੈਸਲਾ ਲਿਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਿਛਲੇ ਹਫ਼ਤੇ ਐਲਾਨ ਕੀਤਾ ਸੀ ਕਿ ਕੈਨੇਡਾ ਚੀਨ ਚ ਬਣੇ ਈਵੀ ‘ਤੇ 100% ਆਯਾਤ ਟੈਰਿਫ਼ ਠੋਕੇਗਾ। ਅਮਰੀਕਾ ਵੱਲੋਂ ਚੀਨੀ ਈਵੀ ‘ਤੇ ਟੈਰਿਫ਼ 1 ਅਗਸਤ ਤੋਂ ਲਾਗੂ ਹੋਣੇ ਸਨ, ਪਰ ਟੈਰਿਫ਼ ਲਾਗੂ ਹੋਣਾ ਸਤੰਬਰ ਦੇ ਅਖ਼ੀਰ ਤੱਕ ਟਲ ਗਿਆ ਹੈ। ਹਾਲਾਂਕਿ ਕੈਨੇਡਾ ਦੇ ਟੈਰਿਫ਼ 1 ਅਕਤੂਬਰ ਤੋਂ ਪ੍ਰਭਾਵੀ ਹੋ ਜਾਣਗੇ। ਚੀਨ ਦੇ ਵਪਾਰ ਮੰਤਰਾਲੇ ਦੇ ਬੁਲਾਰੇ ਨੇ ਕਿਹਾ, ਚੀਨ ਬਹੁਤ ਸਾਰੀਆਂ ਪੱਖਾਂ ਦੇ ਵਿਰੋਧ ਅਤੇ ਅਸਹਿਮਤੀ ਦੇ ਬਾਵਜੂਦ ਕੈਨੇਡਾ ਦੁਆਰਾ ਚੀਨ ਤੋਂ ਆਯਾਤ ਦੇ ਵਿਰੁੱਧ ਚੁੱਕੇ ਗਏ ਪੱਖਪਾਤੀ, ਇਕਪਾਸੜ, ਪਾਬੰਦੀਸ਼ੁਦਾ ਉਪਾਵਾਂ ਦੀ ਸਖਤ ਨਿੰਦਾ ਕਰਦਾ ਹੈ ਅਤੇ ਦ੍ਰਿੜਤਾ ਨਾਲ ਵਿਰੋਧ ਕਰਦਾ ਹੈ। ਮੰਤਰਾਲੇ ਨੇ ਕਿਹਾ ਕਿ ਚੀਨ ਕੁਝ ਕੈਨੇਡੀਅਨ ਰਸਾਇਣਕ ਉਤਪਾਦਾਂ ਦੀ ਡੰਪਿੰਗ ਵਿਰੋਧੀ ਜਾਂਚ ਵੀ ਸ਼ੁਰੂ ਕਰੇਗਾ। ਕੈਨੇਡਾ ਵਿੱਚ ਪੈਦਾ ਹੋਣ ਵਾਲੇ ਅੱਧੇ ਤੋਂ ਵੱਧ ਕੈਨੋਲਾ ਚੀਨ ਨੂੰ ਜਾਂਦੇ ਹਨ, ਜੋ ਦੁਨੀਆ ਦਾ ਸਭ ਤੋਂ ਵੱਡਾ ਤੇਲ ਬੀਜ ਆਯਾਤਕ ਹੈ। ਕੈਨੋਲਾ, ਜਿਸ ਦੀਆਂ ਕੁਝ ਕਿਸਮਾਂ ਨੂੰ ਰੇਪਸੀਡ ਵੀ ਕਹਾ ਜਾਂਦਾ ਹੈ, ਖਾਣਾ ਬਣਾਉਣ ਦੇ ਤੇਲ ਵਜੋਂ ਅਤੇ ਨਵਿਆਉਣਯੋਗ ਬਾਲਣਾਂ ਸਮੇਤ ਉਤਪਾਦਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਵਿੱਚ ਵਰਤਿਆ ਜਾਂਦਾ ਹੈ। ਮੰਤਰਾਲੇ ਨੇ ਕਿਹਾ, ਚੀਨ ਨੂੰ ਹੋਣ ਵਾਲੇ ਕੈਨੇਡਾ ਦੇ ਕੈਨੋਲਾ ਨਿਰਯਾਤ ਵਿੱਚ ਕਾਫ਼ੀ ਵਾਧਾ ਹੋਇਆ ਹੈ ਅਤੇ ਡੰਪਿੰਗ ਦਾ ਸ਼ੱਕ ਹੈ, ਇਹ ਨਿਰਯਾਤ 2023 ਵਿੱਚ $3.47 ਬਿਲੀਅਨ ਅਮਰੀਕੀ ਡਾਲਰ ਤੱਕ ਪਹੁੰਚ ਗਿਆ, ਜਿਸ ਵਿੱਚ ਤਾਦਾਦ ਵਿੱਚ ਸਾਲ-ਦਰ-ਸਾਲ 170 ਪ੍ਰਤੀਸ਼ਤ ਵਾਧਾ ਹੋਇਆ ਹੈ ਅਤੇ ਕੀਮਤਾਂ ਵਿੱਚ ਲਗਾਤਾਰ ਗਿਰਾਵਟ ਆਈ ਹੈ। ਮੰਤਰਾਲੇ ਨੇ ਕਿਹਾ, ਕੈਨੇਡਾ ਦੇ ਅਣਉਚਿਤ ਮੁਕਾਬਲੇ ਤੋਂ ਪ੍ਰਭਾਵਿਤ, ਚੀਨ ਦੇ ਘਰੇਲੂ ਰੇਪਸੀਡ ਨਾਲ ਸਬੰਧਤ ਉਦਯੋਗਾਂ ਨੂੰ ਲਗਾਤਾਰ ਨੁਕਸਾਨ ਹੁੰਦਾ ਰਿਹਾ ਹੈ।

ਇਸ ਐਲਾਨ ਤੋਂ ਬਾਅਦ ਜ਼ੇਂਗਜ਼ੂ ਕਮੋਡਿਟੀ ਐਕਸਚੇਂਜ 'ਤੇ ਚੀਨ ਦੇ ਰੇਪਸੀਡ ਮੀਲ ਫਿਊਚਰਜ਼ ਵਿਚ ਛੇ ਫੀਸਦੀ ਦਾ ਉਛਾਲ ਆਇਆ ਅਤੇ ਉਹ 2,375 ਯੁਆਨ ($333.56 US) ਪ੍ਰਤੀ ਮੀਟ੍ਰਿਕ ਟਨ ‘ਤੇ ਪਹੁੰਚ ਗਏ, ਜੋ ਕਿ 6 ਅਗਸਤ ਤੋਂ ਬਾਅਦ ਦਾ ਸਭ ਤੋਂ ਉੱਚਾ ਪੱਧਰ ਹੈ।

ਤੇਲ ਬੀਜਾਂ ਦੀ ਭਰਪੂਰ ਸਪਲਾਈ ਅਤੇ ਘਰੇਲੂ ਉਤਪਾਦਨ ਵਧਣ ਕਾਰਨ ਚੀਨ ਦੇ ਰੇਪਸੀਡ ਮੀਲ ਦੀਆਂ ਕੀਮਤਾਂ ਇਸ ਸਾਲ ਹੁਣ ਤੱਕ 22 ਫੀਸਦੀ ਡਿੱਗ ਗਈਆਂ ਹਨ। ਕੈਨੇਡਾ ਚੀਨ ਦਾ ਪ੍ਰਮੁੱਖ ਕੈਨੋਲਾ ਸਪਲਾਇਅਰ ਹੈ। ਇਸ ਤੋਂ ਬਾਅਦ ਰੂਸ ਅਤੇ ਮੰਗੋਲੀਆ ਹਨ। 2023 ਵਿਚ ਚੀਨ ਦਾ 94% ਕੈਨੋਲਾ ਆਯਾਤ ਕੈਨੇਡਾ ਤੋਂ ਸੀ, ਜਿਸ ਦਾ ਮੁੱਲ ਕਰੀਬ 3.72 ਬਿਲੀਅਨ ਡਾਲਰ ਸੀ।

ਦੂਸਰੇ ਪਾਸੇ ਚੀਨ ਤੋਂ ਕੈਨੇਡਾ ਆਉਣ ਵਾਲੇ ਜ਼ਿਆਦਾਤਰ ਇਲੈਕਟ੍ਰਿਕ ਵਾਹਨ ਸ਼ੰਘਾਈ ਦੇ ਟੈਸਲਾ ਪਲਾਂਟ ਤੋਂ ਹਨ ਅਤੇ ਚੀਨ ਦੀਆਂ ਘਰੇਲੂਆਂ ਈਵੀ ਗੱਡੀਆਂ ਕੈਨੇਡੀਅਨ ਮਾਰਕੀਟ ਵਿਚ ਖਾਸ ਪ੍ਰਚੱਲਿਤ ਨਹੀਂ।

# ਆਤੰਕ ਅਤੇ ਦਹਿਸ਼ਤਗਰਦੀ - ਜੰਗਾਂ ਅਤੇ ਲੜਾਈਆਂ

ਲਿਖਤ : ਸੁਖਮਿੰਦਰ ਸੇਖੋਂ
ਸੰਪਰਕ : 98145 - 07693



ਦਹਿਤਗਰਦ ਕੌਣ ਹੁੰਦਾ ਹੈ? ਜੋ ਦਹਿਸ਼ਤ ਫੈਲਾਏ ਤੇ ਕਿਸੇ ਵੀ ਸ਼ਖਸ ਨੂੰ ਸਰੀਰਕ ਜਾਂ ਮਾਨਸਿਕ ਰੂਪ ਵਿੱਚ ਡਰਾ ਧਮਕਾ ਕੇ ਦਹਿਸ਼ਤਜ਼ਦਾ ਕਰੇ ਅਤੇ ਆਪਣੀ ਧੌਂਸ ਜਾਂ ਚੌਧਰ ਜਮਾਏ। ਸਮੁੱਚੇ ਰੂਪ ਵਿੱਚ ਕਿਸੇ ਮਨੁੱਖ ਅੰਦਰ ਡਰ ਪੈਦਾ ਕਰਨਾ ਜਾਂ ਉਸ ਨੂੰ ਸਰੀਰਕ ਤੌਰ 'ਤੇ ਨੁਕਸਾਨ ਪਹੁੰਚਾਉਣ ਨੂੰ ਹੀ ਆਤੰਕ ਜਾਂ ਦਹਿਸ਼ਤ ਕਹਿੰਦੇ ਹਨ। ਇਹ ਦਹਿਸ਼ਤ ਧਰਮਾਂ ਦੇ ਨਾਉਂ 'ਤੇ ਵੀ ਹੋ ਸਕਦੀ ਹੈ, ਰਾਜਨੀਤਕ ਵੀ ਤੇ ਕਿਸੇ ਨੂੰ ਲੁੱਟਣ ਤੇ ਕੁੱਟਣ ਦੇ ਮਕਸਦ ਨਾਲ ਵੀ, ਭਾਵ ਸਿੱਧੇ ਰੂਪ ਵਿੱਚ ਗੁੰਡਾਗਰਦੀ। ਮਾਂ ਦੇ ਪੇਟ ਵਿੱਚੋਂ ਕੋਈ ਦਹਿਸ਼ਗਰਦ ਨਹੀਂ ਜੰਮਦਾ, ਸੰਗਤ ਤੇ ਹਾਲਾਤ ਉਸ ਨੂੰ ਦਹਿਸ਼ਤਗਰਦੀ ਦੇ ਰਸਤੇ 'ਤੇ ਲੈ ਤੁਰਦੇ ਹਨ। ਪਰ ਇਹ ਪੂਰਣ ਸੱਚ ਨਹੀਂ, ਸਚਾਈ ਤੇ ਹਕੀਕਤ ਕੁਝ ਹੋਰ ਹੀ ਹੈ। ਬਹੁਤਾ ਪਿਛੋਕੜ ਵਿੱਚ ਨਾ ਜਾਂਦਿਆਂ ਆਪਾਂ ਮੌਜੂਦਾ ਸੰਦਰਭ ਵਿੱਚ ਹੀ ਗੱਲ ਕਰ ਲੈਂਦੇ ਹਾਂ। ਬੇਸ਼ਕ ਵਿਸ਼ਵ ਵਿਆਪੀ ਪੱਧਰ 'ਤੇ ਅਸੀਂ ਜਾਣ ਸਕਦੇ ਹਾਂ ਤੇ ਇਹ ਇੱਕ ਜੱਗ ਜ਼ਾਹਿਰ ਹਕੀਕਤ ਵੀ ਹੈ ਕਿ ਅਮਰੀਕਾ ਦੁਨੀਆਂ ਦਾ ਸਭ ਤੋਂ ਵੱਡਾ ਦਹਿਸ਼ਤਗਰਦ ਦੇਸ਼ ਹੈ, ਅਫਗਾਨਿਸਤਾਨ, ਪਾਕਿਸਤਾਨ, ਲਿਬੀਆ, ਈਰਾਨ ਆਦਿ ਕਿੰਨੇ ਹੀ ਮੁਲਕ ਤੇ ਖਿੱਤੇ ਵੀ। ਹੋਰ ਜਿਹੜੇ ਵੀ ਮੁਲਕ ਦਹਿਸ਼ਤਗਰਦੀ ਦੇ ਸ਼ਿਕਾਰ ਹਨ, ਉੱਥੇ ਆਤੰਕ ਫੈਲਾਉਣ ਵਿੱਚ ਅਮਰੀਕਾ ਨੇ ਕਿਹੜੇ ਕਿਹੜੇ ਹੱਥਕੰਡੇ ਵਰਤੇ ਤੇ ਅੱਜ ਹਾਲਾਤ ਇਸ ਤਰ੍ਹਾਂ ਦੇ ਬਣ ਗਏ ਹਨ, ਕਿ ਉੱਥੋਂ ਦੇ ਬਾਸ਼ਿੰਦੇ ਹਮੇਸ਼ਾ ਦਹਿਸ਼ਤ ਦੇ ਪਰਛਾਵੇ ਹੇਠ ਜ਼ਿੰਦਗੀ ਬਸਰ ਕਰ ਰਹੇ ਹਨ।

ਅਮਰੀਕਾ ਸਮੇਤ ਯੂਰੀਪਨ ਦੇਸ਼ਾਂ ਦੀਆਂ ਚਾਲਾਂ ਦਾ ਹੀ ਸਿੱਟਾ ਹੈ ਰੂਸ ਤੇ ਯੂਰਕੇਨ ਦੀ ਜੰਗ। ਅਮਰੀਕਾ ਦੀ ਧੌਂਸ ਜਾਂ ਚੌਧਰ ਅੱਗੇ ਕੋਈ ਵੀ ਨਿੱਕਾ ਛੋਟਾ ਤਾਂ ਕੀ ਕੋਈ ਵੱਡਾ ਮੁਲਕ ਵੀ ਕੁਸਕਦਾ ਦਿਖਾਈ ਨਹੀਂ ਦਿੰਦਾ। ਪਹਿਲਾਂ ਦਹਿਸ਼ਤਗਰਦੀ ਦੀ ਟਰੇਨਿੰਗ ਦਿਓ ਤੇ ਫਿਰ ਕਿਸੇ ਵੀ ਮੁਲਕ ਵਿੱਚ ਆਪਣੀ ਕਠਪੁਤਲੀ ਜਾਂ ਹੱਥ-ਠੋਕਾ ਸਰਕਾਰ ਬਣਾਕੇ ਦੁਨੀਆਂ ਭਰ ਨੂੰ ਦਿਖਾ ਦਿਓ - ਲਓ ਆਹ ਦੇਖੋ, ਸਾਡੇ ਤੋਂ ਵੱਡਾ ਹੈ ਕੋਈ ਇਸ ਸੰਸਾਰ ਵਿੱਚ? ਹਾਲਾਂਕਿ ਹਿਟਲਰ, ਨੈਪੋਲੀਅਨ, ਚੰਗੇਜ਼ ਖਾਨ, ਨਾਦਰ, ਅਬਦਾਲੀ ਵਗੈਰਾ ਸਾਰੇ ਇਸ ਸੰਸਾਰ ਤੋਂ ਕੂਚ ਕਰ ਗਏ, ਪ੍ਰੰਤੂ ਉਹਨਾਂ ਦੇ ਦਹਿਸ਼ਤੀ ਕਾਰਨਾਮੇਂ ਅਜੇ ਵੀ ਮਨੁੱਖਤਾ ਨੂੰ ਹਿਲਾਕੇ ਰੱਖ ਦਿੰਦੇ ਹਨ। ਅੱਤਿਆਚਾਰੀ ਰਾਜਿਆਂ ਮਹਾਰਾਜਿਆਂ ਦੀਆਂ ਮਿਸਾਲਾਂ ਵੀ ਸਾਡੇ ਇਤਿਹਾਸ ਦੇ ਕਾਲੇ ਪੰਨਿਆਂ ਉੱਤੇ ਕਾਲੇ ਅੱਖਰਾਂ ਵਿੱਚ ਅੰਕਿਤ ਹਨ।

ਦਰਅਸਲ ਜਾਤਾਂ ਅਤੇ ਧਰਮਾਂ ਖਾਤਰ ਅਸੀਂ ਕਿਸੇ ਵੀ ਵਿਅਕਤੀ ਜਾਂ ਸਮਾਜ ਨੂੰ ਦਹਿਸ਼ਤਗਰਦੀ ਦੇ ਰਸਤੇ ਪਾ ਸਕਦੇ ਹਾਂ। ਧਰਮ ਇੱਕ ਅਜਿਹਾ ਨਾਜ਼ੁਕ ਮਾਮਲਾ ਹੈ ਕਿ ਕਠੋਰ ਤੇ ਉਜੱਡ ਕਿਸਮ ਦੇ ਬੰਦਿਆਂ ਦੀ ਤਾਂ ਛੱਡੋ, ਆਮ ਕਿਸਮ ਦਾ ਧਰਮ ਨੂੰ ਮੰਨਣ ਵਾਲਾ ਆਦਮੀ ਵੀ ਆਪਣੇ ਧਰਮ ਲਈ ਬਿਨਾਂ ਕੁਝ ਸੋਚੇ ਸਮਝੇ ਮਰਨ ਮਾਰਨ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ, ਜਿਸਦੀਆਂ ਤਾਜ਼ਾ ਮਿਸਾਲਾਂ ਸਾਨੂੰ ਆਪਣੇ ਹੀ ਦੇਸ਼ ਦੇ ਵੱਖ ਵੱਖ ਖਿੱਤਿਆਂ ਵਿੱਚ ਸਹਿਜੇ ਹੀ ਮਿਲ ਜਾਂਦੀਆਂ ਹਨ, ਜਿਵੇਂ ਜੰਮੂ ਕਸ਼ਮੀਰ, ਆਸਾਮ ਅਤੇ ਹੋਰ ਕਬਾਇਲੀ ਇਲਾਕਿਆਂ ਵਿੱਚ। ਲੁੱਟ ਖਸੁੱਟ ਤੇ ਕਤਲੋਗਾਰਤ ਬੇਸ਼ਕ ਧਰਮਾਂ, ਜਾਤਾਂ ਦੇ ਨਾਉਂ 'ਤੇ ਹੋਵੇ, ਚਾਹੇ ਕਿਸੇ ਵਿਸ਼ੇਸ਼ ਵਿਚਾਰਧਾਰਾ ਲਈ, ਇਸ ਨੂੰ ਕਿਵੇਂ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਹਾਂ, ਰਸਤੇ ਹੋਰ ਵੀ ਹਨ। ਵੱਡੇ ਪੱਧਰ 'ਤੇ ਪਾਕਿਸਤਾਨ, ਗਾਜ਼ਾ ਪੱਟੀ, ਇਰਾਕ, ਈਰਾਨ, ਅਫਗਾਨਿਸਤਾਨ ਅਤੇ ਹੋਰ ਦੇਸ਼ਾਂ ਵਿੱਚ ਆਤੰਕ ਜਾਂ ਦਹਿਸ਼ਤਗਰਦੀ ਦੀਆਂ ਘਟਨਾਵਾਂ ਆਮ ਹੀ ਵੇਖੀਆਂ ਜਾ ਸਕਦੀਆਂ ਹਨ। ਪੰਜਾਬ ਦੇ ਪੁਰਾਣੇ ਹਾਲਾਤ ਵੀ ਕਿਸੇ ਤੋਂ ਭੁੱਲੇ ਵਿਸਰੇ ਨਹੀਂ। ਉਸ ਵੇਲੇ ਤਾਂ ਲਗਦਾ ਹੀ ਨਹੀਂ ਸੀ ਕਿ ਇਹ ਕਾਲੇ ਦਿਨ ਕਦੇ ਬਦਲਣਗੇ ਵੀ? ਬੇਸ਼ਕ ਸਟੇਟ ਨੇ ਦਹਿਸ਼ਤ ਫੈਲਾਈ, ਰਾਜਨੀਤੀ ਤੇ ਪੁਲੀਸ ਦੀ ਸਾਂਝ ਭਿਆਲੀ ਨੇ ਆਪਣੇ ਰੰਗ ਦਿਖਾਉਣੇ ਆਰੰਭ ਕੀਤੇ ਕਿ ਰਫਤਾ ਰਫਤਾ ਪੰਜਾਬ ਦੇ ਹਾਲਾਤ ਆਮ ਅਵਸਥਾ ਵਿੱਚ ਆਉਣ ਲੱਗ ਪਏ। ਆਮ ਆਦਮੀ ਨੇ ਸੁਖ ਦਾ ਸਾਹ ਲਿਆ। ਦਰਅਸਲ ਲੋਕ ਸ਼ਾਤਰ ਰਾਜਨੀਤਕਾਂ ਅਤੇ ਧਰਮਾਂ ਦੇ ਅਖੌਤੀ ਆਗੂਆਂ ਦੇ ਪਿਛਲੱਗ ਹੁੰਦੇ ਹਨ, ਉਹ ਕਦੇ ਵੀ ਆਪਣੇ ਤਰਕ ਜਾਂ ਦਿਮਾਗ ਨਾਲ ਨਹੀਂ ਸੋਚਦੇ, ਦਿਲ ਤੇ ਭਾਵਨਾ ਦੇ ਵਹਿਣ ਵਿੱਚ ਵਹਿ ਤੁਰਦੇ ਹਨ, ਜਿਸਦੇ ਸਿੱਟੇ ਹਮੇਸ਼ਾ ਗੰਭੀਰ ਹੀ ਨਿਕਲਦੇ ਹਨ ਅਤੇ ਮਨੁੱਖਤਾ ਦਾ ਹਮੇਸ਼ਾ ਇਵੇਂ ਹੀ ਘਾਣ ਹੁੰਦਾ ਆਇਆ ਹੈ।

ਹੁਣ ਹਮਾਸ ਦਾ ਇਜ਼ਰਾਇਲ 'ਤੇ ਆਤੰਕੀ ਹਮਲਾ ਤੇ ਜਵਾਬੀ ਕਾਰਵਾਈ ਵਿੱਚ ਗਾਜ਼ਾ ਪੱਟੀ ਤੇ ਕਤਲੇਆਮ ਤਾਂ ਹੁਣੇ ਦੀ ਗੱਲ ਹੈ, ਜਿਸਦਾ ਨੰਗਾ ਨਾਚ ਅਸੀਂ ਅਖਬਾਰਾਂ ਵਿੱਚ ਪੜ੍ਹ ਵੀ ਰਹੇ ਹਾਂ ਤੇ ਚੈਨਲਾਂ ਤੇ ਦੇਖ ਵੀ ਰਹੇ ਹਾਂ। ਆਮ ਕਰਕੇ ਵਿਸ਼ਵ ਵਿਆਪੀ ਦਹਿਸ਼ਤੀ ਰਾਜਨੀਤੀ ਤੋਂ ਆਮ ਵਿਅਕਤੀ ਅਨਜਾਣ ਹੈ, ਕਰ ਵੀ ਕੀ ਸਕਦਾ ਹੈ? ਪਰ ਆਪਣੇ ਦੇਸ਼, ਪ੍ਰਾਂਤ, ਸ਼ਹਿਰ ਜਾਂ ਪਿੰਡ ਪੱਧਰ ਲਈ ਉਪਰਾਲੇ ਤਾਂ ਉਹ ਕਰ ਹੀ ਸਕਦਾ ਹੈ ਅਤੇ ਉਹ ਦਹਿਸ਼ਤਗਰਦੀ ਦੀ ਪੁਣਛਾਣ ਕਰਦਿਆਂ ਤੇ ਸਹੀ ਸੋਚ ਅਪਣਾਉਂਦਿਆਂ ਇੱਕ ਜ਼ਿੰਮੇਵਾਰ ਨਾਗਰਿਕ ਦੀ ਭੂਮਿਕਾ ਤਾਂ ਨਿਭਾ ਹੀ ਸਕਦਾ ਹੈ। ਕਿਸੇ ਵੀ ਜਾਤ, ਧਰਮ ਨੂੰ ਇੱਥੇ ਕੋਈ ਖਤਰਾ ਨਹੀਂ, ਖਤਰੇ ਦੇ ਅਸੀਂ ਗਲਤ ਅਨੁਮਾਨ ਲਾ ਲੈਂਦੇ ਹਾਂ। ਘਾਗ ਰਾਜਸੀ ਤੇ ਧਾਰਮਿਕ ਆਗੂ ਜਾਂ ਪੁਲੀਸ ਦਾ ਮਾਰੂ ਤੇ ਘਿਨਾਉਣਾ ਕਿਰਦਾਰ ਇਸ ਲਈ ਸਿੱਧੇ ਜ਼ਿੰਮੇਵਾਰ ਠਹਿਰਾਏ ਜਾ ਸਕਦੇ ਹਨ। ਆਮ ਆਦਮੀ ਦਾ ਕੇਵਲ ਇੰਨਾ ਹੀ ਕਸੂਰ ਹੈ ਕਿ ਉਹ ਜਿਸ ਵੀ ਰਾਜਸੀ ਪਾਰਟੀ ਦੇ ਥੋੜ੍ਹਾ ਨੇੜੇ ਹੁੰਦਾ ਹੈ ਜਾਂ ਜਿਸ ਵੀ ਧਰਮ ਵਿੱਚ ਉਹ ਆਸਥਾ ਰੱਖਦਾ ਹੈ, ਉਸ ਬਾਰੇ ਇੱਕ ਵੀ ਸ਼ਬਦ ਸੁਣਨ ਲਈ ਤਿਅਰ ਨਹੀਂ ਹੁੰਦਾ ਤੇ ਥੋੜ੍ਹੀ ਬਹੁਤੀ ਬਹਿਸ ਹੋਣ 'ਤੇ ਮਰਨ ਮਾਰਨ 'ਤੇ ਉਤਾਰੂ ਹੋ ਜਾਂਦਾ ਹੈ, ਜੋ ਇੱਕ ਖਤਰਨਾਕ ਰੁਝਾਨ ਹੈ। ਹਾਂ, ਸਿਰਫਿਰੇ ਚਤੁਰ ਰਾਜਨੀਤਕ ਆਗੂ ਤੇ ਧਰਮਾਂ ਦੇ ਠੇਕੇਦਾਰ ਆਮ ਲੋਕਾਂ ਨੂੰ ਹਨੇਰੇ ਵਿੱਚ ਰੱਖਦਿਆਂ ਆਪਣਾ ਪੱਖ ਮਜ਼ਬੂਤ ਕਰ ਲੈਂਦੇ ਹਨ ਅਤੇ ਆਮ ਆਦਮੀ ਨੂੰ ਦਹਿਸ਼ਤਗਰਦੀ ਲਈ ਪ੍ਰੇਰਣ ਵਿੱਚ ਵੱਡਾ ਰੋਲ ਅਦਾ ਕਰਦੇ ਹਨ। ਕਿਸੇ ਇੱਕ ਰਾਜਸੀ ਪਾਰਟੀ, ਧਰਮ ਜਾਂ ਫਿਰਕੇ ਦੀ ਗੱਲ ਕਰਨੀ ਜ਼ਰੂਰੀ ਨਹੀਂ ਬਣਦੀ, ਕੇਵਲ ਦਹਿਸ਼ਤਗਰਦੀ ਨੂੰ ਅੰਜਾਮ ਦੇਣ ਵਾਲੇ ਮਾੜੇ ਅਨਸਰਾਂ ਤੋਂ ਜਿੰਨਾ ਵੀ ਹੋ ਸਕੇ, ਕਿਨਾਰਾ ਕਰਨ ਦੀ ਵੱਡੀ ਅਵੱਸ਼ਕਤਾ ਹੈ।

ਇਸ ਕਾਰਜ ਲਈ ਸਾਡੇ ਪੱਤਰਕਾਰ, ਕਵੀ, ਲੇਖਕ ਅਤੇ ਸਾਹਿਤਕਾਰ ਵੱਡਾ ਰੋਲ ਨਿਭਾਅ ਸਕਦੇ ਹਨ ਤੇ ਨਿਭਾਉਂਦੇ ਵੀ ਹਨ ਚੂੰਕਿ ਉਹ ਸੰਵੇਦਨਸ਼ੀਲ ਹੁੰਦੇ ਹਨ, ਚੰਗੇ ਮਾੜੇ ਦੀ ਨਿਰਖ ਪਰਖ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੰਦੇ ਹਨ। ਪਰ ਪੂਰੇ ਭਾਰਤ ਅਤੇ ਇਸਦੇ ਵੱਖ ਵੱਖ ਖੇਤਰਾਂ ਵਿੱਚ ਜਦੋਂ ਵੀ ਦਹਿਸ਼ਤਗਰਦੀ ਕਾਰਨ ਹਾਲਾਤ ਬਦਤਰ ਹੋ ਜਾਂਦੇ ਹਨ ਤਾਂ ਕੁਝ ਇੱਕ ਪੱਤਰਕਾਰ ਤੇ ਬੁੱਧੀਜੀਵੀ ਵਰਗ ਵੀ ਇੱਕ ਪਾਸੜ ਕਿਰਦਾਰ ਨਿਭਾਉਂਦਾ ਹੈ। ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਜਿਹੜਾ ਵੀ ਅੱਤਵਾਦੀ ਅੱਤ ਚੁੱਕਦਾ ਹੈ, ਉਹ ਅੱਤਵਾਦੀ ਅਖਾਵਾਉਂਦਾ ਹੈ, ਮਸਲਨ ਉਸ ਨੂੰ ਆਤੰਕਵਾਦੀ, ਉਗਰਵਾਦੀ, ਇੰਤਹਾਪਸੰਦ, ਕਿਸੇ ਵੀ ਨਾਂ ਨਾਲ ਪੁਕਾਰਿਆ ਜਾ ਸਕਦਾ ਹੈ। ਬੇਸ਼ਕ ਅਸੀਂ ਕਿਸੇ ਖਾਸ ਹਵਾਲੇ ਨਾਲ ਕਿਸੇ ਨੂੰ ਖਾੜਕੂ, ਜੁਝਾਰੂ ਜਾਂ ਕੋਈ ਹੋਰ ਨਾਮ ਵੀ ਦੇ ਦੇਈਏ, ਲੇਕਿਨ ਇਸ ਸਭ ਕੁਝ ਦੇ ਬਾਵਜੂਦ ਜੋ ਵੀ ਸ਼ਖਸ (ਜਾਂ ਜਥੇਬੰਦੀ) ਮਨੁੱਖਤਾ ਦਾ ਦੁਸ਼ਮਣ ਹੈ ਤੇ ਲੋਕਾਂ ਦੇ ਕਤਲ ਕਰਨ ਦੇ ਰਸਤੇ ਤੁਰਿਆ ਹੈ, ਉਹ ਸਾਰੀਆਂ ਹਾਲਤਾਂ ਵਿੱਚ ਹੀ ਆਤੰਕੀ ਹੈ, ਇੱਕ ਦਹਿਸ਼ਤਗਰਦ। ਹੁਣ ਦੂਰ ਕਿਉਂ ਜਾਂਦੇ ਹੋ, ਦੁਨੀਆਂ ਭਰ ਵਿੱਚ ਜਿੱਥੇ ਵੀ ਬੇਕਸੂਰ ਬੰਦਿਆਂ ਦੇ ਕਤਲ ਹੁੰਦੇ ਹਨ, ਨਿੱਕੀ ਜਿੰਨੀ ਗੱਲ 'ਤੇ ਉਹਨਾਂ ਨੂੰ ਮਾਰ ਮੁਕਾਇਆ ਜਾਂਦਾ ਹੈ, ਉਸ ਨੂੰ ਆਪਾਂ ਦਹਿਸ਼ਤਗਰਦ ਨਾ ਕਹੀਏ ਤਾਂ ਕੀ ਕਹਾਂਗੇ? ਪੁਰਸ਼ਾ ਤੋਂ ਇਲਾਵਾ ਔਰਤਾਂ ਅਤੇ ਬੱਚਿਆਂ ਤੇ ਅੱਤਿਆਚਾਰ ਕਰਨ ਵਾਲੇ ਅਤੇ ਇਹਨਾਂ ਦੀਆਂ ਗਰਦਣਾ ਕਲਮ ਕਰਨ ਵਾਲੇ ਅਤੇ ਗੋਲੀਆਂ ਨਾਲ ਭੁੰਨਣ ਵਾਲੇ ਆਤੰਕੀ ਜਾਂ ਦਹਿਸ਼ਤੀ ਨਹੀਂ ਤਾਂ ਹੋਰ ਕੀ ਹਨ? ਬੇਸ਼ਕ ਦੁਨੀਆਂ ਦਾ ਕੋਈ ਵੀ ਧਰਮ ਦਹਿਸ਼ਤ ਨਹੀਂ ਸਿਖਾਉਂਦਾ, ਪਿਆਰ ਅਤੇ ਮਹੱਬਤ ਦਾ ਪੈਗਾਮ ਦਿੰਦਾ ਹੈ, ਪ੍ਰੰਤੂ ਧਰਮਾਂ ਦੀ ਪਵਿੱਤਰਤਾ ਦੇ ਉਲਟ ਜਾਂਦਿਆਂ ਦਹਿਸ਼ਤ ਫੈਲਾਉਣ ਵਾਲੇ ਆਪਣੇ ਹੀ ਧਰਮ ਦੇ ਸਭ ਤੋਂ ਵੱਡੇ ਦੁਸ਼ਮਣ ਹੁੰਦੇ ਹਨ। ਔਰੰਗਜ਼ੇਬੀ ਤੇ ਹਿਟਲਰੀ ਇਰਾਦਿਆਂ ਨੂੰ ਰੋਕਣ ਅਤੇ ਠੱਲ੍ਹ ਪਾਉਣ ਦੀ ਅੱਜ ਵੱਡੀ ਲੋੜ ਹੈ। ਹਰ ਇੱਕ ਰੱਬ ਦਾ ਬੰਦਾ ਮਾਨਸਿਕ ਤੇ ਸਰੀਰਕ ਆਜ਼ਾਦੀ ਚਾਹੁੰਦਾ ਹੈ, ਪ੍ਰੰਤੂ ਦਹਿਸ਼ਤਗਰਦ ਸਾਡੀਆਂ ਉਸਾਰੂ ਅਤੇ ਸਾਰਥਕ ਭਾਵਨਾਵਾਂ ਦੇ ਵੀ ਕਾਤਲ ਹਨ।

ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਦਹਿਸ਼ਤਗਰਦੀ ਤੋਂ ਨੀਚ ਕੋਈ ਵਰਤਾਰਾ ਨਹੀਂ ਅਤੇ ਕੋਈ ਵੀ ਕੌਮ ਜਾਂ ਮੁਲਕ ਉਂਨੀ ਦੇਰ ਤਕ ਤਰੱਕੀ ਜਾਂ ਵਿਕਾਸ ਨਹੀਂ ਕਰ ਸਕਦਾ, ਜਿੰਨੀ ਦੇਰ ਤਕ ਉੱਥੋਂ ਦੇ ਲੋਕ ਦਹਿਸ਼ਤ ਦੇ ਸਾਏ ਹੇਠ ਜੀਵਨ ਬਤੀਤ ਕਰਦੇ ਹਨ। ਰੱਬ ਤੇ ਕੁਦਰਤ ਨੇ ਸਾਨੂੰ ਸਾਰਿਆਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕੀਤੇ ਹਨ, ਇਸ ਲਈ ਸਭਿਅਕ ਸਮਾਜ ਵਿੱਚ ਚੱਜ ਅਚਾਰ ਦੀ ਜ਼ਿੰਦਗੀ ਜੀਉਣ ਤੇ ਬਸਰ ਕਰਨ ਲਈ ਸਾਨੂੰ ਸਾਰਿਆਂ ਨੂੰ ਦਹਿਸ਼ਤਗਰਦੀ ਦਾ ਦਮਨ ਕਰਨ ਹਿਤ ਇੱਕ ਜੁਟ ਹੋਣਾ ਹੀ ਪਵੇਗਾ। ਦੁਨੀਆਂ, ਦੇਸ਼ ਜਾਂ ਪ੍ਰਾਂਤ ਦੀ ਤਾਂ ਬਾਅਦ ਵਿੱਚ ਵੇਖੀ ਜਾਵੇਗੀ ਪਹਿਲਾਂ ਸਾਨੂੰ ਆਪਣੇ ਘਰਾਂ ਵਿੱਚ ਬੈਠਕੇ ਹੀ ਇਹ ਅਹਿਦ ਕਰਨਾ ਹੋਵੇਗਾ, ਇੱਕ ਕਸਮ ਲੈਣੀ ਹੋਵੇਗੀ ਕਿ ਮੈਂ ਨਾ ਆਪਣੇ ਘਰਦਿਆਂ ਅੱਗੇ ਦਹਿਸ਼ਤ ਦਾ ਮੁਜ਼ਾਹਰਾ ਕਰਾਂਗਾ ਅਤੇ ਨਾ ਹੀ ਗਲੀ ਗੁਆਂਢ ਤੇ ਪਿੰਡ-ਸ਼ਹਿਰ ਦੇ ਲੋਕਾਂ ਵਿੱਚ ਦਹਿਸ਼ਤ ਫੈਲਾਵਾਂਗਾ ਤੇ ਨਾ ਹੀ ਫੈਲਾਉਣ ਦੇਵਾਂਗਾ, ਬਲਕਿ ਹਰ ਤਰ੍ਹਾਂ ਦੇ ਦਹਿਸ਼ਤੀ ਹਾਲਾਤ ਨੂੰ, ਚਾਹੇ ਉਹ ਦਹਿਸ਼ਤ ਕਿਸੇ ਵੀ ਵਿਚਾਰ, ਵਿਚਾਰਧਾਰਾ ਦੇ ਅਨੁਕੂਲ ਕਿਉਂ ਨਾ ਜਾਂਦੀ ਹੋਵੇ, ਉਸ ਦਾ ਪੂਰਣ ਬੀਜ ਨਾਸ ਕਰਨ ਲਈ ਆਪਣੀ ਪੂਰੀ ਜ਼ਿੰਦਗੀ ਲੜਦਾ ਰਹਾਂਗਾ, ਪੂਰੇ ਜਮਹੂਰੀ ਤਰੀਕੇ ਤੇ ਸਲੀਕੇ ਨਾਲ - ਕਿਉਂਕਿ ਸਭ ਤੋਂ ਖਤਰਨਾਕ ਹੁੰਦਾ ਹੈ ਦਹਿਸ਼ਤਗਰਦ ਹੋਣਾ ਅਤੇ ਦਹਿਸ਼ਤਗਰਦੀ ਨੂੰ ਉਚਿਤ ਠਹਿਰਾਉਣਾ।

Passport Photos
Family Partrait
Graduation
Fashion | Glamour
Photo Restoration
Photography
for all occasions
ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
Any type Unsecured Debt WE CAN REDUCE YOU DEBT BY 70%
ਸਾਡੇ ਰੇਟ ਕਾਫੀ ਵਾਜ਼ਿਬ ਹਨ।
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
Kulwinder Bains
Certified Credit Counseller
778-998-9402
DDS: Diverse Debt Solutions Ltd.
unit # 205-12899-76 Ave. Surrey

"ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਮੁੱਚੀ ਮਨੁੱਖਤਾ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦਿੰਦੀ ਹੈ"




# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ

- ਡਾ. ਮੁਹੰਮਦ ਇਦਰੀਸ

ਸਿੱਖ ਧਰਮ ਦੇ ਪੰਜਵੇਂ ਗੁਰੂ ਸ੍ਰੀ ਅਰਜਨ ਦੇਵ ਦੁਆਰਾ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਅਤੇ ਹਿੰਦੂ, ਮੁਸਲਿਮ ਭਗਤਾਂ ਦੀ ਬਾਣੀ ਇਕੱਤਰ ਕਰਕੇ ਰਾਮਸਰ (ਆਧੁਨਿਕ ਅੰਮ੍ਰਿਤਸਰ) ਵਿਖੇ 1604 ਈਸਵੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਗਈ। ਸ੍ਰੀ ਗੁਰੂ ਅਰਜਨ ਦੇਵ ਦੁਆਰਾ ਭਾਈ ਗੁਰਦਾਸ ਤੋਂ ਇਕੱਤਰ ਕੀਤੀ ਬਾਣੀ ਲਿਖਵਾਈ ਗਈ। ਇਸੇ ਸਾਲ ਗੁਰੂ ਗ੍ਰੰਥ ਸਾਹਿਬ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਾਪਤ ਕੀਤਾ ਗਿਆ। ਸਥਾਪਨਾ ਉਪਰੰਤ ਬਾਬਾ ਬੁੱਢਾ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਪਹਿਲਾ ਗ੍ਰੰਥੀ ਥਾਪਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਥਾਪਨਾ ਦਿਵਸ ਹਰ ਸਾਲ ਸਿੱਖ ਸੰਗਤਾਂ ਵੱਲੋਂ 1 ਸਤੰਬਰ ਨੂੰ ਮਨਾਇਆ ਜਾਂਦਾ ਹੈ। ਇਤਿਹਾਸ ਦਾ ਲੰਮਾ ਸਮਾਂ ਬੀਤਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਤਿੰਨਾਂ ਜਿਲਦਾਂ ਦੇਖੀਆਂ ਗਈਆਂ। ਪਹਿਲੀ ਭਾਈ ਗੁਰਦਾਸ ਵਾਲੀ, ਦੂਸਰੀ ਭਾਈ ਬੰਨੋ ਵਾਲੀ ਅਤੇ ਤੀਸਰੀ ਦਮਦਮਾ ਸਾਹਿਬ ਵਾਲੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਜੋ ਜਿਲਦ ਭਾਈ ਗੁਰਦਾਸ ਤੋਂ ਲਿਖਵਾਈ ਗਈ ਉਸ ਦਾ ਨਾਮ ਭਾਈ ਗੁਰਦਾਸ ਵਾਲੀ ਪ੍ਰਸਿੱਧ ਹੋ ਗਿਆ। ਇਹ ਜਿਲਦ ਕਰਤਾਰਪੁਰ ਵਿਖੇ ਰਹੀ। ਦੂਸਰੀ ਮਾਂਗਟ ਨਿਵਾਸੀ ਭਾਈ ਬੰਨੋ ਵਾਲੀ ਹੈ। ਇਹ ਭਾਈ ਬੰਨੋ ਵਾਲੀ ਦੇ ਨਾਮ 'ਤੇ ਪ੍ਰਸਿੱਧ ਹੈ। ਤੀਸਰੀ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਦਮਦਮਾ ਸਾਹਿਬ ਵਿਖੇ ਆਤਮਿਕ ਸ਼ਕਤੀ ਨਾਲ ਕੰਠ ਤੋਂ ਉਚਾਰਨ ਕਰਕੇ ਜੋ ਬਾਣੀ ਲਿਖਵਾਈ ਗਈ, ਉਸ ਦਾ ਨਾਮ ਦਮਦਮੇ ਵਾਲੀ ਨਾਲ ਪ੍ਰਸਿੱਧ ਹੋਇਆ।

ਸ੍ਰੀ ਗੁਰੂ ਅਰਜਨ ਦੇਵ ਨੀਤੀਵਾਨ, ਵਿਦਵਾਨ, ਫ਼ਿਲਾਸਫ਼ਰ ਅਤੇ ਯੋਗ ਪ੍ਰਬੰਧਕ ਸਨ। ਕਨਿੰਘਮ ਦੇ ਅਨੁਸਾਰ 'ਸ੍ਰੀ ਗੁਰੂ ਅਰਜਨ ਦੇਵ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਗੁਰੂ ਨਾਨਕ ਦੇ ਉਪਦੇਸ਼ਾਂ ਦਾ ਹਰ ਪੱਖੋਂ ਅਧਿਐਨ ਕਰਨ ਉਪਰੰਤ ਇਹ ਮਹਿਸੂਸ ਕੀਤਾ ਕਿ ਇਹ ਉਪਦੇਸ਼ ਸਮਾਜ ਦੇ ਹਰ ਖੇਤਰ ਵਿਚ ਮਾਰਗ ਦਰਸ਼ਕ ਹਨ।" ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਦੇ 974, ਗੁਰੂ ਅੰਗਦ ਦੇਵ ਦੇ 62, ਗੁਰੂ ਅਮਰਦਾਸ ਦੇ 907, ਗੁਰੂ ਰਾਮਦਾਸ ਦੇ 679, ਅਤੇ ਗੁਰੂ ਅਰਜਨ ਦੇਵ ਦੇ 2216 ਸ਼ਬਦ ਹਨ। ਸੋ ਗੁਰੂ ਸਾਹਿਬਾਨ ਵਿੱਚੋਂ ਸਭ ਤੋਂ ਵੱਧ ਯੋਗਦਾਨ ਸ੍ਰੀ ਗੁਰੂ ਅਰਜਨ ਦੇਵ ਦਾ ਹੈ। ਬਾਅਦ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਦੇ 116 ਸ਼ਬਦ ਵੀ ਸ਼ਾਮਲ ਕੀਤੇ ਗਏ।

ਵਿਸ਼ਵ ਮਾਨਵਤਾ ਦੇ ਪ੍ਰਤੀਕ ਇਸ ਧਾਰਮਿਕ ਗ੍ਰੰਥ ਦੀ ਵਿਲੱਖਣਤਾ ਇਹ ਹੈ ਕਿ ਇਸ ਵਿੱਚ ਮੁਸਲਿਮ ਅਤੇ ਹਿੰਦੂ 16 ਭਗਤਾਂ ਦੀ ਬਾਣੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਦੇ ਨਾਮ ਸ਼ੇਖ਼ ਫ਼ਰੀਦ, ਕਬੀਰ, ਤਰਲੋਚਨ ਬੇਨੀ, ਰਾਮਦਾਸ, ਨਾਮਦੇਵ, ਜੈਦੇਵ, ਭੀਖਣ, ਸੈਣ, ਪੀਪਾ, ਰਾਮਾਨੰਦ, ਪਰਮਾਨੰਦ, ਸਧਨਾ ਅਤੇ ਸੂਰਦਾਸ ਸਨ।16ਵੇਂ ਬਾਰੇ ਕੁਝ ਕੁ ਵਿਦਵਾਨਾਂ ਦਾ ਵਿਚਾਰ ਹੈ ਕਿ ਭਾਈ ਮਰਦਾਨਾ ਸਨ। ਕੁਝ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ। ਇਸ ਤੋਂ ਇਲਾਵਾ ਸ੍ਰੀ ਗੁਰੂ ਅਰਜਨ ਦੁਆਰਾ 15 ਭੱਟਾਂ ਦੀਆਂ ਰਚਨਾਵਾਂ ਸਵੱਯੀਏ ਵੀ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਭੱਟਾਂ ਦੇ ਨਾਮ ਕ੍ਰਮਵਾਰ ਭਲਾਊ, ਭੀਖ਼ਾ, ਬਾਲ, ਗੰਗਾ, ਹਰੀਬੰਸ, ਜਲਾਊ, ਜਲਾਪ, ਕਾਲ, ਕਲਾਸ, ਕਾਲਾਸਰ, ਕੀਰਤ, ਮਥਰਾ, ਨੰਦ ਲਾਲ, ਕੀਕਾ ਅਤੇ ਰਦ ਸਨ। ਪੰਥ ਪ੍ਰਕਾਸ਼ ਪੁਸਤਕ ਦੇ ਕਰਤਾ ਗਿਆਨੀ ਗਿਆਨ ਸਿੰਘ ਅਨੁਸਾਰ ਇਹ ਸਾਰੇ ਭੱਟ ਬ੍ਰਾਹਮਣ ਸਨ। ਉਪਰੋਕਤ ਤੋਂ ਇਲਾਵਾ ਸੱਤਾ ਤੇ ਬਲਵੰਡ ਦੀ ਵਾਰ ਵੀ ਸ਼ਾਮਲ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ੁਰੂਆਤ ਜਪੁਜੀ ਸਾਹਿਬ ਨਾਲ ਹੁੰਦੀ ਹੈ। ਇਹ ਗੁਰੂ ਨਾਨਕ ਦੀ ਰਚਨਾ ਹੈ। ਇਸ ਨੂੰ 'ਮੂਲਮੰਤਰ' ਵੀ ਕਿਹਾ ਜਾਂਦਾ ਹੈ। ਇਸ ਦਾ ਪਾਠ ਸਵੇਰ ਨੂੰ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਸੋਦਰ ਰਹਿ ਰਾਸ, ਸੋ ਪੁਰਖ, ਕੀਰਤਨ ਸੋਹਲਾ ਅਤੇ ਮੁੱਖ ਭਾਗ ਆਉਂਦੇ ਹਨ। ਮੁੱਖ ਭਾਗ 31 ਰਾਗਾਂ ਅਨੁਸਾਰ ਵੰਡਿਆ ਹੋਇਆ ਹੈ। ਬਾਦੀ ਦੀ ਤਰਤੀਬ ਗੁਰੂ ਸਾਹਿਬਾਨ ਦੇ ਅਨੁਸਾਰ ਹੈ। ਗੁਰੂ ਨਾਨਕ, ਅੰਗਦ, ਅਮਰਦਾਸ, ਰਾਮਦਾਸ, ਗੁਰੂ ਅਰਜਨ ਅਤੇ ਗੁਰੂ ਤੇਗ਼ ਬਹਾਦਰ ਦੇ ਸ਼ਬਦ ਹਨ। ਹਰ ਰਾਗ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਉਪਰੰਤ ਭਗਤਾਂ ਦੀ ਬਾਣੀ ਤਰਤੀਬ ਵਾਰ ਦਿੱਤੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਧਾਰਮਿਕ ਗ੍ਰੰਥ ਹੈ ਜੋ ਧਰਮਾਂ ਦੀ ਵੰਡ ਤੋਂ ਉਪਰ ਹੈ। ਅਬੁਲ ਫ਼ਜ਼ਲ ਦੁਆਰਾ ਆਈਨ-ਏ-ਅਕਬਰੀ ਵਿੱਚ ਲਿਖਿਆ ਹੈ ਕਿ ਮੁਗ਼ਲ ਬਾਦਸ਼ਾਹ ਜਲਾਲਉਦੀਨ ਮੁਹੰਮਦ ਅਕਬਰ (1556-1605) ਦੁਆਰਾ ਇਸ ਗ੍ਰੰਥ ਨੂੰ ਪਹਿਲੀ ਵਾਰ ਦੇਖਣ ਉਪਰੰਤ ਕਿਹਾ ਗਿਆ ਕਿ 'ਇਹ ਮਹਾਨ ਕਿਤਾਬ ਸਤਿਕਾਰਯੋਗ ਹੈ'। ਇਹ ਗ੍ਰੰਥ ਭਾਵੇਂ ਧਾਰਮਿਕ ਹੈ, ਪਰ ਮੱਧਕਾਲੀਨ ਸਮਾਜ ਖਾਸ ਤੌਰ 'ਤੇ ਗੁਰੂਕਾਲ ਦੀ ਰਾਜਨੀਤਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਸਭਿਆਚਾਰਕ ਹਾਲਤ ਦਾ ਇਹ ਅਤਿ ਮਹੱਤਵਪੂਰਨ ਮੁੱਢਲਾ ਸ੍ਰੋਤ ਹੈ। ਬਾਬਰ ਬਾਣੀ ਵਿਚ ਗੁਰੂ ਨਾਨਕ ਦੁਆਰਾ ਸਮੇਂ ਦੇ ਬਾਦਸ਼ਾਹ ਜ਼ਹੀਰਉਦੀਨ ਮੁਹੰਮਦ ਬਾਬਰ (1526-1530 ਈਸਵੀ) ਦੇ ਲੋਧੀ ਸੁਲਤਾਨ ਇਬਰਾਹੀਮ ਲੋਧੀ ਉਪਰ ਕੀਤੇ ਗਏ ਹਮਲੇ ਸਮੇਂ ਦੀ ਹਾਲਤ ਨੂੰ ਬਿਆਨ ਕੀਤਾ ਹੈ। ਸਮਾਜਿਕ ਹਾਲਤ, ਪਰਿਵਾਰਕ ਰਿਸ਼ਤੇ, ਜਨਮ ਮਰਨ, ਵਿਆਹ, ਸਮਾਜਿਕ ਕੁਰੀਤੀਆਂ ਸਤੀ, ਪਰਦਾ, ਬਾਲ ਵਿਆਹ,ਔਰਤ ਦੀ ਸਥਿਤੀ, ਵਿਧਵਾ ਔਰਤ ਬਾਰੇ ਖਾਸ ਤੌਰ 'ਤੇ ਬਾਰੇ ਥਾਂ-ਥਾਂ 'ਤੇ ਹਵਾਲੇ ਮਿਲਦੇ ਹਨ।

ਨਾਨਕ ਬਾਣੀ ਵਿਚ ਗੁਰੂ ਨਾਨਕ ਦੁਆਰਾ ਧਰਮ-ਕਰਮ ਦੇ ਠੇਕੇਦਾਰਾਂ, ਕਾਜ਼ੀਆਂ, ਉਲੇਮਾ ਵਰਗ, ਹਿੰਦੂ ਪੁਜਾਰੀਆਂ ਅਤੇ ਬ੍ਰਾਹਮਣਾਂ 'ਤੇ ਚੋਟ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਗਿਆਨ ਮਿਲਦਾ ਹੈ ਕਿ ਮੁਸਲਿਮ ਕਾਜ਼ੀ ਝੂਠ ਬੋਲਦਾ ਹੈ, ਰਿਸ਼ਵਤ ਲੈਂਦਾ ਹੈ। ਬ੍ਰਾਹਮਣ ਪਾਠ ਪੜ੍ਹਦਾ ਹੈ, ਪ੍ਰੰਤੂ ਉਸ ਦਾ ਮਤਲਬ ਸਮਝ ਨਹੀਂ ਰਿਹਾ। ਯੋਗੀ ਜੋ ਕਿ ਅਧਿਆਤਮਿਕਤਾ ਦਾ ਮਾਰਗ ਦਰਸ਼ਕ ਹੈ, ਉਸ ਨੂੰ ਆਪਣੇ ਟੀਚੇ ਬਾਰੇ ਹੀ ਗਿਆਨ ਨਹੀਂ ਹੈ। ਇਹ ਤਿੰਨੋਂ ਹੀ ਮਾਨਵਤਾ ਨੂੰ ਵਿਨਾਸ਼ ਵੱਲ ਲਿਜਾ ਰਹੇ ਹਨ। ਮੁਸਲਮਾਨ ਨਮਾਜ਼ ਤੋਂ ਕੋਹਾਂ ਦੂਰ ਹੈ। ਹਿੰਦੂ ਸਮਾਜ ਦੀ ਵੰਡ ਵੱਖ-ਵੱਖ ਵਰਗਾਂ ਬ੍ਰਾਹਮਣ, ਕਸ਼ੱਤਰੀ, ਸੂਦਰ ਅਤੇ ਵੈਸ਼ ਵਿਚ ਹੋਈ ਹੈ। ਸੋ ਗੁਰੂਕਾਲ ਦੀ ਸਮਾਜਿਕ ਹਾਲਤ, ਮੁਸਲਿਮ, ਹਿੰਦੂ ਸਭਿਆਚਾਰਾਂ ਬਾਰੇ ਵਿਸਥਾਰਪੂਰਵਕ ਹਵਾਲੇ ਮਿਲਦੇ ਹਨ।

ਭਾਸ਼ਾਈ ਪੱਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਰਲ, ਸਪੱਸ਼ਟ ਅਤੇ ਲੋਕਾਈ ਦੇ ਸਮਝ ਆਉਣ ਵਾਲੀ ਸ਼ੈਲੀ ਵਿਚ ਸੰਪਾਦਤ ਕੀਤਾ ਗਿਆ ਹੈ। ਗੁੰਝਲਦਾਰ, ਧਾਰਮਿਕ ਫ਼ਿਲਾਸਫ਼ੀ ਤੋਂ ਦੂਰ ਇਸ ਦੀ ਸਾਹਿਤਕ ਭਾਸ਼ਾ ਹਰ ਪੜ੍ਹਨ ਵਾਲੇ ਦੇ ਦਿਮਾਗ 'ਤੇ ਸਿੱਧਾ ਅਸਰ ਕਰਦੀ ਹੈ। ਖੁਸ਼ਵੰਤ ਸਿੰਘ ਅਨੁਸਾਰ 'ਆਦਿ ਗ੍ਰੰਥ ਦੀ ਲਿਖਣ ਕਲਾ ਅਜੇ ਤਾਈਂ ਜੋ ਕੁਝ ਪੰਜਾਬੀ ਸਾਹਿਤ ਵਿਚ ਲਿਖਿਆ ਗਿਆ ਹੈ ਉਸ ਦਾ ਸਭ ਤੋਂ ਉੱਤਮ ਪ੍ਰਤੀਕ ਹੈ। ਇਸ ਵਿਚ ਹਰ ਤਰ੍ਹਾਂ ਦੀ ਰੂਪਤਾ ਹੈ, ਜੋ ਪਿੱਛੋਂ ਹੋਣ ਵਾਲੇ ਲੇਖਕਾਂ ਵਿੱਚ ਨਹੀਂ ਸੀ। ਇਸ ਦੀ ਰਚਨਾ ਦੀ ਸੁੰਦਰਤਾ ਦੀ ਅਪੀਲ ਸ਼ਕਤੀਸ਼ਾਲੀ ਹੈ।' ਟਰੰਪ ਨੇ ਇਸ ਨੂੰ ਭਾਰਤੀ ਭਾਸ਼ਾਵਾਂ ਦੇ ਮਿਸ਼ਰਣ ਦਾ ਖ਼ਜ਼ਾਨਾ ਕਿਹਾ ਹੈ। ਜੈਦੇਵ ਦੀ ਬਾਣੀ ਸੰਸਕ੍ਰਿਤ ਦੇ ਨੇੜੇ ਹੈ, ਨਾਮਦੇਵ ਅਤੇ ਤਰਲੋਚਨ ਦੱਖਣ ਤੋਂ ਸਨ, ਉਨ੍ਹਾਂ ਦੀ ਬਾਣੀ ਮਰਾਠੀ ਭਾਸ਼ਾ ਤੋਂ ਪ੍ਰਭਾਵਿਤ ਹੈ। ਕਬੀਰ ਅਤੇ ਰਾਮਾਨੰਦ ਦੀਆਂ ਲਿਖਤਾਂ ਹਿੰਦੀ ਭਾਸ਼ਾ ਵਿਚ ਹਨ। ਇਕ ਦੋ ਪੰਕਤੀਆਂ ਪੂਰਨ ਫ਼ਾਰਸੀ ਭਾਸ਼ਾ ਵਿਚ ਹਨ। ਸ਼ੇਖ਼ ਫ਼ਰੀਦ ਦੀ ਬਾਣੀ ਪੰਜਾਬੀ ਸ਼ਰਾਇਕੀ ਵਿੱਚ ਹੈ। ਸੋ ਇਹ ਸੰਸਕ੍ਰਿਤ, ਮਰਾਠੀ, ਹਿੰਦੀ, ਫ਼ਾਰਸ਼ੀ ਅਤੇ ਪੰਜਾਬੀ ਭਾਸ਼ਾਵਾਂ ਦਾ ਮਿਸ਼ਰਤ ਰੂਪ ਹੈ।

ਸਮੁੱਚੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ 1469 ਤੋਂ 1708 ਈਸਵੀ ਕਾਲ ਦਾ ਮਹੱਤਵਪੂਰਨ ਤੇ ਮੁੱਢਲਾ ਸ੍ਰੋਤ ਹੈ। ਗੋਰਡਨ ਅਨੁਸਾਰ 'ਜੇ ਸਿੱਖ ਜਾਤੀ ਦੀ ਸੁਤੰਤਰ ਹੋਂਦ ਕਾਇਮ ਰੱਖਣੀ ਸੀ ਤਾਂ ਇਹ ਜ਼ਰੂਰੀ ਸੀ ਕਿ ਉਨ੍ਹਾਂ ਨੂੰ ਧਾਰਮਿਕ ਪ੍ਰੇਰਨਾ ਦੇਣ ਦਾ ਇੱਕ ਸੁਤੰਤਰ ਸ੍ਰੋਤ ਹੁੰਦਾ। ਸਿੱਖਾਂ ਨੂੰ ਆਪਣੀ ਲਿਖਤ ਅਤੇ ਭਾਸ਼ਾ ਦਿੱਤੀ ਜਾ ਚੁੱਕੀ ਸੀ। ਹੁਣ ਉਨ੍ਹਾਂ ਨੂੰ ਕੇਵਲ ਨਿਸ਼ਚਤ ਸਾਹਿਤ ਦੇਣ ਦੀ ਜ਼ਰੂਰਤ ਸੀ। ਜੋ ਉਨ੍ਹਾਂ ਦੇ ਵਿਕਾਸ ਦਾ ਇੱਕ ਪੱਕਾ ਆਧਾਰ ਸਿੱਧ ਹੋ ਸਕੇ। 'ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਜੀਵਨਕਾਲ ਦੌਰਾਨ ਇਸ ਮਹੱਤਵਪੂਰਨ ਗ੍ਰੰਥ ਦੀ ਜ਼ਰੂਰਤ ਨੂੰ ਅਨੁਭਵ ਕਰਦੇ ਹੋਏ ਪੂਰਾ ਕੀਤਾ। ਇੰਦੂ ਭੂਸ਼ਣ ਬੈਨਰਜੀ ਅਨੁਸਾਰ 'ਪਾਠ ਕਰਨਾ ਸਿੱਖ ਧਰਮ ਦਾ ਜ਼ਰੂਰੀ ਅੰਗ ਸੀ। ਵਾਸਤਵ ਵਿੱਚ ਇਹ ਧਾਰਮਿਕ ਅਭਿਆਸ ਦਾ ਢੰਗ ਸੀ। ਇਸ ਲਈ ਜ਼ਰੂਰੀ ਸੀ ਕਿ ਗੁਰੂ ਸਾਹਿਬਾਨ ਦੇ ਸ਼ਬਦਾਂ ਨੂੰ ਇਕੱਠਾ ਕੀਤਾ ਜਾਵੇ।' ਨਿਰਸੰਦੇਹ ਇਹ ਸਿੱਖ ਧਰਮ ਦੀ ਵੱਖਰੀ ਪਹਿਚਾਣ ਦਾ ਆਧਾਰ ਬਣਿਆ ਅਤੇ ਬਣਤਰ ਪੱਖੋਂ ਵਿਸ਼ਵ ਮਾਨਵਤਾ ਭਾਵ ਸਰਬਤ ਦੇ ਭਲੇ ਦੇ ਪ੍ਰਤੀਕ ਵੱਜੋਂ ਵੀ ਸਥਾਪਤ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਾ ਵਸਤੂ ਅਤੇ ਮਾਨਵਤਾ ਨਾਲ ਸਬੰਧਤ ਇਸ ਦੇ ਵੱਖ-ਵੱਖ ਸਰੋਕਾਰਾਂ ਨਾਲ ਸਬੰਧਤ ਅਨੇਕਾਂ ਕਾਰਜ ਹੋਏ ਹਨ। ਵੱਖ-ਵੱਖ ਦੇਸ਼ਾਂ, ਮਹਾਂਦੀਪਾਂ ਵਿੱਚ ਇਹ ਧਾਰਮਿਕ ਬੰਧਨ, ਨਸਲ, ਕਿੱਤੇ ਅਤੇ ਊਚ-ਨੀਚ ਦੇ ਭਾਵ ਤੋਂ ਉਪਰ ਉਠ ਕੇ ਹੋ ਰਹੇ ਹਨ। ਅਕਾਦਮਿਕ ਅਤੇ ਖੋਜ ਕਾਰਜਾਂ ਦੇ ਵਿਸ਼ੇ, ਸਮਾਜਿਕ, ਆਰਥਿਕ, ਰਾਜਨੀਤਕ, ਨੈਤਿਕ, ਵਾਤਾਵਰਣਕ, ਭੂਗੋਲਿਕ ਅਤੇ ਬਨਸਪਤੀ ਆਦਿ ਹਨ। ਇਹ ਕਾਰਜ ਬਰਤਾਨਵੀ ਰਾਜਕਾਲ ਤੋਂ ਹੀ ਹੋ ਰਹੇ ਹਨ। ਆਜ਼ਾਦੀ ਉਪਰੰਤ ਕੁਝ ਮਹੱਤਵਪੂਰਨ ਤੇ ਪ੍ਰਸਿੱਧ ਵਿਦਵਾਨਾਂ ਹਰਬੰਸ ਸਿੰਘ, ਜਗਤਾਰ ਸਿੰਘ ਗਰੇਵਾਲ, ਪਸ਼ੌਰਾ ਸਿੰਘ ਅਤੇ ਜਸਪਾਲ ਸਿੰਘ ਦੇ ਖੋਜ ਕਾਰਜਾਂ ਨੇ ਅਕਾਦਮਿਕਤਾ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਅਤੇ ਨਿਵੇਕਲੀ ਪਹਿਚਾਣ ਬਣਾਈ ਹੈ। ਬਲਵਿੰਦਰਜੀਤ ਕੌਰ ਭੱਟੀ, ਇੰਚਾਰਜ, ਪੰਜਾਬ ਇਤਿਹਾਸ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਾਜਿਕ ਸਰੋਕਾਰ' ਵਿਸ਼ੇ 'ਤੇ (ਚੇਤਨਾ ਪ੍ਰਕਾਸ਼ਨ ਲੁਧਿਆਣਾ,2012) ਨਵੀਂ ਪੁਸਤਕ ਪ੍ਰਕਾਸ਼ਿਤ ਕਰਵਾਈ ਹੈ। ਇਸ ਪੁਸਤਕ ਦੀ ਭੂਮਿਕਾ ਸਿੱਖ ਰਾਜਨੀਤੀ, ਧਰਮ ਸ਼ਾਸਤਰ, ਚਿੰਤਕ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਵੱਲੋਂ ਲਿਖੀ ਗਈ ਹੈ। ਡਾ. ਜਸਪਾਲ ਸਿੰਘ ਅਨੁਸਾਰ ਲੇਖਿਕਾ ਨੇ ਸਮਾਜਿਕ ਦਰਜੇਬੰਦੀ ਦੇ ਆਧਾਰ ਵਜੋਂ ਰਾਜਨੀਤੀ, ਸਮਾਜਿਕ ਸੰਗਠਨ, ਧਰਮ, ਭਾਸ਼ਾ ਆਦਿ ਨੂੰ ਦਰਸਾ ਕੇ ਆਰਥਿਕਤਾ ਨੂੰ ਇਸ ਦੀ ਕੇਂਦਰੀ ਚੂਲ ਨਿਰਧਾਰਨ ਕੀਤਾ ਹੈ। ਅਮੀਰੀ ਅਤੇ ਗਰੀਬੀ ਦੀਆਂ ਸਥਿਤੀਆਂ ਵਿੱਚੋਂ ਮੱਧ ਵਰਗ ਦੀ ਸੁਚੱਜੀ ਜੀਵਨ ਜਾਚ ਸੁਝਾਈ ਗਈ ਹੈ। ਸਮਾਜਿਕ ਵਿਗਿਆਨ ਅਤੇ ਇਤਿਹਾਸ ਦੇ ਵਿਦਿਆਰਥੀਆਂ, ਖੋਜਾਰਥੀਆਂ ਅਤੇ ਵਿਦਵਾਨਾਂ ਦੇ ਗਿਆਨ ਵਿੱਚ ਵਾਧਾ ਕਰਨ ਵਾਲੀ ਇਹ ਪੁਸਤਕ ਪੜ੍ਹਨ ਯੋਗ ਹੈ।

ਸਮੁੱਚੇ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਸ਼ਵ ਦੀਆਂ ਕਈ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕਾ ਹੈ। ਅੰਗਰੇਜ਼ੀ ਭਾਸ਼ਾ ਵਿਚ ਗੁਰਬਚਨ ਸਿੰਘ ਤਾਲਿਬ ਵੱਲੋਂ ਕੀਤਾ ਗਿਆ। ਫਰੈਂਚ, ਹਿੰਦੀ, ਉਰਦੂ ਭਾਸ਼ਾਵਾ ਅਤੇ ਸ਼ਾਹਮੁਖੀ ਵਿਚ ਵੀ ਅਨੁਵਾਦ ਹੋ ਚੁੱਕਾ ਹੈ। ਇੰਟਰਨੈੱਟ ਦੇ ਵਰਤੋਕਾਰਾਂ ਲਈ ਵੱਖ-ਵੱਖ ਦੇਸ਼ਾਂ ਵਿੱਚ ਅਨੇਕਾਂ ਸਵੈ-ਸੇਵੀ ਸੰਗਠਨਾਂ ਵੱਲੋਂ ਯੋਗਦਾਨ ਪਾਇਆ ਜਾ ਰਿਹਾ ਹੈ। ਇਹ ਗ੍ਰੰਥ ਜਿੱਥੇ ਸਿੱਖ ਧਰਮ ਦੀ ਵੱਖਰੀ ਪਹਿਚਾਣ ਲਈ ਕੜੀ ਦਾ ਵਿਸ਼ੇਸ਼ ਅੰਗ ਬਣਿਆ, ਉਸ ਦੇ ਨਾਲ ਹੀ ਇਸ ਨੇ ਵਿਸ਼ਵ ਮਾਨਵਤਾ ਅਤੇ ਮਿਸ਼ਰਤ ਸੱਭਿਆਚਾਰ ਦੇ ਖੇਤਰ ਵਿੱਚ ਮਾਰਗ ਦਰਸ਼ਤਾ ਸਥਾਪਤ ਕੀਤੀ ਹੈ।

ਨੀਆਂ ਵਿਚਲੀਆਂ ਅਨੇਕਾਂ ਪ੍ਰਸਥਿਤੀਆਂ ਦੀ ਸਾਨੂੰ ਸਮਝ ਨਹੀਂ ਅਤੇ ਇਨ੍ਹਾਂ ਬਾਰੇ ਮਨਾਂ ਅੰਦਰ ਸੁਆਲ ਵੀ ਉੱਠਦੇ ਰਹਿੰਦੇ ਹਨ। ਅਜਿਹੇ ਵਧੇਰੇ ਪ੍ਰਸ਼ਨ ਜੀਵਨ ਅਤੇ ਸਾਡੇ ਆਪਣੇ ਬਾਰੇ ਹਨ। ਜੀਵਨ ਸਾਡੇ ਸੋਚ ਸਕਣ ਨਾਲੋਂ ਵੱਧ ਗੁੰਝਲਦਾਰ ਹੈ, ਜਦੋਂਕਿ ਅਸੀਂ ਖ਼ੁਦ ਤਾਂ ਜੀਵਨ ਨਾਲੋਂ ਵੀ ਵੱਧ ਗੁੰਝਲਦਾਰ ਹਾਂ। ਇਹ ਪ੍ਰਸ਼ਨ ਸਾਡੇ ਲਈ ਸਦਾ ਵੰਗਾਰ ਬਣੇ ਰਹੇ ਕਿ ਅਸੀਂ ਸੰਸਾਰ ਵਿੱਚ ਕਿਉਂ ਹਾਂ, ਕਿੱਥੋਂ ਆਏ ਹਾਂ ਅਤੇ ਅਸੀਂ ਅਜਿਹਾ ਵਤੀਰਾ ਕਿਉਂ ਧਾਰਨ ਕੀਤਾ ਹੋਇਆ ਹੈ ਕਿ ਅਸੀਂ ਇੱਕ ਦੂਜੇ ਦੇ ਹੀ ਨਹੀਂ, ਆਪਣੇ ਆਪ ਦੇ ਵੀ ਵੈਰੀ ਬਣੇ ਵਿਚਰ ਰਹੇ ਹਾਂ? ਵਿਗਿਆਨ ਇਨ੍ਹਾਂ ਸੁਆਲਾਂ ਦੇ ਜੁਆਬ ਜੀਵਨ ਦੇ ਹੋਏ ਵਿਕਾਸ ਵਿੱਚੋਂ ਲੱਭ ਰਿਹਾ ਹੈ ਅਤੇ ਇਸ ਪ੍ਰਸਥਿਤੀ ਵਿੱਚੋਂ ਲੱਭ ਰਿਹਾ ਹੈ ਕਿ ਅਸੀਂ ਬਣਮਾਨਸ ਦੀ ਸੰਤਾਨ ਹਾਂ। ਵਿਗਿਆਨ ਦਰਸਾ ਰਿਹਾ ਹੈ ਕਿ ਮਨੁੱਖ ਆਪਣੇ ਸੋਚਦੇ-ਵਿਚਾਰਦੇ ਦਿਮਾਗ਼ ਕਰਕੇ ਹੀ ਨਿਰਾਲਾ ਪ੍ਰਾਣੀ ਹੈ ਜਿਹੜਾ ਗਿਆਨ ਗ੍ਰਹਿਣ ਕਰਨ ਲਈ ਸਦਾ ਉਤਾਵਲਾ ਰਹਿੰਦਾ ਹੈ। ਜੋ ਕੁਝ ਮਨੁੱਖ ਦਾ ਦਿਮਾਗ਼ ਜਾਣ ਲੈਂਦਾ ਹੈ, ਉਸ ਦੀ ਵਿਆਖਿਆ ਕਰਦਿਆਂ ਇਹ ਉਸ ਦਾ ਲਾਭ ਲੈਣ ਦੇ ਰਾਹ ਵੀ ਲੱਭਦਾ ਰਹਿੰਦਾ ਹੈ। ਦਿਮਾਗ਼ ਵਿੱਚੋਂ ਪੁੰਗਰਦੇ ਮਨ ਦੀ ਅਜਿਹੀ ਸੰਚਾਲਕ ਅਵਸਥਾ ਮਨੁੱਖ ਦੇ ਵਿਚਰਨ, ਇਸ ਦੇ ਸੱਭਿਆਚਾਰ ਦੇ ਪੁੰਗਰਨ ਅਤੇ ਫਿਰ ਸੱਭਿਆਚਾਰ ਵਿਕਸਿਤ ਹੁੰਦੇ ਰਹਿਣ ਦਾ ਕਾਰਨ ਬਣਦੀ ਰਹੀ। ਵਿਕਸਿਤ ਹੋ ਰਹੇ ਸੱਭਿਆਚਾਰ ਨੇ ਕਾਸ਼ਤ, ਵਪਾਰ, ਧਰਮ ਅਤੇ ਛੇਕੜ ਵਿਗਿਆਨ ਨੂੰ ਜਨਮ ਦਿੱਤਾ।

ਇਨਸਾਨ ਜਦੋਂ ਤੋਂ ਬਣਮਾਨਸ ਤੋਂ ਇਨਸਾਨ ਬਣਿਆ ਇਸ ਨੇ ਆਪਣੇ ਸੁੱਖ ਸਹੂਲਤਾਂ ਲਈ ਅਨੇਕਾਂ ਕਾਢਾਂ ਕੱਢ ਮਾਰੀਆਂ। ਇਹ ਕਾਢਾਂ ਪਹਿਲਾਂ ਤਾਂ ਸਿਰਫ਼ ਮਨੁੱਖਤਾ ਦੇ ਭਲੇ ਲਈ ਹੀ ਇਜਾਦ ਕੀਤੀਆਂ ਜਾਂਦੀਆਂ ਸਨ, ਫਿਰ ਜਿਵੇਂ ਜਿਵੇਂ ਸਮਾਂ ਬਦਲਿਆਂ ਇਨਸਾਨ ਦੇ ਸੋਚਣ ਦਾ ਢੰਗ ਵੀ ਬਦਲਦਾ ਗਿਆ। ਇਸ ਨੇ ਜਿੱਥੇ ਵਿਗਿਆਨ ਨਾਲ ਕਈ ਹੈਰਾਨੀਜਨਕ ਕ੍ਰਿਸ਼ਮੇ ਕੀਤੇ ਉੱਥੇ ਹੀ ਆਪਣੇ ਆਪ ਨੂੰ ਪੈਦਾ ਕਰਨ ਵਾਲੇ ਨੂੰ ਦੇਖਣ ਲਈ ਧਰਮ ਅਤੇ ਧਾਰਮਿਕ ਗ੍ਰੰਥਾਂ ਦੀ ਸਿਰਜਣਾ ਕੀਤੀ। ਧਰਮ ਨੂੰ ਬਣਾਉਣ ਵਿੱਚ ਸਾਡੇ ਪੀਰ ਪੈਗੰਬਰਾਂ, ਗੁਰੂਆਂ ਅਤੇ ਦੇਵੀ-ਦੇਵਤਿਆਂ ਦਾ ਮਕਸਦ ਸੀ ਕਿ ਇਨਸਾਨ ਰੱਬ ਨਾਲ ਜੁੜਿਆ ਰਹੇਗਾ, ਪਰ ਉਹਨਾਂ ਨੂੰ ਸ਼ਾਇਦ ਇਹ ਨਹੀਂ ਸੀ ਪਤਾ ਕਿ ਇਹ ਧਰਮ ਹੀ ਕਿਸੇ ਦਿਨ ਇਨਸਾਨ ਨੂੰ ਇਨਸਾਨ ਦਾ ਦੁਸ਼ਮਣ ਬਣਾ ਦੇਵੇਗਾ। ਅੱਜ ਦੁਨੀਆ ਭਰ ਵਿੱਚ ਜਿੰਨੇ ਵੀ ਧਰਮ ਹਨ ਉਨ੍ਹਾਂ ਸਭ ਅੰਦਰ ਰੱਬ ਦੀ ਗੱਲ ਘੱਟ ਅਤੇ ਸਿਆਸਤ ਦੀ ਗੱਲ ਵੱਧ ਕੀਤੀ ਜਾ ਰਹੀ ਹੈ, ਖਾਸਕਰ ਭਾਰਤੀ ਸੰਸਕ੍ਰਿਤੀ ਵਾਲੇ ਧਰਮਾਂ ਵਿੱਚ। ਭਾਰਤੀ ਸੰਸਕ੍ਰਿਤੀ ਜਿਸ ਦੀ ਵਿਸ਼ਾਲਤਾ ਨੂੰ ਕੋਈ ਵੀ ਨਾਪ ਨਹੀਂ ਸਕਦਾ, ਪਰ ਪਤਾ ਨਹੀਂ ਕਿਉਂ ਇਸ ਦੇ ਪੈਰੋਕਾਰ ਹਿੰਸਾ ਦੇ ਸ਼ਿਕਾਰ ਕਿਵੇਂ ਹੋ ਰਹੇ ਹਨ? ਇਨਾਂ ਕਾਰਵਾਈਆਂ ਤੋਂ ਇੰਝ ਜਾਪ ਰਿਹਾ ਹੈ ਕਿ ਇਨਸਾਨ ਫਿਰ ਤੋਂ ਬਨਮਾਨਸ ਬਣਨ ਵੱਲ ਜਾ ਰਿਹਾ ਹੈ। ਹਰ ਪਾਸੇ ਜਿਸ ਤਰ੍ਹਾਂ ਇਨਸਾਨ ਮਾੜੇ ਕਰਮਾਂ ਵਿੱਚ ਗਲਤਾਨ ਹੋ ਰਿਹਾ ਹੈ। ਬਿਨ੍ਹਾਂ ਸੋਚੇ ਸਮਝੇ ਅਜਿਹੇ ਕੰਮਾਂ ਨੂੰ ਦੇਸ਼-ਵਿਦੇਸ਼ ਵਿੱਚ ਅੰਜਾਮ ਦੇ ਰਿਹਾ ਹੈ, ਜਿਸ ਨਾਲ ਇਕੱਲੇ ਉਸ ਦੀ ਹੀ ਨਹੀਂ ਸਗੋਂ ਦੇਸ਼ ਦੀ ਸਾਖ਼ ਵੀ ਵਿਗੜ ਰਹੀ ਹੈ। ਇਨਾਂ ਕੰਮਾਂ ਤੋਂ ਇਨਸਾਨ ਦੀ ਸੋਚ ਪ੍ਰਤੀ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੋ ਰਹੇ ਹਨ। ਹੋਰ ਤਾਂ ਹੋਰ ਧਾਰਮਿਕ ਬਿਰਤੀ ਵਾਲੇ ਲੋਕ ਵੀ ਸੁਆਰਥੀ ਜਾਂ ਅਗਿਆਨੀ ਬਣਦੇ ਜਾ ਰਹੇ ਹਨ, ਜਿਸ ਕਾਰਨ ਵਿਦੇਸ਼ਾਂ ਵਿੱਚ ਵਿਦੇਸ਼ੀ ਲੋਕਾਂ ਦਾ ਸਾਡੇ ਭਾਰਤੀ ਧਰਮਾਂ ਤੋਂ ਵਿਸ਼ਵਾਸ ਉਠਦਾ ਲੱਗ ਰਿਹਾ ਹੈ, ਕਿਉਂਕਿ ਜਿਸ ਤਰ੍ਹਾਂ ਅਸੀਂ ਵਿਦੇਸ਼ਾਂ ਵਿੱਚ ਲੜਾਈ ਝਗੜੇ ਕਰਕੇ ਪੁਲਿਸ ਪ੍ਰਸ਼ਾਸ਼ਨ ਨੂੰ ਨਿੱਤ ਪ੍ਰੇਸ਼ਾਨ ਕਰਦੇ ਹਾਂ ਉਹਨਾਂ ਘਟਨਾਵਾਂ ਦਾ ਪ੍ਰਭਾਵ ਸਾਡੇ ਉੱਪਰ ਬਹੁਤ ਮਾੜਾ ਪੈ ਰਿਹਾ ਹੈ। ਇਟਲੀ ਵਿੱਚ ਹੀ ਨਹੀਂ ਸਗੋਂ ਪੂਰੀ ਦੁਨੀਆ ਵਿੱਚ ਇਸ ਦੀਆਂ ਅਣਗਿਣਤ ਉਦਾਹਰਣਾਂ ਹਨ।


ਭਾਰਤ ਵਿੱਚ ਸਿੱਖ ਧਰਮ ਦੀ ਵਿਸ਼ੇਸ਼ ਅਹਿਮੀਅਤ ਹੈ ਅਤੇ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਮੁੱਚੀ ਮਨੁੱਖਤਾ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦਿੰਦੀ ਹੈ, ਪਰ ਇਸ ਦੇ ਬਾਵਜੂਦ ਸਿੱਖ ਧਰਮ ਉਸ ਉਚਾਈ ਉੱਤੇ ਨਹੀਂ ਜਾ ਰਿਹਾ, ਜਿਸ ਉਚਾਈ ਉੱਪਰ ਲਿਜਾਣ ਲਈ ਸਾਡੇ ਗੁਰੂਆਂ ਨੇ ਸ਼ਹੀਦੀ ਜਾਮ ਪੀਤੇ ਸਨ। ਇਸ ਦਾ ਕਾਰਨ ਸ਼ਾਇਦ ਅੱਜ ਦਾ ਸਿੱਖ ਮਤਲਬੀ ਹੁੰਦਾ ਜਾ ਰਿਹਾ ਹੈ, ਜੋ ਕਿ ਗੁਰੂ ਦੀ ਮੰਨਣ ਦੀ ਬਜਾਏ ਆਪਣੀਆਂ ਮਨਾਉਣ ਵਾਲੇ ਰਾਹਾਂ ਦਾ ਪਾਂਧੀ ਬਣ ਗਿਆ ਹੈ। ਅਜਿਹਾ ਇਹ ਕਾਰਨ ਸੱਚ ਹੈ ਤਾਂ ਅੱਜ ਦੇ ਸਿੱਖ ਨੂੰ ਆਪਣੇ ਕਿਰਦਾਰ ਨੂੰ ਜਲਦੀ ਹੀ ਭਾਂਪਣ ਦਾ ਸਖ਼ਤ ਲੋੜ ਹੈ, ਜੇਕਰ ਦੇਰ ਹੋਈ ਤਾਂ ਇਹ ਦੇਰ ਜਿੱਥੇ ਦੁਨੀਆ ਵਿੱਚ ਸੂਰਵੀਰ ਯੌਧਿਆਂ ਵਾਲੀ ਕੌਮ ਸਿੱਖ ਕੌਮ ਦੇ ਪਤਨ ਦਾ ਕਾਰਨ ਬਣ ਸਕਦੀ ਹੈ, ਉੱਥੇ ਹੀ ਇਹ ਸਾਡੇ ਧਰਮ ਸੰਕਟ ਨੂੰ ਵੀ ਦਲਦਲ ਬਣਾ ਸਕਦਾ ਹੈ, ਜਿਸ ਵਿੱਚ ਧੱਸਣ ਵਾਲਾ ਹਰ ਸਿੱਖ ਮਨਮਤੀ ਕਾਰਵਾਈਆਂ ਅਧੀਨ ਫਿਰ ਕਿਆਮਤ ਦਾ ਹੀ ਸ਼ਿਕਾਰ ਹੋਵੇਗਾ। ਫੈਸਲਾ ਹੁਣ ਆਪਣੇ ਹੱਥ ਹੈ ਕਿ ਅਸੀਂ ਕੀ ਕਰਨਾ ਹੈ?

ਲਿਖਤ : ਗਿ. ਸੋਹਣ ਸਿੰਘ ਸੀਤਲ

# ਸਿੱਖ ਰਾਜ ਕਿਵੇਂ ਗਿਆ...?

ਲੜੀਵਾਰ ਕਿਸ਼ਤ - 40

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ



ਇਸ ਇਰਾਦੇ ਦਾ ਇਹ ਸਬੂਤ ਹੈ, ਕਿ ਅੰਗਰੇਜ਼ਾਂ ਵੱਲੋਂ ਜੰਗ ਦੀ ਕੋਈ ਤਿਆਰੀ ਨਹੀਂ ਸੀ, ਜਦੋਂ ਲਾਹੌਰ ਦਰਬਾਰ ਨੇ ਬਿਨਾਂ ਕਿਸੇ ਕਾਰਨ ਜਾਂ ਢੁੱਕਵੇਂ ਬਹਾਨੇ ਦੇ, ਅੰਗਰੇਜ਼ਾਂ ਉਤੇ ਅਚਾਨਕ ਹਮਲਾ ਕਰ ਦਿੱਤਾ। ਇਸ ਅਚਾਨਕ ਹਮਲੇ ਨੇ ਅੰਗਰੇਜ਼ਾਂ ਨੂੰ ਹਥਿਆਰ ਚੁੱਕਣ ਉਤੇ ਤੇ ਉਲਟਾ ਹਮਲਾ ਕਰਨ ਉੱਤੇ ਮਜਬੂਰ ਕਰ ਦਿੱਤਾ। ਹੁਣ ਲਾਹੌਰ ਦਰਬਾਰ ਉਤੇ ਜੋ ਵੀ ਮੁਸੀਬਤ ਆਵੇ, ਉਹਦੀ ਜ਼ਿੰਮੇਵਾਰੀ ਕੇਵਲ ਉਸਦੀ ਆਪ-ਹੁਦਰੀ ਕਰਨੀ ਤੇ ਉਹਦੀ ਫ਼ੌਜ ਦੇ ਸਿਰ ਹੈ।

''ਅੰਗਰੇਜ਼ ਸਰਕਾਰ ਹੋਰ ਮੁਲਕ ਮੱਲਣ ਦੀ ਚਾਹਵਾਨ ਨਹੀਂ ਸੀ, ਪਰ ਜੰਗ ਦਾ ਖ਼ਰਚ ਪੂਰਾ ਕਰਨ ਵਾਸਤੇ ਤੇ ਅਗਾਂਹ ਅਮਨ ਦੀ ਰਾਖੀ ਦੀ ਜ਼ਮਾਨਤ ਵਜੋਂ ਜੋ ਇਲਾਕਾ ਲਾਹੌਰ ਦਰਬਾਰ ਦੇ ਅਧੀਨ ਸੀ, ਉਸਦਾ ਕਬਜ਼ਾ ਅੰਗਰੇਜ਼ਾਂ ਨੂੰ ਰੱਖਣਾ ਪਵੇਗਾ।

''ਸਰਕਾਰ-ਹਿੰਦ ਨੇ ਕਈ ਵਾਰ ਕਿਹਾ, ਕਿ ਉਹ ਪੰਜਾਬ ਦੀ ਸਿੱਖ ਸ਼ਾਹੀ ਨੂੰ ਤੋੜਨਾ ਨਹੀਂ ਚਾਹੁੰਦੀ। ਉਂਞ ਸਿੱਖ ਦਰਬਾਰ ਦਾ ਵਰਤਾਉ ਐਹੋ ਜਿਹਾ ਰਿਹਾ ਹੈ, ਕਿ ਉਹਨਾਂ ਨੂੰ ਬੜੀ ਕਰੜੀ ਸਜ਼ਾ ਦੇਣੀ ਅਤੀ ਜ਼ਰੂਰੀ ਹੋ ਗਈ ਹੈ, (ਜੋ ਲਾਹੌਰ ਦਰਬਾਰ ਨੇ ਆਪਣੇ ਕੀਤੇ ਹੋਏ ਵਾਧੇ ਬਦਲੇ ਖੁੱਲ੍ਹਮ ਖੁੱਲ੍ਹਾ ਮਾਫ਼ੀ ਨਾ ਮੰਗ ਲਈ)। ਫਿਰ ਵੀ ਗਵਰਨਰ-ਜਨਰਲ ਇਸ ਗੱਲ ਦਾ ਮੌਕਿਆ ਦੇਣ ਦਾ ਚਾਹਵਾਨ ਹੈ, ਕਿ ਲਾਹੌਰ ਦਰਬਾਰ ਤੇ ਸਿੱਖ ਦਰਬਾਰ ਛੇਤੀ ਤੋਂ ਛੇਤੀ ਅਧੀਨਗੀ ਤੇ ਸਫ਼ਾਈ ਪੇਸ਼ ਕਰਨ, ਜਿਸ ਦੇ ਬਦਲੇ ਗਵਰਨਰ-ਜੈਨਰਲ, ਮਹਾਰਾਜਾ ਰਣਜੀਤ ਸਿੰਘ ਦੇ ਵਾਰਸ ਦੇ ਨਾਮ ਥੱਲੇ ਅੰਗਰੇਜ਼ਾਂ ਦੀ ਮਿੱਤਰ ਹਕੂਮਤ ਕਾਇਮ ਕਰਨ ਦੇ ਹੱਕ ਵਿੱਚ ਹੈ।

''ਗਵਰਨਰ- ਜੈਨਰਲ ਇਸ ਪੂਰੀ ਫਤਹਿ ਸਮੇਂ ਅੰਗਰੇਜ਼ੀ ਸਰਕਾਰ ਦੀ ਮਾਫ਼ ਕਰਨ ਵਾਲੀ ਸ਼ਕਤੀ ਤੇ ਖੁੱਲ- ਦਿਲੀ ਦਾ ਇਸ ਤੋਂ ਵੱਧ ਕੀ ਸਬੂਤ ਦੇ ਸਕਦਾ ਹੈ, ਕਿ ਇਸ ਐਲਾਨ ਵਿਚ ਆਪਣੀ ਇੱਛਿਆ ਪਰਗਟ ਕਰ ਕੇ ਸੁਲ੍ਹਾ ਦੀਆਂ ਸ਼ਰਤਾਂ ਦਾ ਪੱਕਾ ਕਰਨਾ, ਆਉਣ ਵਾਲੀਆਂ ਘਟਨਾਵਾਂ ਤੇ ਨਿਰਭਰ ਰੱਖਿਆ ਹੈ।

''ਸੋ ਗਵਰਨਰ-ਜੈਨਰਲ ਉਹਨਾਂ ਸਰਦਾਰਾਂ ਨੂੰ, ਜੋ ਮਹਾਰਾਜਾ ਰਣਜੀਤ ਸਿੰਘ ਦੀ ਔਲਾਦ ਦੇ ਸ਼ੁਭਚਿੰਤਕ ਹਨ, , ਤੇ ਖ਼ਾਸ ਕਰ ਉਹਨਾਂ ਸਰਦਾਰਾਂ ਨੂੰ, ਜਿੰਨ੍ਹਾਂ ਸਰਕਾਰ ਅੰਗਰੇਜ਼ੀ ਦੇ ਵਿਰੁੱਧ ਜੰਗ ਵਿੱਚ ਹਿੱਸਾ ਨਹੀਂ ਲਿਆ, ਬੁਲਾਉਣਾ ਚਾਹੁੰਦਾ ਹੈ, ਤਾਂ ਜੋ ਮਿਲ ਕੇ ਸਲਾਹ ਕੀਤੀ ਜਾਵੇ, ਕਿ ਕਿਸ ਤਰ੍ਹਾਂ ਦੀ ਸਿੱਖ ਸਰਕਾਰ ਲਾਹੌਰ ਵਿਚ ਕਾਇਮ ਕੀਤੀ ਜਾਵੇ, ਜੋ ਖ਼ਾਲਸਾ ਫ਼ੌਜ ਨੂੰ ਕਾਬੂ ਰੱਖ ਸਕੇ ਤੇ ਆਪਣੀ ਰੱਯਤ ਦੀ ਰਾਖੀ ਕਰ ਸਕੇ, ਤਾਂਕਿ ਅਲ੍ਹਾਂ ਵਾਸਤੇ ਸਿੱਖ ਰਿਆਸਤਾਂ ਵਿੱਚ ਅਮਨ ਕਾਇਮ ਹੋ ਕੇ ਇਸ ਗੱਲ ਦੀ ਤਸੱਲੀ ਹੋਵੇ, ਕਿ ਫੇਰ ਕਦੇ ਹੱਦ ਉਤੇ ਕਿਸੇ ਤਰ੍ਹਾਂ ਦਾ ਝਗੜਾ ਨਹੀਂ ਹੋਵੇਗਾ, ਤੇ ਇਸ ਤੋਂ ਦੁਨੀਆਂ ਨੂੰ ਸਾਬਤ ਹੋ ਜਾਵੇ, ਕਿ ਪਰਧਾਨ ਸਰਕਾਰ ਹਿੰਦ (ਸਰਕਾਰ ਅੰਗਰੇਜ਼ੀ) ਦਾ ਵਰਤਾਉ ਬੜਾ ਚੰਗਾ ਤੇ ਨਿਆਂ ਵਾਲਾ ਹੈ।

''ਜੇ ਸਿੱਖ ਕੌਮ ਨੇ ਫ਼ੌਜੀ ਗੜ-ਬੜ ਜਾਂ ਜੁੱਗਗਰਦੀ ਤੋਂ ਬਚਾਉ ਦਾ ਇਹ ਚੰਗਾ ਸਮਾਂ ਹੱਥੋਂ ਗੁਆ ਲਿਆ ਤੇ ਅੰਗਰੇਜ਼ੀ ਫ਼ੌਜ ਦੇ ਵਿਰੁੱਧ ਹਮਲੇ ਕਰਨੇ ਆਰੰਭ ਦਿੱਤੇ, ਤਾਂ ਸਰਕਾਰ ਅੰਗਰੇਜ਼ੀ ਆਉਣ ਵਾਲੀ ਪੰਜਾਬ ਸਰਕਾਰ ਬਾਰੇ ਉਹ ਢੰਗ ਵਰਤੇਗੀ, ਜਿਸ ਤੋਂ ਅੰਗਰੇਜ਼ਾਂ ਨੂੰ ਲਾਭ ਪੁੱਜੇ ਤੇ ਸਰਕਾਰ ਬਰਤਾਨੀਆਂ ਨੂੰ ਹਰ ਤਰ੍ਹਾਂ ਤਸੱਲੀ ਹੋਵੇ।''

ਏਸ ਐਲਾਨ ਨੇ ਸਾਰੇ ਪੰਜਾਬ ਵਿਚ ਅੱਗ ਲਾ ਦਿੱਤੀ। ਦੂਜੀ, ਅੰਗਰੇਜ਼ੀ ਫ਼ੌਜਾਂ ਨੇ ਇਸ ਇਲਾਕੇ ਵਿਚ ਉਹ ਹਨੇਰ ਗਰਦੀ ਮਚਾਈ, ਕਿ ਸ਼ਾਇਦ ਹੀ ਉਹਨਾਂ ਦੇ ਜ਼ੁਲਮ ਤੋਂ ਕੋਈ ਬਚਿਆ ਹੋਵੇ। ਸਿੱਖਾਂ ਦੇ ਦਿਲ ਵਿਚ ਭਾਂਬੜ ਬਲ ਉਠੇ। ਵਿਸਾਹਘਾਤੀ ਜਰਨੈਲ ਵੀ ਹੈਰਾਨ ਰਹਿ ਗਏ, ਕਿ ਇਹ ਕੀ ਬਣਿਆਂ ਤੇ ਐਡੀ ਛੇਤੀ? ਸਭਰਾਵਾਂ ਦੇ ਜੰਗ ਦਾ ਇਹ ਨਤੀਜਾ । ਉਹ ਜਾਣਦੇ ਸਨ ਕਿ ਅੰਗਰੇਜ਼ ਬਲ ਨਾਲ ਨਹੀਂ ਜਿੱਤੇ, ਸਗੋਂ ਸਿੱਖਾਂ ਦੇ ਸੈਨਾਪਤੀ ਜਾਣ ਬੁਝ ਕੇ ਹਾਰੇ ਹਨ। ਪਰ ਹੁਣ ਇਸ ਪਛਤਾਵੇ ਦਾ ਕੀ ਲਾਭ ?

15 ਫ਼ਰਵਰੀ ਨੂੰ ਰਾਜਾ ਗੁਲਾਬ ਸਿੰਘ-ਕੁਝ ਹੋਰ ਸਰਦਾਰਾਂ ਸਣੇ, ਮਹਾਰਾਜਾ ਦਲੀਪ ਸਿੰਘ ਵੱਲੋਂ-ਕਸੂਰ ਪੁੱਜਾ। ਓਧਰ, ਲਾਰਡ ਹਾਰਡਿੰਗ ਵੀ, ਅੰਮ੍ਰਿਤਸਰ ਵਿਚ ਫ਼ੌਜੀ ਇਕੱਠ ਵੇਖ ਕੇ ਘਬਰਾਂ ਰਿਹਾ ਸੀ। ਉਹਨੇ ਗੁਲਾਬ ਸਿੰਘ ਨੂੰ ਕਿਹਾ, ''ਸਾਡੀ ਮਰਜ਼ੀ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾ ਲੈਣ ਦੀ ਨਹੀਂ। ਮਹਾਰਾਜਾ ਦਲੀਪ ਸਿੰਘ ਆਪਣੇ ਰਾਜ ਉਤੇ ਕਾਇਮ ਰਹਿਣਗੇ, ਪਰ ਬਿਆਸ ਤੇ ਸਤਲੁਜ ਦੇ ਵਿਚਕਾਰ ਦਾ ਇਲਾਕਾ (ਦੁਆਬਾ ਬਿਸਤ ਜਲੰਧਰ) ਤੇ ਡੇਢ ਕਰੋੜ ਰੁਪਇਆ ਜੰਗ ਦੇ ਖ਼ਰਚ ਵਜੋਂ ਦੇਣਾ ਪਵੇਗਾ। ਇਹ ਸ਼ਰਤਾਂ ਲਾਹੌਰ ਚੱਲ ਕੇ ਹੀ ਪੱਕੀਆਂ ਹੋਣਗੀਆਂ।'' ਗੁਲਾਬ ਸਿੰਘ ਨੇ ਬੜਾ ਜ਼ੋਰ ਲਾਇਆ, ਕਿ ਅੰਗਰੇਜ਼ ਲਾਹੌਰ ਨਾ ਜਾਣ, ਪਰ ਹਾਰਡਿੰਗ ਨੇ ਉਹਦੀ ਇੱਕ ਨਾ ਮੰਨੀ। ਅੰਤ ਗੁਲਾਬ ਸਿੰਘ ਵਾਪਸ ਮੁੜ ਗਿਆ।

17 ਫ਼ਰਵਰੀ ਨੂੰ ਗੁਲਾਬ ਸਿੰਘ ਬਾਲਕ ਮਹਾਰਾਜਾ ਦਲੀਪ ਸਿੰਘ ਨੂੰ ਨਾਲ ਲੈ ਕੇ ਹਾਰਡਿੰਗ ਨੂੰ 'ਲਲਿਆਣੀ' ਆ ਮਿਲਿਆ, ਪਰ ਹਾਰਡਿੰਗ ਵੱਲੋਂ ਏਥੇ ਵੀ ਪਹਿਲਾ ਹੀ ਜਵਾਬ ਮਿਲਿਆ।

## ਅੰਗਰੇਜ਼ ਲਾਹੌਰ ਪੁੱਜੇ

20 ਫ਼ਰਵਰੀ ਨੂੰ ਅੰਗਰੇਜ਼ ਲਾਹੌਰ ਜਾ ਪੁੱਜੇ ਅਗਲੇ ਦਿਨ ਲਾਰਡ ਹਾਰਡਿੰਗ ਨੇ ਦਲੀਪ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਗੱਦੀ ਤੇ ਬਿਠਾਇਆ ਤੇ ਐਲਾਨ ਕੀਤਾ, ਕਿ ਦਲੀਪ ਸਿੰਘ ਪੰਜਾਬ ਦਾ 'ਮਹਾਰਾਜਾ'' ਰਹੇਗਾ।

☛ ਬਾਕੀ ਅਗਲੇ ਅੰਕ ਵਿੱਚ


BHULLAR
EXCAVATING AND DEMOLITION




- Excavating
- Laneway Homes
- Landscaping Service
- Demolition of Garage
- Backfill
- Driveways
- Lot Grading
- Sand and Gravel
- Drain Tile (New and old House)
- Ditch Digging & Cleaning
- Concrete Breaking

LAND CLEANING
WATER & SEWER LINES
FULLY INSURED AND LICENSED

We do townhouses
Quality work Reasonable rate
Fast & friendly Service

We Fix All
Leaky Basement &
Drainage Problems


Vicky Bhullar
778-681-8200


Pavi Bhullar
647-667-9242


Bill Bhulllar
778-891-4556


Jassi Bhullar
604-441-7118


Balraj Bhullar

# ਪਹਿਚਾਣ ਅਧਾਰਤ ਰਾਜਨੀਤੀ ਤੋਂ ਤੋੜ ਵਿਛੋੜਾ ਕੌਮ ਲਈ ਖ਼ਤਰਨਾਕ

ਲਿਖਤ : ਅਵਤਾਰ ਸਿੰਘ, ਜਸਵੀਰ ਸਿੰਘ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਇਹ ਉਹ ਹੀ ਮੌਲਿਕ ਅਤੇ ਨਿਆਰਾ ਰੂਪ ਹੈ ਜੋ ਕੌਮਾਂ ਨੂੰ ਆਪਣੀਆਂ ਧਰਤੀਆਂ ਤੋਂ ਜਬਰੀ ਖਦੇੜ ਦੇਣ ਦੇ ਬਾਵਜੂਦ ਵੀ ਕੌਮ ਦੀ ਰੂਹ ਵਿੱਚ ਆਪਣੀ ਧਰਤੀ ਅਤੇ ਆਪਣੇ ਧਰਮ-ਇਤਿਹਾਸ ਨਾਲ ਨਾਤਾ ਨਹੀ ਤੋੜਨ ਦੇਂਦਾ। ਸਦੀਆਂ ਤੱਕ ਉਸ ਜਾਂਬਾਜ ਇਤਿਹਾਸ ਦੀ ਚੀਸ ਕੌਮ ਦੇ ਮਨਾਂ ਵਿੱਚ ਪਈ ਰਹਿੰਦੀ ਹੈ। ਜਦੋਂ ਕੌਮੀ ਅਤੇ ਕੌਮਾਂਤਰੀ ਹਾਲਾਤ ਰਾਹ ਦੇਂਦੇ ਹਨ, ਕੌਮਾਂ ਮੁੜ ਆਪਣੇ ਉਸ ਗੌਰਵ ਨੂੰ ਹਾਸਲ ਕਰ ਲੈਂਦੀਆਂ ਹਨ ਜਿਹੜਾ ਉਨ੍ਹਾਂ ਦੇ ਵੱਡ-ਵਡੇਰਿਆਂ ਨੇ ਕਿਸੇ ਯੁਗ ਵਿੱਚ ਸਿਰਜਿਆ ਹੁੰਦਾ ਹੈ।


ਹਰਿੰਦਰ ਸਿੰਘ ਮਹਿਬੂਬ ਅੱਗੇ ਆਖਦੇ ਹਨ-ਜਦੋਂ ਇੱਕ ਖਾਸ ਦੌਰ ਵਿੱਚ ਕਿਸੇ ਨਿਸਚਿਤ ਰੁਹਾਨੀਅਤ ਦਾ ਉਜਾਲਾ ਹੁੰਦਾ ਹੈ ਤਾਂ ਸਮਾਜੀ ਅਦਾਰਿਆਂ ਅਤੇ ਆਮ ਨੈਤਿਕ ਵਰਤਾਰੇ ਵਿੱਚ ਉਤਾਰਾ ਕਰੇ ਬਿਨਾ ਇਹ ਸੰਪੂਰਨ ਨਹੀ ਹੁੰਦੀ। ਸਮਾਜ ਵਿੱਚ ਰੁਹਾਨੀਅਤ ਦਾ ਕੋਈ ਸੁਡੌਲ ਆਕਾਰ ਅਤੇ ਬਹੁ-ਪਸਾਰੀ ਗਤੀ ਬਣੇ ਬਿਨਾ ਲਹੂ ਮਾਸ ਵਾਲੀ ਹਯਾਤੀ ਇਸਨੂੰ ਪ੍ਰਵਾਨ ਨਹ ਕਰਦੀ ਅਤੇ ਇਹ ਧਰਮ ਦੇ ਨਵੇਂ ਨਕਸ਼ ਨਹੀ ਸਿਰਜਦੀ। ਧਰਮ ਦੇ ਸੰਦਰਭ ਵਿੱਚ ਇਸੇ ਪ੍ਰਕਰਣ ਨੂੰ ਰਹਿਤ ਮਰਯਾਦਾ ਕਿਹਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜ਼ਿੰਦਗੀ ਦੀ ਜਿਸ ਪਾਕ ਸੂਰਤ ਅਤੇ ਨਿਰਮਲ ਕਾਰਜ ਨੂੰ ਸੱਚ ਤੋਂ ਉਚੇਰਾ ਸਚੁ ਆਚਾਰੁ ਫੁਰਮਾਉਂਦੇ ਹਨ, ਉਹ ਵੀ ਆਦਰਸ਼ਕ ਰਹਿਤ-ਮਰਯਾਦਾ ਤੋਂ ਵੱਖ ਨਹੀ ਕੀਤਾ ਜਾ ਸਕਦਾ।

ਸਿੱਖਾਂ ਦੀ ਨਿਆਰੀ ਕੌਮੀ ਹਸਤੀ ਅਤੇ ਸੰਸਥਾਈ ਧਰਮ ਦੇ ਅੰਗਾਂ ਨੂੰ ਸਿਧਾਂਤਿਕ ਹਮਲੇ ਹੇਠ ਲਿਆਉਣ ਵਾਲੀ ਬਿਰਤੀ ਨੂੰ ਆਧੁਨਿਕ ਵਿਦਵਤਾ ਦੀ ਭਾਸ਼ਾ ਵਿੱਚ, ਉੱਤਰ-ਬਸਤੀਵਾਦੀ ਹਮਲੇ ਦੇ ਤੌਰ ਤੇ ਦੇਖਿਆ ਜਾਂਦਾ ਹੈ। ਕੁਝ ਕਥਿਤ ਸਿੱਖ ਵਿਦਵਾਨ ਸਿੱਖ ਕੌਮ ਦੇ ਜੀਵਨ ਵਿੱਚ ਆਈ ਕੌਮਵਾਦੀ ਚੇਤਨਾ ਨੂੰ ਸਿਰਫ ਅਤੇ ਸਿਰਫ ਨਵ-ਬਸਤੀਵਾਦੀ ਸਿੱਖ ਸਿਧਾਂਤਕਾਰੀ ਦੇ ਰੂਪ ਵਿੱਚ ਪਰਿਭਾਸ਼ਿਤ ਕਰਦੇ ਹਨ। ਇਸ ਤਰ੍ਹਾਂ ਕਰਦਿਆਂ ਉਹ ਬਿਪਰ ਸੰਸਕਾਰ ਅਤੇ ਸਨਾਤਨਵਾਦੀਆਂ ਦੇ ਸਿੱਖੀ ਦੀ ਨਿਆਰੀ ਸੋਚ ਉੱਤੇ ਕੀਤੇ ਗਏ ਅਤੇ ਕੀਤੇ ਜਾ ਰਹੇ ਹਮਲਿਆਂ ਤੋਂ ਕੌਮ ਦਾ ਧਿਆਨ ਭਟਕਾ ਰਹੇ ਹਨ। ਇਸ ਪੋਸਟ-ਕਲੋਨੀਅਲ ਗਰੁੱਪ ਦੇ ਇਸ ਪਿੱਛੇ ਮਨਸ਼ੇ ਉਨ੍ਹਾਂ ਦੀ ਇਤਿਹਾਸਕਾਰੀ ਤੋਂ ਸਪਸ਼ਟ ਹੋ ਰਹੇ ਹਨ। ਉਨ੍ਹਾਂ ਦੀ ਇਤਿਹਾਸਕਾਰੀ ਤੋਂ ਜਿਹੜੀ ਗੱਲ ਸਾਫ ਹੋ ਰਹੀ ਹੈ ਕਿ ਉਹ ਹਰ ਹਾਲਤ ਵਿੱਚ ਸਨਾਤਨਵਾਦੀਆਂ ਨੂੰ ਸਿੱਖੀ ਦੀ ਆਤਮਾਂ ਨੂੰ ਖੋਰਾ ਲਾਉਣ ਦੇ ਯਤਨਾਂ ਤੋਂ ਬਰੀ ਕਰ ਰਹੇ ਹਨ ਇਸ ਤਰ੍ਹਾਂ ਕਰਦਿਆਂ ਉਹ ਇਹ ਗੱਲ ਭੁੱਲ ਰਹੇ ਹਨ ਕਿ ਹਰ ਜੇਤੂ ਕੌਮ ਨੇ ਉਹ ਜੁਲਮ ਕਰਨਾ ਹੀ ਹੁੰਦਾ ਹੈ ਜਿਹੜਾ ਬਸਤੀਵਾਦੀਆਂ ਨੇ ਕੀਤਾ। ਉਹ ਇਸਲਾਮੀ ਸ਼ਾਸ਼ਕਾਂ ਨੇ ਵੀ ਕੀਤਾ ਅਤੇ ਹਿੰਦੂ ਸ਼ਾਸ਼ਕ ਵੀ ਕਰ ਰਹੇ ਹਨ। ਜਿਉਂਦੀਆਂ ਕੌਮਾਂ ਨੇ ਇਹ ਦੇਖਣਾਂ ਹੁੰਦਾ ਹੈ ਕਿ ਬਦੇਸ਼ੀ ਤਾਕਤਾਂ ਦੇ ਸਿਧਾਂਤਿਕ ਅਤੇ ਰਾਜਸੀ, ਸਮਾਜਿਕ ਹਮਲੇ ਦਾ ਟਾਕਰਾ ਕਿਵੇਂ ਕਰਨਾ ਹੈ। ਬਦੇਸ਼ੀਆਂ ਦੇ ਸਿਧਾਂਤਿਕ ਹਮਲੇ ਦੇ ਮੁਕਾਬਲੇ ਸਾਡੇ ਆਪਣੇ ਨਿਆਰੇ ਆਦਰਸ਼ ਕਿੰਨੇ ਮਜਬੂਤ ਹਨ ਅਤੇ ਕੌਮ ਦੀ ਅਬਾਦੀ ਕਿੰਨੀ ਆਪਣੀਆਂ ਪਰੰਰਪਰਾਵਾਂ ਅਤੇ ਰਵਾਇਤਾਂ ਨਾਲ ਜੁੜੀ ਹੋਈ ਹੈ। ਉਸਦੇ ਧਾਰਮਿਕ ਰਹਿਬਰ ਅਤੇ ਸ਼ਹੀਦ ਕਿੰਨਾ ਕੁ ਉਸਨੂੰ ਅਪੀਲ ਕਰ ਰਹੇ ਹਨ। ਬਦੇਸ਼ੀ ਹਮਲੇ ਤੋਂ ਬਚਣ ਲਈ ਕੌਮ ਦੇ ਆਪਣੇ ਅੰਦਰੂਨੀ ਸੁਰੱਖਿਆ ਕਵਚ ਕਿੰਨੇ ਮਜਬੂਤ ਹਨ।

ਸਿੱਖ ਪਹਿਚਾਣ ਦੀ ਰਾਜਨੀਤੀ ਉੱਤੇ ਪੋਸਟ-ਕਲੋਨੀਅਲ ਹਮਲਾ

ਭਾਰਤੀ ਤਾਕਤਾਂ ਨੇ ਤੀਜੇ ਘੱਲੂਘਾਰੇ ਤੋਂ ਬਾਅਦ, ਸਿੱਖਾਂ ਅਤੇ ਖਾਸ ਕਰ ਪੱਛਮੀ ਦੇਸ਼ਾਂ ਵਿੱਚ ਰਹਿਣ ਵਾਲੇ ਪਰਵਾਸੀ ਸਿੱਖਾਂ ਵਿੱਚ ਪੈਦਾ ਹੋਈ ਕੌਮਵਾਦੀ ਚੇਤਨਾ ਦੀ ਧਾਰ ਨੂੰ ਖੁੰਡਿਆਂ ਕਰਨ ਲਈ ਅਤੇ ਇਸਦਾ ਮੁਕਾਬਲਾ ਕਰਨ ਲਈ, ਪੱਛਮੀ ਦੇਸ਼ਾਂ ਵਿੱਚ ਸਿੱਖ ਦਿੱਖ ਵਾਲੇ ਵਿਦਵਾਨਾਂ ਦੀ ਚੋਣ ਕੀਤੀ। ਇਨ੍ਹਾਂ ਵਿਦਵਾਨਾਂ ਵੱਲੋਂ ਪੋਸਟ-ਕਲੋਨੀਅਲ ਸੰਕਲਪਾਂ ਦੀ ਵਰਤੋਂ ਕਰਕੇ ਸਿੱਖ ਕੌਮਵਾਦੀ ਚੇਤਨਾ ਦੇ ਸਰੋਤਾਂ ਜਿਵੇਂ ਸਿੱਖ ਪਹਿਚਾਣ ਅਤੇ ਸਿੱਖ ਰਹਿਤ ਮਰਯਾਦਾ ਨੂੰ ਬਸਤੀਵਾਦੀ ਵਰਤਾਰੇ ਨਾਲ ਜੋੜ ਕੇ ਇਨ੍ਹਾਂ ਦੀ ਸਿੱਖ ਪੰਥ ਵਿੱਚ ਮਾਨਤਾ ਨੂੰ ਖਤਮ ਕਰਨ ਦਾ ਯਤਨ ਸ਼ੁਰੂ ਕੀਤਾ ਗਿਆ। ਇਨ੍ਹਾਂ ਵਿਦਵਾਨਾਂ ਵਿੱਚ ਹਰਜੋਤ ਉਬਰਾਏ ਅਤੇ ਅਰਵਿੰਦਰਪਾਲ ਮੰਡੇਰ ਪ੍ਰਮੁੱਖ ਹਨ। ਉੱਤਰੀ ਅਮਰੀਕਾ ਵਿੱਚ ਇਨ੍ਹਾਂ ਵਿਦਵਾਨਾਂ ਨੇ ਸਿੱਖ ਨੌਜਵਾਨੀ ਦੇ ਇੱਕ ਹਿੱਸੇ ਤੇ ਵੱਡੇ ਅਸਰ ਪਾਏ। ਭਾਵੇਂ ਸਾਂਝੀ ਸਿੱਖ ਮਾਨਸਿਕਤਾ ਨੇ ਸਨਾਤਨੀ ਪ੍ਰਬੰਧ ਵੱਲੋਂ ਸੂਖਮ ਤਰੀਕੇ ਨਾਲ ਸਿੱਖ ਧਾਰਮਿਕ ਮਾਨਤਾਵਾਂ ਵਿੱਚ ਘੁਸਪੈਂਠ ਕਰਵਾਉਣ ਵਾਲੇ ਇਸ ਅਕਾਦਮਿਕ ਹਮਲੇ ਨੂੰ ਬੁੱਝ ਲਿਆ ਸੀ, ਪਰ ਕੌਮਾਂਤਰੀ ਪੱਧਰ ਤੇ ਇਹ ਪੋਸਟ-ਕਲੋਨੀਅਲ ਵਿਦਵਾਨ ਹਾਲੇ ਵੀ ਸਰਗਰਮ ਹਨ। ਇਨ੍ਹਾਂ ਵਿਦਵਾਨਾਂ ਅਨੁਸਾਰ ਸਿੱਖ ਵਿਚਾਰਧਾਰਾ ਅਤੇ ਇਸਦੀ ਵਿਹਾਰਕ ਵਰਤੋਂ ਕਰਕੇ ਸਿੱਖ ਧਰਮ ਦਾ ਕੌਮਾਂਤਰੀ ਧਰਮ ਵੱਜੋਂ ਪਰਚਾਰ ਅਸਲ ਵਿੱਚ ਅੰਗਰੇਜ਼ ਬਸਤੀਵਾਦ ਅਤੇ ਪੱਛਮੀ ਅਧਿਆਤਮ ਤੇ ਅਧਾਰਿਤ ਹੈ। ਉਨ੍ਹਾਂ ਅਨੁਸਾਰ ਸਿੱਖਵਾਦ (ਸ਼ਿਕਹਿਸਮ) ਦੇ ਸਿਧਾਂਤਿਕ ਪਰਿਪੇਖ ਅਤੇ ਇਸਦੇ ਅਧਾਰ ਤੇ ਉਸਰੀਆਂ ਸੰਸਥਾਵਾਂ ਅਸਲ ਵਿੱਚ ਬਸਤੀਵਾਦੀ ਮਾਨਸਿਕਤਾ ਦਾ ਪ੍ਰਗਟਾਵਾ ਹਨ, ਇਹ ਸਿੱਖਾਂ ਦੀ ਆਪਣੀ ਵਿਰਾਸਤ ਨਹੀ ਹਨ। ਇਨ੍ਹਾਂ ਅਨੁਸਾਰ ਇਹ ਵਰਤਾਰਾ ਅੰਗਰੇਜ਼ ਕਾਲ ਸਮੇਂ ਦੀ ਯੂਰੋ-ਕੇਂਦਰਿਤ ਮਾਡਰੈਨਟੀ ਅਤੇ ਬਸਤੀਵਾਦ ਤੋਂ ਲੈਕੇ ਹੁਣ ਤੱਕ ਦੇ ਪੋਸਟ ਕਲੋਨੀਅਲ ਕਾਲ ਤੱਕ ਫੈਲਿਆ ਹੋਇਆ ਹੈ। ਇਸ ਵਿੱਚ ਯੂਰੋ-ਅਮਰੀਕਨ ਅਤੇ ਪੋਸਟ-ਮਾਡਰੈਨਟੀ ਵੀ ਸ਼ਾਮਲ ਹੈ। ਇਹ ਪੋਸਟ-ਕਲੋਨੀਅਲ ਵਿਦਵਾਨ ਪੂਰਬ-ਬਸਤੀਵਾਦੀ ਸਿੱਖੀ ਦੇ ਬਸਤੀਵਾਦੀ ਅਤੇ ਮਾਡਰਨ ਸਿੱਖਵਾਦ ਵਿਚਲੇ ਬਦਲਾਅ ਦੇ ਵਰਤਾਰੇ ਨੂੰ ਪੁਰਾਤਨ ਭਾਰਤੀ ਧਾਰਮਿਕ ਪ੍ਰਬੰਧ ਤੇ ਪੈਣ ਵਾਲੇ ਪੱਛਮੀ ਅਸਰਾਂ ਦੇ ਸੰਦਰਭ ਵਿੱਚ ਸਮਝਣ ਦਾ ਪਰਚਾਰ ਕਰ ਰਹੇ ਹਨ।

ਹਰਜੋਤ ਉਬਰਾਏ ਬਿਨਾ ਕਿਸੇ ਸਿਧਾਂਤਿਕ ਲਗ-ਲਪੇਟ ਦੇ ਪੂਰਬ-ਬਸਤੀਵਾਦੀ ਸਿੱਖੀ ਨੂੰ ਸਨਾਤਨੀ ਪ੍ਰਬੰਧ ਨਾਲ ਜੋੜਦਾ ਹੈ। ਉਬਰਾਏ ਅਨੁਸਾਰ,ਸਨਾਤਨ ਸਿੱਖ



ਪਰੰਪਰਾ ਨੇ ਉਨ੍ਹਵੀ ਸਦੀ ਵਿੱਚ ਤੱਤ ਖਾਲਸਾ ਪਰੰਪਰਾ ਨੂੰ ਖਦੇੜ ਦਿੱਤਾ ਸੀ। 1870 ਤੋਂ ਬਾਅਦ ਤਾਂ ਸਿੱਖਾਂ ਦੇ ਕੁਲੀਨ ਵਰਗ ਨੇ ਆਪਣੇ ਆਪ ਨੂੰ ਸਨਾਤਨੀ ਪ੍ਰਬੰਧ ਅਤੇ ਪਹਿਚਾਣ ਨਾਲ ਜੋੜ ਲਿਆ ਸੀ। ਇਹ ਵਰਤਾਰਾ ਉਸ ਵੇਲੇ ਵਾਪਰ ਰਿਹਾ ਸੀ ਜਦੋਂ ਮਾਡਰਨ ਸਿੱਖ ਬੁਧੀਜੀਵੀ ਪੁਰਾਣੀਆਂ ਸਿੱਖ (ਸਨਾਤਨੀ) ਪਰੰਪਰਾਵਾਂ ਨੂੰ ਚੁਣੌਤੀ ਦੇ ਰਹੇ ਸਨ ਜਾਂ ਰੱਦ ਕਰ ਰਹੇ ਸਨ। ਉਨ੍ਹੀਵੀ ਸਦੀ ਦੇ ਸਨਾਤਨੀ ਸਿੱਖਾਂ ਦਾ ਵਿਸ਼ਵਾਸ਼ ਸੀ ਕਿ ਉਨਾਂ ਦੇ ਅਧਿਆਤਮਵਾਦ ਅਤੇ ਰੀਤੀ-ਰਿਵਾਜ਼, ਕਾਰ-ਵਿਹਾਰ ਦੀਆਂ ਪੁਰਾਤਨ ਜੜ੍ਹਾਂ ਹਨ ਅਤੇ ਇਹ ਸਮੇਂ ਦੇ ਬਦਲਾਅ ਦੇ ਨਿਯਮਾਂ ਤੋਂ ਪਾਰ ਹਨ। ਇਨ੍ਹਾਂ ਦੇ ਵਿਸ਼ਵਾਸ਼ ਅਨੁਸਾਰ ਜਿਨ੍ਹਾਂ ਵਿਚਾਰਾਂ ਤੇ ਇਹ ਖੜ੍ਹੇ ਹਨ ਇਹ ਬ੍ਰਹਿਮੰਡ ਦੇ ਹੋਂਦ ਵਿੱਚ ਆਉਣ ਦੇ ਸਮੇਂ ਤੋਂ ਹੀ ਹੋਂਦ ਵਿੱਚ ਹਨ।

ਹਰਜੋਤ ਉਬਰਾਏ ਦੀ ਸਾਜਿਸ਼ ਉਸ ਸਮੇਂ ਸਪਸ਼ਟ ਹੋ ਜਾਂਦੀ ਹੈ ਜਦੋਂ ਉਹ ਕਥਿਤ ਸਨਾਤਨ ਸਿੱਖ ਪਰੰਪਰਾ ਨੂੰ ਹਿੰਦੂ ਗਰੰਥਾਂ, ਮਿੱਥਾਂ, ਮਨੌਤਾਂ, ਵਿਆਖਿਆਵਾਂ ਅਤੇ ਸਮਾਜਿਕ ਵਿਹਾਰਾਂ ਨਾਲ ਜੋੜਦਾ ਹੈ। ਇਸਨੂੰ ਉਹ ਸਨਾਤਨ ਧਾਰਮਿਕ ਸੱਭਿਆਚਾਰ ਵੱਜੋਂ ਪਰਿਭਾਸ਼ਿਤ ਕਰਦਾ ਹੈ। ਉਬਰਾਏ ਅਨੁਸਾਰ ਸਨਾਤਨ ਧਾਰਮਿਕ ਸੱਭਿਆਚਾਰ, ਸਨਾਤਨ ਸਿੱਖੀ ਦਾ ਸਮਾਜਕ ਸੰਸਾਰ ਹੈ ਜੋ ਕਿ ਬ੍ਰਾਹਮਣੀ ਵਰਣ-ਆਸ਼ਰਮ, ਧਰਮ-ਵੇਦਾਂ, ਪੁਰਾਣਾਂ, ਪੁਜਾਰੀਆਂ, ਅਵਤਾਰਾਂ ਅਤੇ ਹਿੰਦੂ ਦੇਵੀ-ਦੇਵਤਿਆਂ ਦੀ ਮਾਨਤਾ ਤੇ ਅਧਾਰਿਤ ਹੈ। ਉਬਰਾਏ ਨੇ ਸਨਾਤਨ ਸਿੱਖਾਂ ਦੀ ਪਛਾਣ ਦੇਂਦਿਆਂ ਇਨ੍ਹਾਂ ਵਿੱਚ ਉਦਾਸੀਆਂ, ਨਿਰਮਲਿਆਂ, ਗੁਰੂ-ਪਰਿਵਾਰਾਂ, ਗਰੰਥੀਆਂ, ਪੁਜਾਰੀਆਂ,ਢਾਡੀਆਂ, ਰਬਾਬੀਆਂ, ਅਰਦਾਸੀਆਂ ਅਤੇ ਤਾਕਤਵਰ ਸਿੱਖ ਡੇਰੇਦਾਰਾਂ ਨੂੰ ਸ਼ਾਮਲ ਕੀਤਾ ਹੈ। ਉਬਰਾਏ ਸਨਾਤਨੀ ਸਿੱਖ ਵਰਤਾਰੇ ਨੂੰ ਉਨੀਵੀਂ ਸਦੀ ਦੀ ਤਾਕਤਵਰ ਅਮੀਰ ਸਿੱਖ ਧਾਰਮਿਕ ਪਰੰਪਰਾ ਮੰਨਦਾ ਹੈ। ਜਿਸਨੂੰ ਸਿੰਘ ਸਭਾ ਲਹਿਰ ਅਧਾਰਿਤ ਖਾਲਸਾ ਪਰੰਪਰਾ ਨੇ ਵੀਹਵੀ ਸਦੀਂ ਵਿੱਚ ਅੱਤ ਕਮਜ਼ੋਰ ਕਰ ਦਿੱਤਾ।

ਅਰਵਿੰਦਰਪਾਲ ਮੰਡੇਰ ਦਾ ਸਿੱਖ ਪਹਿਚਾਣ ਅਤੇ ਸਿੰਘ ਸਭਾ ਲਹਿਰ ਤੇ ਹਮਲਾ, ਉਬਰਾਏ ਤੋਂ ਵਧੇਰੇ ਸੂਖਮ ਤੇ ਪੱਛਮੀ ਸਿਧਾਂਤਾਂ ਦੀ ਡੂੰਘੀ ਵਰਤੋਂ ਤੇ ਅਧਾਰਿਤ ਹੈ। ਮੰਡੇਰ ਅਨੁਸਾਰ ਪੱਛਮੀ ਈਸਾਈ ਅਧਿਆਤਮਵਾਦੀ ਵਿਚਾਰਧਾਰਾ ਨੇ ਇੱਕ ਪਾਸੇ ਪੱਛਮੀ ਧਰਮ (ਇਲਿਗੋਨ) ਅਤੇ ਭਾਸ਼ਾ ਦੇ ਡੂੰਘੇ ਜੋੜ ਤੋਂ ਬਸਤੀਵਾਦੀ ਗੁਲਾਮ ਪੈਦਾ ਕੀਤੇ ਉੱਥੇ ਹੀ ਨਵੇਂ ਬਸਤੀਵਾਦੀ ਸਮਾਜਿਕ ਮਹੌਲ ਵਿੱਚ ਭਾਰਤੀ ਈਲੀਟ ਨੂੰ, ਪੁਰਾਤਨ ਪਰੰਪਰਾਵਾਂ ਵਿੱਚ ਸਮਾਜ-ਸੁਧਾਰਕ ਲਹਿਰਾਂ ਰਾਹੀਂ ਬਦਲਾਅ ਲਿਆਉਣ ਲਈ ਤਿਆਰ ਕੀਤਾ। ਪੱਛਮੀ ਦਰਸ਼ਨ ਵਿੱਚ ਰਾਜਨੀਤਿਕ ਅਤੇ ਧਾਰਮਿਕ ਬਹਿਸਾਂ ਨੇ ਭਾਰਤ ਵਿੱਚ ਆਏ ਇਸ ਬੌਧਿਕ ਬਦਲਾਅ ਲਈ ਅਧਾਰ ਤਿਆਰ ਕੀਤਾ। ਇਹ ਵਰਤਾਰਾ ਭਾਰਤ ਵਿੱਚ ਮਾਡਰੈਨਟੀ ਦੀ ਆਮਦ ਦੀ ਨੁਮਾਇੰਦਗੀ ਕਰਦਾ ਹੈ। ਇਸ ਵਰਤਾਰੇ ਨੇ ਅਜਿਹਾ ਸੰਚਾਰ ਪ੍ਰਬੰਧ ਸਿਰਜਿਆ ਜਿਸ ਵਿੱਚ ਭਾਰਤੀ ਸੱਭਿਆਚਾਰਕ ਤਰਕ ਨੂੰ ਪੱਛਮੀ ਰਿਲੀਜ਼ਨ ਦੇ ਸੰਕਲਪ ਅਧੀਨ ਕਰ ਦਿੱਤਾ ਗਿਆ। ਪੱਛਮੀ ਮਾਡਰੈਨਟੀ ਦੇ ਇਸ ਪ੍ਰਬੰਧ ਅਧੀਨ, ਭਾਰਤੀ ਸੋਚ ਵਿਚਾਰ ਦੇ ਵੱਖ ਵੱਖ ਰੂਪਾਂ ਨੂੰ, ਪੱਛਮੀ ਸਿਧਾਂਤਕਾਰੀ ਦੇ ਪੱਖ ਵਿੱਚ ਰੱਦ ਕਰ ਦਿੱਤਾ ਗਿਆ। ਇਸ ਨੀਤੀ ਨੇ ਜਿੱਥੇ ਪੱਛਮੀ ਪਹਿਚਾਣ ਦੀ ਰਾਜਨੀਤੀ ਨੂੰ ਭਾਰਤ ਵਿੱਚ ਪ੍ਰਚੱਲਿਤ ਕੀਤਾ ਉੱਥੇ ਵਖਰੇਵੇਂ ਨੂੰ ਮਾਨਤਾ ਦੇਣ ਵਾਲੀ ਭਾਰਤੀ ਸੋਚ ਅਤੇ ਸੱਭਿਆਚਾਰ ਦਾ ਖਾਤਮਾ ਕਰ ਦਿੱਤਾ। ਪੱਛਮੀ ਦਰਸ਼ਨ, ਈਸਾਈ ਅਧਿਆਤਮਵਾਦ ਅਤੇ ਰਾਜਨੀਤੀ ਦੇ ਅਸਰ ਹੇਠ ਭਾਰਤੀ ਕੁਲੀਨ ਵਰਗ ਨੇ ਸਮਭਾਸ਼ਾਈ (ੌਨੋਲਿਨਗੁਓਲ) ਪਹਿਚਾਣ ਦੀ ਮਹੱਤਤਾ ਨੂੰ ਮਹਿਸੂਸ ਕੀਤਾ। ਅੰਗਰੇਜ਼ੀ ਰਾਜ ਦੀ ਮੁੱਖ ਭਾਸ਼ਾ ਭਾਵੇਂ ਅੰਗਰੇਜ਼ੀ ਸੀ ਪਰ ਸਮਭਾਸ਼ਾਈ ਪਹਿਚਾਣ ਨੇ ਖੇਤਰੀ (ਪੰਜਾਬੀ-ਹਿੰਦੀ) ਸਥਾਨਕ ਭਾਸ਼ਾਵਾਂ ਨੂੰ ਮਾਤਭਾਸ਼ਾ ਵੱਜੋਂ ਉਭਾਰਿਆ। ਇਸਦੇ ਨਾਲ ਹੀ ਭਾਰਤੀ ਧਰਮ ਦੇ ਅਨੁਵਾਦ ਵੱਜੋਂ ਪੱਛਮੀ ਰਿਲੀਜਨ ਦੇ ਸੰਕਲਪ ਦੀ ਭਾਰਤੀ ਈਲੀਟ ਵੱਲੋਂ ਮਾਨਤਾ ਨੇ ਇੱਕ ਈਸ਼ਵਰਵਾਦੀ ਸਿੱਖ (ਹਿੰਦੂ) ਰਿਲੀਜ਼ਨ ਨੂੰ ਜਨਮ ਦੇ ਦਿੱਤਾ। ਇੱਥੇ ਇਹ ਸੁਆਲ ਮਹੱਤਵਪੂਰਨ ਹੈ ਕਿ ਕੀ ਨਵਬਸਤੀਵਾਦੀ ਹਿੰਦੂ-ਈਲੀਟ ਨੇ ਇੱਕ ਈਸ਼ਵਰਵਾਦੀ ਹਿੰਦੂ ਰਿਲੀਜਨ ਨੂੰ ਕਦੇ ਮਾਨਤਾ ਦਿੱਤੀ ਹੈ? ਇੱਥੇ ਮੰਡੇਰ ਦੀ ਸਿੱਖ ਧਰਮ ਦੇ ਇੱਕ-ਈਸ਼ਵਰਵਾਦੀ ਹੋਣ ਦੀ ਪੁਰਾਤਨ ਪਰੰਪਰਾ ਨੂੰ ਨਵ-ਬਸਤੀਵਾਦੀ ਸਿੱਖ ਈਲੀਟ ਦੀ ਉਪਜ ਹੋਣ ਦੀ ਧਾਰਨਾ ਦਾ ਅਸਲ ਮਕਸਦ ਸਮਝ ਆਉਂਦਾ ਹੈ। ਇਸਦੇ ਨਾਲ ਹੀ ਮੰਡੇਰ ਭਾਸ਼ਾ ਸਿਰਜਣ ਦੀ ਰਾਜਨੀਤੀ ਅਤੇ ਰਿਲੀਜਨ ਸਿਰਜਣ ਦੀ ਰਾਜਨੀਤੀ ਵਿਚਕਾਰ ਆਪਸੀ ਸਬੰਧਾਂ ਨੂੰ ਰਾਸ਼ਟਰਵਾਦ ਨਾਲ ਜੋੜਦਾ ਹੈ। ਉਹ ਇਸ ਵਰਤਾਰੇ ਨੂੰ ਇਕਹਿਰੇ ਧਾਰਮਿਕ ਭਾਸ਼ਾਵਾਦ (ੌਨੋ ਟਹਓ ਲ਼ਿਨਗੁਓਲਿਸਮ) ਦਾ ਨਾਅ ਦੇਂਦਾ ਹੈ। ਮੰਡੇਰ ਅਨੁਸਾਰ ਭਾਸ਼ਾ ਅਤੇ ਰਿਲੀਜ਼ਨ ਦੇ ਆਪਸੀ ਸਬੰਧਾਂ ਤੋਂ ਪੈਦਾ ਹੋਇਆ ਇੱਕ-ਈਸ਼ਵਰਵਾਦੀ ਰਿਲੀਜ਼ਨ ਅਤੇ ਰਾਸ਼ਟਰਵਾਦ ਭਾਰਤੀਆਂ ਦਾ ਭੂਤਕਾਲ ਅਤੇ ਮੌਜੂਦਾ ਸਮੇਂ ਵਿੱਚ ਪਿੱਛਾ ਕਰ ਰਿਹਾ ਹੈ। ਸਿੱਖ ਕੌਮਵਾਦੀ ਪਹਿਚਾਣ ਦੇ ਖਾਤਮੇ ਲਈ ਮੰਡੇਰ ਵੱਲੋਂ ਦਿੱਤੇ ਗਏ ਵਿਚਾਰਾਂ ਨੂੰ ਸਮਝਣ ਲਈ, ਸਿਧਾਂਤਕਾਰੀ ਦੀ ਵਰਤੋਂ ਦੀ ਸੂਖਮ ਸਮਝ ਹੋਣੀ ਜਰੂਰੀ ਹੈ। ਕੁਝ ਸਮਾਜ ਵਿਗਿਆਨੀਆਂ ਦੇ ਵਿਚਾਰਾਂ ਦੇ ਅਧਾਰ ਤੇ ਮੰਡੇਰ, ਸਿੱਖ ਪਹਿਚਾਣ ਤੇ ਵਾਰ ਕਰਦਿਆਂ ਲਿਖਦਾ ਹੈ ਕਿ ਭੂਤਕਾਲ ਵਿਚਲੇ ਸਾਮਰਾਜਾਂ ਦੇ ਅਸਰਾਂ ਤੋਂ ਮੁਕਤ ਹੋਣਾਂ ਅਸਾਨ ਨਹੀ ਹੈ। ਦੱਖਣੀ ਏਸ਼ੀਆਈ ਲੋਕਾਂ ਲਈ ਬਸਤੀਵਾਦ ਤੋਂ ਮੁਕਤੀ ਹੋਰ ਵੀ ਮੁਸ਼ਕਿਲ ਹੈ। ਭਾਰਤ ਵਿੱਚ ਮਾਡਰੈਨਟੀ ਦੇ ਜਨਮ ਲਈ ਜ਼ਿੰਮੇਵਾਰ ਦੋ ਘਟਨਾਵਾਂ, ਮਾਤ-ਭਾਸ਼ਾਈ ਪਹਿਚਾਣ ਅਤੇ ਪੱਛਮੀ ਰਿਲੀਜ਼ਨ ਦੀ ਪਹਿਚਾਣ ਨੂੰ ਭੁੱਲਣਾਂ ਵੀ ਇਸ ਖਿੱਤੇ ਦੇ ਲੋਕਾਂ ਲਈ ਸੌਖਾ ਨਹੀ ਹੋਵੇਗਾ ਜੋ ਇਨ੍ਹਾਂ ਨੂੰ ਪੂਰਬ-ਆਧੁਨਿਕਤਾ ਦੇ ਕਾਲ ਨਾਲ ਜੋੜ ਦੇਵੇਗਾ। ਮੰਡੇਰ ਭੁੱਲਣ ਦੀ ਦੂਜੀ ਕਿਰਿਆ ਨੂੰ ਸਿੱਖ ਪਹਿਚਾਣ ਨਾਲ ਜੋੜਕੇ ਇਸਨੂੰ ਜਰੂਰੀ ਦੱਸਦਾ ਹੈ। ਮੰਡੇਰ ਅਨੁਸਾਰ ਇਹ ਭੁੱਲੇ ਹੋਏ ਨੂੰ ਮੁੜ ਭੁਲਾਉਣ ਦੀ ਕਿਰਿਆ ਹੈ। ਜੋ ਪਹਿਲਾਂ ਭੁੱਲੇ ਹੋਏ ਨੂੰ ਯਾਦਾਂ ਵਿੱਚੋਂ ਮੁੜ ਮੇਟਣ ਦਾ ਕਾਰਜ ਹੈ। ਇਹ ਬੀਤੇ ਦੀਆਂ ਘਟਨਾਵਾਂ (ਬਸਤੀਵਾਦ) ਦੇ ਮੌਜੂਦਾ ਸਮੇਂ ਨਾਲ ਮਾਨਸਿਕ ਲਗਾਓ ਅਤੇ ਹੋਂਦ ਨਾਲ ਸਬੰਧਿਤ ਯਾਦਾਂ ਨੂੰ ਮੇਟਣ ਦਾ ਵਰਤਾਰਾ ਹੈ। ਮੰਡੇਰ ਇਸ ਵਰਤਾਰੇ ਨੂੰ ਦਰੇਦਾ ਵੱਲੋਂ ਘੜੇ ਗਏ ਪਹਿਚਾਣ ਦੇ ਵਿਗਾੜ (ਧਿਸੋਰਦਏਰੱਡ ੀਦਏਨਟਿਟੇ) ਦੇ ਸੰਕਲਪ ਨਾਲ ਸਪਸ਼ਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਮੰਡੇਰ ਅਨੁਸਾਰ, ਪਹਿਚਾਣ ਦੇ ਵਿਗਾੜ ਤੋਂ ਭਾਵ ਦਾਬੇ ਵਾਲੇ ਸੱਭਿਆਚਾਰ ਨਾਲ ਸਬੰਧਿਤ ਪਛਾਣਾਂ ਨੂੰ ਖਤਮ ਕਰਨਾ ਹੀ ਨਹੀ ਹੈ ਬਲਕਿ ਇਸਦਾ ਸਬੰਧ ਕੌਮਵਾਦੀ ਪਹਿਚਾਣ ਨੂੰ ਅਧਾਰ ਦੇਣ ਵਾਲੀਆਂ ਘਟਨਾਵਾਂ ਦੇ ਖਾਤਮੇ ਨਾਲ ਵੀ ਹੈ। ਇਸ ਤਰ੍ਹਾਂ ਮੰਡੇਰ ਦਰੇਦਾ ਦੇ ਸੰਕਲਪ ਅਨੁਸਾਰ, ਸਿੱਖ ਪਹਿਚਾਣ ਨੂੰ ਵਿਗਾੜ (ਧਿਸੋਰਦਏਰ) ਦੇ ਅਧਾਰ ਤੇ ਸਿਰਜਿਆ ਗਿਆ ਪ੍ਰਬੰਧ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਮੰਡੇਰ ਸਿੱਖ ਪਹਿਚਾਣ ਨੂੰ ਵਿਗਾੜ ਵੱਜੋਂ ਸਾਬਤ ਕਰਨ ਲਈ, ਸਿੱਖਾਂ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਧਾਰਮਿਕ ਵਿਵਾਦਾਂ ਦਾ ਓਹਲਾ ਸਿਰਜਦਾ ਹੈ। ਇੱਕ ਹੋਰ ਥਾਂ ਸਿੱਖ ਪਹਿਚਾਣ ਤੇ ਸਿਧਾਂਤਿਕ ਹਮਲਾ ਕਰਦਿਆਂ ਹੋਇਆਂ ਉਹ ਲਿਖਦਾ ਹੈ-

ਸਿੱਖ ਪਰਵਾਸੀਆਂ ਵਿੱਚੋਂ ਕੁਝ ਨੇ ਭਾਵੇਂ ਭਾਰਤੀ ਸਰਕਾਰ ਨਾਲ ਟਕਰਾਅ ਦਾ ਰਸਤਾ ਅਪਨਾ ਲਿਆ ਹੈ ਪਰ ਮੇਰੇ ਸਮੇਤ ਹੋਰ ਬਹੁਤ ਸਾਰਿਆਂ ਨੇ ਉਸ ਪਹਿਚਾਣ ਤੋਂ ਖਹਿੜਾ ਛੁਡਾਉਣ ਦਾ ਰਸਤਾ ਅਖਤਿਆਰ ਕਰ ਲਿਆ ਸੀ ਜਿਸਨੇ ਸਾਨੂੰ 1980-1990 ਵਿੱਚ ਰਾਜਨੀਤਿਕ ਖੁਦਕੁਸੀ ਕਰਨ ਅਤੇ ਹਾਸ਼ੀਏ ਤੇ ਧੱਕਣ ਦਾ ਕਾਰਜ ਕਰ ਦਿੱਤਾ ਸੀ। ਅਸੀਂ ਇਸ ਰਾਜਨੀਤੀ ਤੋਂ ਵੱਖ ਹੋਕੇ ਸਿੱਖਾਂ ਦੇ ਹੋਰ ਸਮਾਜਿਕ ਖੇਤਰਾਂ ਵਿੱਚ ਦਖਲ ਦੇਣ ਦੀ ਨੀਤੀ ਅਪਨਾਈ।

ਮੰਡੇਰ ਬਸਤੀਵਾਦੀ ਮਾਨਸਿਕਤਾ ਤੋਂ ਨਿਜਾਤ ਪਾਉਣ ਲਈ ਪਰੰਪਰਾ ਨੂੰ ਭੂਤਕਾਲ (ਇਤਿਹਾਸ), ਅਬਦਲਣਯੋਗ ਗਰੰਥਾਂ (ਛਓਨਨੋਚਿਓਲ ਠਏਣਟ) ਅਤੇ ਕਦਰਾਂ ਕੀਮਤਾਂ ਦੀ ਰਾਖੀ ਦਾ ਕਾਲ-ਰਹਿਤ ਅਮਲ ਨਹੀ ਮੰਨਦਾ। ਮੰਡੇਰ ਅਨੁਸਾਰ ਪਰੰਪਰਾ ਦਾ ਲਗਾਤਾਰ ਪ੍ਰਵਾਹ ਦੁਖਾਂਤਿਕ ਸਿੱਟਿਆਂ ਨੂੰ ਜਨਮ ਦੇਂਦਾ ਹੈ। 1990 ਤੱਕ ਸਿੱਖਾਂ ਨੇ ਇਸ ਦੁਖਾਂਤ ਨੂੰ ਭੋਗਿਆ ਹੈ। ਮੰਡੇਰ ਅਨੁਸਾਰ ਨਵ-ਬਸਤੀਵਾਦੀ ਅਸਰ ਹੇਠ ਸਿੱਖ, ਗੁਰਮਤ ਤੇ ਸਿੱਖੀ ਦੇ ਇਸ ਪਰੰਪਰਾਈਕਰਨ ਨੂੰ ਨਾ ਸਮਝ ਸਕੇ। ਸਿੱਖ ਗੁਰਮਤ ਅਤੇ ਸਿੱਖੀ ਦੇ ਇਸ ਪਰੰਪਰਾਈਕਰਨ ਦੇ ਅਮਲ ਤੋਂ ਉਪਜੀ ਬੰਦ ਅਤੇ ਸੁਰੱਖਿਅਤ ਵਿਸ਼ਵਾਸ਼ ਪ੍ਰਣਾਲੀ ਨੂੰ ਵੀ ਨਾ ਸਮਝ ਸਕੇ।ਜਿਸ ਦੇ ਅਧਾਰ ਤੇ ਹੇਠ ਲਿਖੇ ਵਿਗਾੜਾਂ ਨੇ ਜਨਮ ਲਿਆ।


1. ਗੁਰੂ ਨਾਨਕ ਅਤੇ ਬਾਕੀ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਦੇ ਅਧਾਰ ਤੇ ਸਿਰਜਿਆ ਗਿਆ ਸਿੱਖਵਾਦ ਇੱਕ ਅਜ਼ਾਦ ਰਿਲੀਜਨ ਹੈ।
2. ਇਹ ਸਾਂਝੀਆਂ ਸਿੱਖਿਆਵਾਂ ਗੁਰਮੱਤ ਦੇ ਰੂਪ ਵਿੱਚ ਕੇਂਦਰੀ ਸਿੱਖ ਗਰੰਥ ਗੁਰੂ ਗਰੰਥ ਸਾਹਿਬ ਵਿੱਚ ਦਰਜ ਹਨ।
3. ਇਹ ਸਾਂਝੀਆਂ ਸਿੱਖਿਆਵਾਂ ਇੱਕ ਰੱਬ ਦੇ ਕੇਂਦਰੀ ਵਿਸ਼ਵਾਸ਼ ਤੇ ਅਧਾਰਿਤ ਹਨ।

ਇਸ ਤਰ੍ਹਾਂ ਅਸੀਂ ਸਪਸ਼ਟ ਰੂਪ ਵਿੱਚ ਦੇਖ ਸਕਦੇ ਹਾਂ ਕਿ ਉੱਤਰ-ਬਸਤੀਵਾਦੀ ਧਾਰਾ ਸਿੱਖ ਧਰਮ ਦੀਆਂ ਮੂਲ ਮਾਨਤਾਵਾਂ ਤੋਂ ਆਕੀ ਹੀ ਨਹੀ ਬਲਕਿ ਇਨ੍ਹਾਂ ਨੂੰ ਗੁਨਾਹ ਅਤੇ ਵਿਗਾੜ ਬਣਾ ਕੇ ਪੇਸ਼ ਕਰ ਰਹੀ ਹੈ। ਜਿਹੜੇ ਤਿੰਨ ਵਿਗਾੜ ਅਰਵਿੰਦਪਾਲ ਮੰਡੇਰ ਨੇ ਚਿਤਾਰੇ ਹਨ ਉਹ ਸ਼ਰਧਾਵਾਨ ਸਿੱਖਾਂ ਦੇ ਅਟੱਟ ਵਿਸ਼ਵਾਸ਼ ਹਨ। ਮੰਡੇਰ ਕੌਮ ਦੇ ਰੁਹਾਨੀ ਵਿਸ਼ਵਾਸ਼ਾਂ ਤੇ ਸਿੱਧਾ ਅਤੇ ਸਟੀਕ ਸਿਧਾਂਤਿਕ ਹਮਲਾ ਕਰ ਰਿਹਾ ਹੈ। ਹਮਲਾ ਇਸ ਲਈ ਕਰ ਰਿਹਾ ਹੈ ਕਿਉਂਕਿ ਅਰਵਿੰਦਪਾਲ ਮੰਡੇਰ ਅਨੁਸਾਰ ਸਿੱਖਾਂ ਦੇ ਉਪਰੋਕਤ ਧਾਰਮਿਕ ਵਿਸ਼ਵਾਸ਼ ਸਿੱਖਾਂ ਵਿੱਚ ਵੱਖਰਾ ਕੌਮੀ ਜਜਬਾ ਭਰਨ ਦਾ ਕਾਰਨ ਬਣ ਰਹੇ ਹਨ ਜੋ ਭਾਰਤ ਸਰਕਾਰ ਦੇ ਨੁਕਤਾ ਨਿਗਾਹ ਤੋਂ ਠੀਕ ਨਹੀ ਹੈ। ਇਸ ਲਈ ਵਿਦੇਸ਼ਾਂ ਵਿੱਚ ਬਣੀਆਂ ਸਾਰੀਆਂ ਸਿੱਖ ਚੇਅਰਾਂ ਤੇ ਜੋ ਕੰਮ ਹੋ ਰਿਹਾ ਹੈ ਉਸਦਾ ਇੱਕੋ ਇੱਕ ਮਕਸਦ ਸਿੱਖੀ ਦੇ ਕੌਮੀ ਜਜਬੇ ਨੂੰ ਖਤਮ ਕਰਨ ਦਾ ਹੈ। ਬਾਕੀ ਅਕਾਦਮਿਕ ਕੰਮ ਤਾਂ ਉਹ ਮਜਬੂਰੀ ਵਿੱਚ ਹੀ ਕਰ ਰਹੇ ਹਨ, ਮੁੱਖ ਮਕਸਦ ਸਿੱਖਾਂ ਨੂੰ ਆਪਣੇ ਸੰਸਥਾਈ ਧਰਮ ਅਤੇ ਰਹਿਤ ਮਰਯਾਦਾ ਤੋਂ ਤੋੜਨ ਦਾ ਹੈ। ਕੌਮ ਦੇ ਦਾਨਿਸ਼ਵਰਾਂ ਨੂੰ ਇਹ ਚਕਰਵਿਹੂ ਸਮਝਣ ਦੀ ਲੋੜ ਹੈ।

# ਸਾਰਾਗੜ੍ਹੀ ਦੀ ਇਤਿਹਾਸਕ ਲੜਾਈ ਦੀ ਦਾਸਤਾਨ

**ਵੈਨਕੂਵਰ ਤੋਂ ਰਸ਼ਪਾਲ ਸਿੰਘ ਗਿੱਲ**

**(ਲੇਖਕ ਈਸ਼ਰ ਸਿੰਘ ਜੀ ਗਿੱਲ ਹਵਾਲਦਾਰ ਦਾ ਪੜਪੋਤਾ ਹੈ)**





ਸਾਰਾਗੜ੍ਹੀ ਦੀ ਸੰਸਾਰ ਭਰ ਵਿੱਚ ਬੀਰਤਾ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਦਰਸਾਉਂਦੀ ਲੜ੍ਹਾਈ, ਉਤਰ – ਪੱਛਮੀ ਫਰੰਟੀਅਰ ਸੂਬੇ ਤੇ ਅਫ਼ਗਾਨਿਸਤਾਨ ਦੀਆਂ ਸਰਹੱਦਾਂ ਲਾਗੇ ਸਾਰਾਗੜ੍ਹੀ ਦੇ ਸਥਾਨ ਤੇ 12 ਸਤੰਬਰ 1897 ਨੂੰ ਲੜੀ ਗਈ ਸੀ। ਇਹ ਲੜਾਈ ਬ੍ਰਿਟਿਸ਼ ਭਾਰਤੀ ਫ਼ੌਜ 36 ਸਿੱਖ ਰਜਮੈਂਟ ਜੋ ਹੁਣ 4 ਸਿੱਖ ਰਜਮੈਂਟ ਅਖਵਾਉਂਦੀ ਦੇ 21 ਜਾਬਾਜ਼ ਜਵਾਨਾਂ ਤੇ ਅਫਗਾਨੀ ਪਠਾਣਾਂ ਤੇ ਅਫ਼ਰੀਕੀ ਕਬਾਇਲੀਆਂ ਵਿਚਕਾਰ ਗਹਿਗੱਚ ਮੁਕਾਬਲੇ ਨਾਲ ਲੜੀ ਗਈ। ਸਾਰਾਗੜ੍ਹੀ ਸਮੁੰਦਰੀ ਤਲ ਤੋਂ 6000 ਫੁੱਟ ਦੀ ਉਚਾਈ ਤੇ ਪੈਂਦਾ ਇਕ ਪਿੰਡ ਹੈ। ਇਹ ਇਲਾਕਾਂ ਵਜੀਰਸਤਾਨ ਦਾ ਇਲਾਕਾ ਵੀ ਕਹਾਉਂਦਾ ਹੈ। ਜਿਸ ਦੇ ਪਹਾੜ ਬ੍ਰਿਟਿਸ਼ ਫਰੰਟੀਅਰ ਤੇ ਅਫ਼ਗਾਨਿਸਤਾਨ ਦੀ ਵੰਡ ਕਰਦੇ ਸਨ। ਸਾਰਾਗੜ੍ਹੀ ਸਮਾਨਾ ਘਾਟੀ 'ਚ ਕੋਹਾਟ ਜਿਲ੍ਹੇ ਦਾ ਪਿੰਡ ਹੈ ਜਿਥੋਂ ਕੁਹਾਟ 35 ਮੀਲ ਤੇ ਪਿਸ਼ਾਵਰ 50 ਕੁ ਮੀਲ ਦੀ ਦੂਰੀ ਤੇ ਪੈਂਦਾ ਹੈ ਇਸ ਚੌਂਕੀ ਦੀ ਅਹਿਮੀਅਤ ਇਸ ਕਰਕੇ ਵੀ ਜ਼ਿਆਦਾ ਹੈ ਕਿ ਲੋਕਹਾਰਟ ਕਿਲਾ ਤੇ ਗੁਲਸਤਾਨ ਕਿਲੇ ਵਿਚਕਾਰ 6 ਕਿਲੋਮੀਟਰ ਦਾ ਫਾਸਲਾ ਹੈ ਇਨ੍ਹਾਂ ਦੋਹਾਂ ਕਿੱਲਿਆਂ ਦੇ ਵਿਚਕਾਰ ਨੀਵੇਂ ਇਲਾਕੇ ਵਿੱਚ ਸਾਰਾਗੜ੍ਹੀ ਸਥਿਤ ਹੈ। ਨਿਰੋਲ ਪਹਾੜੀ ਇਲਾਕਾ । ਇਨ੍ਹਾਂ ਦੋਹਾਂ ਕਿੱਲਿਆਂ ਨੂੰ ਝੰਡੀ ਦਿਖਾਉਣ ਲਈ ਇਕ ਚੌਂਕੀ ਦੀ ਸਥਾਪਨਾ ਕੀਤੀ ਗਈ ਸੀ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਤੋਂ ਬਾਅਦ 19ਵੀਂ ਸਦੀ ਦੇ ਅਖੀਰ ਵਿੱਚ ਅੰਗਰੇਜ਼ਾਂ ਨੇ ਇਹ ਇਲਾਕਾ ਅੰਗਰੇਜ਼ ਸਮਰਾਜ ਅਧੀਨ ਕਰ ਲਿਆ। ਲੇਕਿਨ ਲੜਾਕੇ ਪਠਾਣ ਤੇ ਕਬਾਇਲੀ ਲੋਕਾਂ ਨੇ ਅੰਗਰੇਜ਼ਾਂ ਦੀ ਅਧੀਨਗੀ ਨੂੰ ਪ੍ਰਵਾਨ ਕਰਨ ਤੋਂ ਕਿਨਾਰਾ ਕਰ ਲਿਆ। ਇਹ ਕੌਮ ਕਿਸੇ ਦੇ ਅਧੀਨ ਨਹੀਂ ਸੀ ਰਹਿਣਾ ਚਾਹੁੰਦੀ ਅਤੇ ਇਹ ਲੋਕ ਅੰਗਰੇਜ਼ਾਂ ਖ਼ਿਲਾਫ਼ 1896 'ਚ ਬਗਾਵਤ ਦਾ ਝੰਡਾ ਚੁੱਕਦੇ ਖਲੋ ਗਏ। ਵਪਾਰਕ ਪੱਖ ਤੋਂ ਇਹ ਰਾਹ ਅੰਗਰੇਜ਼ਾਂ ਲਈ ਵੀ ਬੜਾ ਮਹੱਤਵ ਰੱਖਦਾ ਸੀ। ਜਦੋਂ ਵੀ ਦਾਅ ਲੱਗਦਾ ਪਠਾਣ, ਵਪਾਰੀ ਅਤੇ ਛੋਟੀਆਂ ਛੋਟੀਆਂ ਅੰਗਰੇਜ਼ ਫ਼ੌਜੀ ਟੁਕੜੀਆਂ ਦਾ ਮਾਲ ਲੁੱਟ ਲੈਂਦੇ। ਕਾਬੁਲ ਨੂੰ ਵਪਾਰ ਕਰਨ ਲਈ ਕੁਰਮ ਘਾਟੀ ਹੁਣ ਖ਼ਤਰਿਆਂ ਵਿੱਚ ਘਿਰ ਚੁੱਕੀ ਸੀ। ਸਮਾਨਾ ਚੋਟੀ ਤੇ ਅੰਗਰੇਜ਼ 5 ਸਾਲ ਤੋਂ ਕਬਜ਼ਾ ਜਮਾਈ ਬੈਠੇ ਸਨ। 31 ਦਸੰਬਰ 1896 ਨੂੰ ਕੁਹਾਟ ਪਹੁੰਚੀ ਸਿਖ ਬਟਾਲੀਅਨ ਨੂੰ ਸਮਾਨਾ ਘਾਟੀ ਦੀ ਉਪਰ ਵਾਲੀ ਚੋਟੀ ਤੇ ਕਬਜ਼ਾ ਕਰਨ ਦਾ ਹੁਕਮ ਸੁਣਾਇਆ ਗਿਆ। ਇਸ ਕਾਰਜ ਲਈ ਬਟਾਲੀਅਨ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ ਗਿਆ। ਰਾਈਟ ਵਿੰਗ ਦੀ ਕਮਾਂਡ ਲੈਫਟੀਨੈਂਟ ਕਰਨਲ ਮਿਸਟਰ ਹਾਗਟਨ ਨੂੰ ਸੌਂਪੀ ਗਈ। ਜਿਸ ਨੇ 2 ਜਨਵਰੀ 1897 ਨੂੰ ਲਾਕਹਾਰਟ ਕਿਲੇ ਤੇ ਕਬਜ਼ਾ ਕਰ ਲਿਆ ਸੀ। ਇਹ ਪਲਟਣ ਦੀਆਂ ਟੁਕੜੀਆਂ ਕਿਲੇ ਦੇ ਪੰਜ ਕਿਲੋਮੀਟਰ ਦੇ ਘੇਰੇ 'ਚ ਸਾਰਾਗੜ੍ਹੀ , ਦਾਰ, ਸੰਗਰ, ਸਰਟਰੋਪ , ਕੁਰੈਗ ਤੇ ਗੁਲਸਤਾਨ ਵਰਗੀਆਂ ਨਾਜ਼ੁਕ ਥਾਂਵਾਂ ਤੇ ਤਾਇਨਾਤ ਸਨ। ਉਧਰ 8 ਜਨਵਰੀ ਨੂੰ ਲੈਫਟ ਵਿੰਗ ਜੋ ਕਿ ਕੈਪਟਨ ਡਬਲਿਊ, ਵੀ, ਗਾਰਡਨ ਅਧੀਨ ਸੀ ਨੇ ਪਰ ਚਿਨਾਰ ਤੇ ਕਬਜ਼ਾ ਕਰ ਲਿਆ । ਥਲ ਤੇ ਸਾਦਾ ਨਾਮਕ ਚੌਂਕੀਆਂ ਤੇ ਵੀ ਇਸ ਲੈਫਟ ਵਿੰਗ ਦਾ ਹੀ ਕਬਜ਼ਾ ਸੀ। ਇਸ ਬਗੈਰ ਕੁਝ ਰਾਖਵੀਂ ਸੈਨਾਂ ਵੀ ਰੱਖ ਲਈ ਗਈ ਤਾਂ ਕਿ ਲੋੜ ਪੈਣ ਤੇ ਇਸ ਦੀ ਵਰਤੋਂ ਕੀਤੀ ਜਾ ਸਕੇ।

27 ਅਗਸਤ ਤੋਂ 8 ਸਤੰਬਰ 1897 ਦੇ ਸਮੇਂ ਵਿਚਕਾਰ ਕਬਾਇਲੀਆਂ ਨੇ ਲਿਫਟ ਵਿੰਗ ਦੀ ਸੁਰੱਖਿਆ ਪੰਗਤੀ ਤੇ ਬੜਾ ਭਿਆਨਕ ਹਮਲਾ ਬੋਲ ਦਿੱਤਾ ਪਰਤੂੰ ਇਨ੍ਹਾਂ ਕਬਾਇਲੀਆਂ ਨੂੰ ਖੁਦੜੇ ਕੇ 10 ਸਤੰਬਰ ਨੂੰ ਖਣਕੀ ਘਾਟੀ ਵੱਲ ਪਿੱਛੇ ਧੱਕਾ ਦਿੱਤਾ ਗਿਆ। ਪਰ ਸਮਾਨਾ ਪੋਸਟ ਉਪਰ 1000 ਕਬਾਇਲੀਆਂ ਦੇ 4 ਹਮਲਿਆਂ ਨੂੰ ਵੀ ਅਸਫਲ ਬਣਾ ਦਿੱਤਾ ਗਿਆ। ਇਸ ਉਪਰੰਤ ਕਬਾਇਲੀਆਂ ਦੇ ਅਫ਼ਰੀਕੀ ਸਰਦਾਰਾਂ ਨੇ ਸਲਾਹ ਮਸ਼ਵਰਾ ਕਰਕੇ ਸਾਰਾਗੜ੍ਹੀ ਤੇ ਹਮਲੇ ਦੀ ਯੋਜਨਾ ਬਣਾ ਲਈ ਕਿਉਂਕਿ ਇਸ ਚੌਂਕੀ ਦੀ ਰਾਖੀ ਲਈ 21 ਜਵਾਨਾਂ ਦੀ ਨਫਰੀ ਬਹੁਤ ਹੀ ਘੱਟ ਸੀ। ਉਨ੍ਹਾਂ ਇਸ ਚੌਂਕੀ ਨੂੰ 12 ਸਤੰਬਰ ਵਾਲੇ ਚਾਰੇ ਪਾਸਿਓਂ ਘੇਰਾ ਪਾ ਕੇ ਭਾਰੀ ਹਮਲੇ ਨਾਲ ਹੱਲਾ ਬੋਲ ਦਿੱਤਾ।

ਇਸ ਹਮਲੇ ਨਾਲ ਇਹ ਚੌਂਕੀ ਦਾ ਪੂਰੀ ਦੁਨੀਆ ਨਾਲੋਂ ਸੰਪਰਕ ਟੁੱਟ ਗਿਆ। ਇਸ ਚੌਂਕੀ ਦੀ ਕਮਾਂਡ ਈਸ਼ਰ ਸਿੰਘ ਗਿੱਲ ਹਵਾਲਦਾਰ ਪਿੰਡ ਝੋਰੜਾਂ ਜਿਲ੍ਹਾ ਲੁਧਿਆਣਾ ਕੋਲ ਸੀ। ਭਰਜਵਾਨ ਉਮਰ ਵਿੱਚ ਹਵਾਲਦਾਰ ਬਾਬਾ ਜੀ ਆਪਣੇ 21 ਜਵਾਨਾਂ ਸਮੇਤ ਦੁਸ਼ਮਨ ਨੂੰ ਟੁੱਟ ਕੇ ਪੈ ਗਏ। ਸਿਗਨਲ ਭੇਜਣ ਦੀ ਜਿੰਮੇਵਾਰੀ ਗੁਰਮੁੱਖ ਸਿੰਘ ਪਾਸ ਸੀ। ਦੁਸ਼ਮਨਾਂ ਨੇ ਬਾਬਾ ਈਸ਼ਰ ਸਿੰਘ ਗਿੱਲ ਕਮਾਂਡਰ ਨੂੰ ਬਹੁਤ ਲਾਲਚ ਦਿੱਤੇ ਕਿਉਂ ਚੌਂਕੀ ਖਾਲੀ ਕਰ ਦੇਵੇ। ਉਨ੍ਹਾਂ ਨੂੰ ਸੁਰਖਿਅਤ ਲਾਘਾਂ ਤੇ ਹੋਰ ਇਨਾਮ ਦਿੱਤੇ ਜਾਣਗੇ। ਪਰ ਬਾਬਾ ਜੀ ਬੜੇ ਅਣਖੀਲੇ ਤੇ ਅੜਬ ਸੁਭਾਅ ਵਾਲੇ ਸਨ। ਉਨ੍ਹਾਂ ਨੇ ਦੁਸ਼ਮਨਾਂ ਦਾ ਸਵਾਗਤ ਗਾਲੀ ਗਲੋਚ ਨਾਲ ਕੀਤਾ ਤੇ ਉਨ੍ਹਾਂ ਦੀ ਹਰ ਪੇਸ਼ਕਸ਼ ਨੂੰ ਠੁਕਰਾਂ ਦਿੱਤਾ । ਲੜਾਈ ਆਹਮੋ ਸਾਹਮਣੇ ਹੋ ਰਹੀ ਸੀ। ਦੁਸ਼ਮਨ ਦੀ ਗੜ੍ਹੀ ਲਾਗੇ ਆਉਣ ਦੀ ਹਿੰਮਤ ਨਹੀਂ ਸੀ ਪੈ ਰਹੀ। ਉਧਰ ਗੋਲੀ ਸਿੱਕਾਂ ਵੀ ਬਾਬਿਆਂ ਦੀ ਘੱਟ ਰਿਹਾ ਸੀ। ਵੀਰਾਨ ਥਾਂ ਤੇ ਸਥਿਤ ਚੌਂਕੀ ਵਿਚੋਂ ਬੋਲੇ ਸੋ ਨਿਹਾਲ ਦੇ ਨਾਹਰੇ ਤੇ ਗੋਲੀਆਂ ਦੀ ਅਵਾਜ਼ਾਂ ਸੁਣਾਈ ਦੇ ਰਹੀਆਂ ਸਨ। ਇਸ ਗੜੀ ਦੇ ਇਕ ਪਾਸੇ ਸਿਧੀ ਢਲਾਣ ਸੀ ਜਦ ਕਿ ਤਿੰਨੇ ਪਾਸੇ ਢਲਾਨਾਂ ਘੱਟ ਸਨ। ਦੁਸ਼ਮਨ ਇਹ ਤਿੰਨ ਪਾਸਿਆਂ ਤੋਂ ਹਮਲਾ ਕਰ ਰਹੇ ਸੀ। ਕਰਨਲ ਹਾਰਟਨ ਲੋਕਹਾਰਟ ਦੇ ਕਿਲੇ ਤੋਂ ਸਭ ਕੁਝ ਤੱਕ ਰਿਹਾ ਸੀ। ਉਸਨੇ ਹੋਰ ਬਾਬਿਆਂ ਦੀ ਸਹਾਇਤਾ ਲਈ ਭੇਜਣ ਦਾ ਯਤਨ ਵੀ ਕੀਤਾ। ਪਰ ਅਸਫਲ ਹੀ ਰਿਹਾ ਕਿਉਂ ਸਾਰਾ ਇਲਾਕਾ ਹੀ ਦੁਸ਼ਮਨਾਂ ਨੇ ਘੇਰੇ ਵਿੱਚ ਲੈ ਰੱਖਿਆ ਸੀ। 9.30 ਵਜੇ ਸ਼ੁਰੂ ਹੋਈ ਲੜਾਈ ਨੂੰ 6 ਘੰਟੇ ਬੀਤ ਗਏ 600 ਦੇ ਕਰੀਬ ਕਬਾਇਲੀ ਤੇ ਗੜ੍ਹੀ ਦੇ ਅੰਦਰ 12 ਸਿੱਖ ਫੌਜੀ ਵੀ ਸ਼ਹੀਦ ਹੋ ਗਏ ਸਨ। ਗੋਲੀ ਸਿੱਕਾਂ ਵੀ ਕਿਨਾਰੇ ਤੇ ਸੀ। ਪਰ ਸਿੱਖ ਜਵਾਨ ਚੜ੍ਹਦੀ ਕਲਾਂ 'ਚ ਸਨ। ਕਿਵੇਂ ਨਾ ਕਿਵੇਂ ਦੁਸ਼ਮਨ ਨੇ ਇਕ ਪਾਸੇ ਕੰਧ 'ਚ ਪਾੜ ਪਾ ਲਿਆ। ਪਰ ਸਿੱਖ ਫੌਜੀਆਂ ਨੇ ਦੁਸ਼ਮਨ ਨੂੰ ਅੰਦਰ ਨਾ ਆਉਣ ਦਿੱਤਾ। ਦੁਸ਼ਮਨ ਨੇ ਤਰਕੀਬ ਘੜੀ ਤੇ ਆਸੇ ਪਾਸੇ ਘਾਹ ਫੂਸ ਨੂੰ ਅੱਗ ਲਗਾ ਕੇ ਧੂੰਆਂ ਹੀ ਧੂੰਆਂ ਕਰ ਦਿੱਤਾ ਅੰਦਰੋਂ ਫੌਜੀ ਸਿਰਫ਼ ਬੋਨਟਾਂ ਨਾਲ ਲੜ ਰਹੇ ਸਨ। 20 ਫੌਜੀ ਸ਼ਹੀਦੀ ਪ੍ਰਾਪਤ ਕਰ ਗਏ। ਇਕੱਲਾ ਸਿਗਨਲਮੈਨ ਗੁਰਮੁਖ ਸਿੰਘ ਹੀ ਬਚਿਆ ਸੀ।

ਸਿਗਨਲਮੈਨ ਗੁਰਮੁਖ ਸਿੰਘ ਨੇ ਕਰਨਲ ਹਾਰਟਨ ਨੂੰ ਸਿਗਨਲ ਦਿੱਤਾ ਕਿ ਮੇਰੇ ਸਾਰੇ ਸਾਥੀ ਸ਼ਹੀਦ ਹੋ ਚੁੱਕੇ ਹਨ। ਮੈਂ ਇਕੱਲਾ ਹੀ ਬਚਿਆਂ ਹਾਂ। ਮੈਨੂੰ ਸਿਗਨਲ ਬੰਦ ਕਰਨ ਦਾ ਹੁਕਮ ਦਿੱਤਾ ਜਾਵੇ ਤਾਂ ਕਿ ਮੈਂ ਵੀ ਆਪਣੇ ਸ਼ਹੀਦ ਹੋਏ ਸਾਥੀਆਂ ਨਾਲ ਸ਼ਾਮਲ ਹੋ ਜਾਵਾਂ। ਸੋ ਉਸਨੇ ਸਿਗਨਲ ਬੰਦ ਕਰਕੇ ਜੈਕਾਰਾ ਲਗਾਇਆ ਤੇ ਬੰਦੂਕ ਦੀ ਨੋਕ ਨਾਲ 20 ਤੋਂ ਵਧੇਰੇ ਦੁਸ਼ਮਣਾਂ ਨੂੰ ਢੇਰ ਦਿੱਤਾ। ਅਖੀਰ ਦੁਸ਼ਮਨ ਨੇ ਗੜੀ ਨੂੰ ਅੱਗ ਲਗਾ ਦਿੱਤੀ। ਅਜਿਹੀ ਸੀ ਬਹਾਦਰੀ ਦੀ ਇਹ ਅਦੁਤੀ ਦਾਸਤਾਨ। ਭਾਰਤੀ ਫ਼ੌਜੀਆਂ ਨੇ ਦੁਸ਼ਮਨਾਂ ਨੂੰ ਜਿਉਂਦੇ ਜੀਅ ਗੜੀ ਦੇ ਲਾਗੇ ਨਾ ਢੁਕਣ ਦਿੱਤਾ। ਦੁਸ਼ਮਨ ਹੈਰਾਨ ਸੀ ਇਤਨੀ ਘੱਟ ਗਿਣਤੀ ਵਾਲੀ ਫੌਜ ਨੇ ਉਨ੍ਹਾਂ ਦੇ ਨੱਕ 'ਚ ਦਮ ਕਰ ਰੱਖਿਆ। ਉਹ ਉਨ੍ਹਾਂ ਦੀ ਬਾਹਦਰੀ ਦੀ ਕਾਇਲ ਵੀ ਹੋਇਆ। ਕਬਾਇਲੀ ਕਮਾਂਡਰਾਂ ਨੇ ਬਾਬਾ ਈਸ਼ਰ ਸਿੰਘ ਗਿੱਲ (ਹਵਾਲਦਾਰ ) ਤੇ ਉਨ੍ਹਾਂ ਦੇ ਸਾਥੀਆਂ ਦੀ ਬਹਾਦਰੀ ਨੂੰ ਕਬੂਲ ਵੀ ਕੀਤਾ।

ਸਾਰਾਗੜ੍ਹੀ ਦੇ ਯੋਧਿਆਂ ਦੀ ਇਹ ਖ਼ਬਰ ਜਦੋਂ ਲੰਡਨ ਬ੍ਰਿਟਿਸ਼ ਪਾਰਲੀਮੈਂਟ ਵਿੱਚ ਪਹੁੰਚੀ ਤਾਂ ਪਾਰਲੀਮੈਂਟ ਦੇ ਦੋਹਾਂ ਸਦਨਾਂ ਵਿੱਚ ਮੈਂਬਰਾਂ ਨੇ ਖੜ੍ਹੇ ਹੋ ਕੇ ਸਨਮਾਨ ਦੇ ਤੌਰ ਤੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਦੁਨੀਆਂ ਭਰ ਵਿੱਚ ਇਸ ਲੜਾਈ ਦੀ ਚਰਚਾ ਹੋਈ ਅਤੇ ਸੰਸਾਰ ਭਰ ਵਿੱਚ ਇਸ ਦੀਆਂ ਖ਼ਬਰਾਂ ਪ੍ਰਕਾਸ਼ਿਤ ਹੋਈਆਂ। ਸਿੱਖ ਕੌਮ ਦੀਆਂ ਬਹਾਦਰੀ ਦੀਆਂ ਧੁੰਮਾਂ ਵਿਸ਼ਵ ਭਰ ਵਿੱਚ ਪੈ ਗਈਆਂ । ਇੰਗਲੈਂਡ ਦੀ ਰਾਣੀ ਮਹਾਰਾਣੀ ਵਿਕਟੋਰੀਆ ਆਪ ਵੀ ਇਸ ਕਾਰਨਾਮੇ ਤੋਂ ਕਾਫ਼ੀ ਪ੍ਰਭਾਵਿਤ ਹੋਈ। ਬਰਤਾਨਵੀ ਸਰਕਾਰ ਨੇ ਸਨਮਾਨ ਦੇ ਤੌਰ ਤੇ ਸਭ ਤੋਂ ਵੱਡਾ ਸਨਮਾਨ ਇੰਡੀਅਨ ਆਰਡਰ ਆਫ਼ ਮੈਰਿਟ ਹਰ ਇਕ ਸ਼ਹੀਦ ਨੂੰ ਮਰਨ ਉਪਰੰਤ ਭੇਂਟ ਕਰਕੇ ਉਸ ਨੂੰ ਸਨਮਾਨਿਤ ਕੀਤਾ। ਇਸ ਤੋਂ ਇਲਾਵਾਂ ਹਰ ਸ਼ਹੀਦ ਦੇ ਪਰਿਵਾਰ ਨੂੰ ਦੋ- ਦੋ ਮਰੱਬੇ ਜ਼ਮੀਨ ਤੇ 500 ਰੁਪਏ ਦੀ ਪ੍ਰਤੀ ਫੌਜੀ ਇਮਦਾਦ ਵੀ ਦਿੱਤੀ ਜੋ ਕਿ ਉਸ ਸਮੇਂ ਬਹੁਤ ਵੱਡੀ ਰਕਮ ਸੀ। ਇੰਡੀਅਨ ਆਰਡਰ ਆਫ਼ ਮੈਰਿਟ ਦਾ ਸਨਮਾਨ ਉਸ ਸਮੇਂ ਵਿਕਟੋਰੀਆ ਕਰਾਸ ਤੇ ਅਜ ਦੇ ਪਰਮਵੀਰ ਚੱਕਰ ਦੇ ਸਮਾਂਤਰ ਮੰਨਿਆ ਜਾਂਦਾ ਹੈ। ਇਸ ਯੁੱਧ ਤੋਂ ਪਹਿਲਾਂ ਤੇ ਬਾਅਦ ਵਿੱਚ ਵੀ ਐਡਾ ਵੱਡਾ ਸਨਮਾਨ ਕਿਸੇ ਵੀ ਪਲਟਨ ਨੂੰ ਅੱਜ ਤੱਕ ਨਹੀਂ ਮਿਲੀਆ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਸਿੱਖ ਰੈਜਮੈਂਟ ਨਾਲ ਸਬੰਧਤ ਰਹੇ ਹਨ ਅਤੇ ਫੌਜੀ ਦੇ ਇਤਿਹਾਸ ਬਾਰੇ ਅਥਾਹ ਜਾਣਕਾਰੀ ਰੱਖਣਦੇ ਹਨ, ਉਨ੍ਹਾਂ ਨੇ ਸਾਰਾਗੜ੍ਹੀ ਦੀ ਲੜ੍ਹਾਈ ਬਾਰੇ ਬੜੀ ਸ਼ਰਧਾਪੂਰਵਕ ਕਿਤਾਬ ਪ੍ਰਕਾਸ਼ਿਤ ਕਰਵਾਈ ਹੈ ਅਤੇ ਸਾਰਾਗੜ੍ਹੀ ਦੇ ਸ਼ਹੀਦਾਂ ਦੇ ਪਿੰਡਾਂ 'ਚ ਯਾਦਗਾਰਾਂ ਲਈ ਵਿਸ਼ੇਸ਼ ਉਪਰਾਲੇ ਅਰੰਭੇ ਹਨ।

ਇਸ ਬਹਾਦਰੀ ਦੀ ਦਾਸਤਾਨ ਫਰਾਂਸ ਦੇ ਸਕੂਲਾਂ ਦੇ ਸਿਲੇਬਸ ਵਿੱਚ ਪੜ੍ਹਾਈ ਜਾ ਰਹੀ ਹੈ। ਯੂਨੈਸਕੋ ਨੇ ਇਸ ਲੜਾਈ ਨੂੰ ਸਨਤਾਂ ਦੇ ਕੇ ਦੁਨੀਆ ਦੀਆਂ ਬਿਹਤਰੀਨ 8 ਲੜਾਈਆਂ ਵਿੱਚ ਸ਼ੁਮਾਰ ਕੀਤਾ ਹੈ। ਇੰਗਲੈਂਡ ਅਤੇ ਕੈਨੇਡਾ ਵਿੱਚ ਸਾਰਾਗੜ੍ਹੀ ਦਿਵਸ ਕਾਫੀ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ। ਜਿਥੇ ਕਿ ਸਰਕਾਰਾਂ ਦੇ ਨੁਮਾਇੰਦੇ, ਸ਼ਹੀਦ ਫੌਜੀ ਬਾਬਿਆਂ ਦੇ ਪਰਿਵਾਰ ਤੇ ਸਿੱਖ ਸਾਬਕਾ ਫੌਜੀ ਇਨ੍ਹਾਂ ਸ਼ਹੀਦਾਂ ਨੂੰ ਸਰਧਾ ਦੇ ਫੁੱਲ ਭੇਂਟ ਕਰਨ ਲਈ ਪਹੁੰਚਦੇ ਹਨ।

ਜਿੰਨ੍ਹਾਂ 21 ਜਵਾਨਾਂ ਨੇ ਸਾਰਾਗੜ੍ਹੀ ਦੀ ਲੜਾਈ ਵਿੱਚ ਆਪਣੀਆਂ ਸ਼ਹਾਦਤਾਂ ਦਿੱਤੀਆਂ ਉਨ੍ਹਾਂ ਦੀ ਜਾਣਕਾਰੀ ਇਸ ਪ੍ਰਕਾਰ ਹੈ।

ਹਵਾਲਦਾਰ ਸ. ਈਸ਼ਰ ਸਿੰਘ ਗਿੱਲ ਪਿੰਡ ਝਰੋੜਾ ਜਿਲ੍ਹਾਂ ਲੁਧਿਆਣਾ (ਕਮਾਡਰ) ਸ. ਲਾਲ ਸਿੰਘ ਨਾਇਕ , ਸ. ਚੰਦਾ ਸਿੰਘ ਲਾਸ ਨਾਇਕ , ਸ. ਸੁੰਦਰ ਸਿੰਘ, ਸ. ਉਤਮ ਸਿੰਘ, ਸ. ਹੀਰਾ ਸਿੰਘ, ਸ. ਰਾਮ ਸਿੰਘ, ਸ. ਜੀਵਾ ਸਿੰਘ, ਸ. ਜੀਵਨ ਸਿੰਘ, ਸ. ਗੁਰਮੁੱਖ ਸਿੰਘ ਸਿੰਗਲਮੈਂਨ , ਸ. ਭੋਲਾ ਸਿੰਘ, ਸ. ਬੇਲਾ ਸਿੰਘ, ਸ. ਨੰਦ ਸਿੰਘ, ਸ. ਸਾਹਿਬ ਸਿੰਘ, ਸ. ਦਿਆ ਸਿੰਘ, ਸ. ਭਗਵਾਨ ਸਿੰਘ, ਸ. ਨਰੈਣੂ ਸਿੰਘ, ਸ. ਗੁਰਮੁੱਖ ਸਿੰਘ, ਸਿੰਦਕ ਸਿੰਘ ਇਹ ਸਭ ਸਿਪਾਹੀ ਰੈਂਕ ਵਾਲੇ ਤੇ ਸੇਵਾਦਾਰ ਦਾਉ ਸਿੰਘ/ਦਾਦ ਸਿੰਘ।

**ਕੌਮਾਂ ਜਿਉਂਦੀਆਂ ਕਰਨ ਕੁਰਬਾਨੀਆਂ ਜੋ,**
**ਤਾਰੀਖ਼ਾਂ ਪੁਰਾਣੀਆਂ ਕਹਿੰਦੀਆਂ ਨੇ**
**ਜਿਹੜੀਆਂ ਕੌਮ ਇਤਿਹਾਸ ਨੂੰ ਭੁਲ ਜਾਵੇ**
**ਮਾਰਾ ਹਰ ਜਗ੍ਹਾ ਓਸ ਨੂੰ ਪੈਂਦੀਆਂ ਨੇ**
**ਉੱਚੇ ਟਿਬੇ ਨੂੰ ਚਾੜ੍ਹਦਾ ਕੋਈ ਪਾਣੀ**
**ਲਹਿਰਾਂ ਸਦਾ ਨੀਵਾਣ ਵੱਲ ਵਹਿੰਦੀਆਂ ਨੇ**
**ਅਣਖ ਨਾਲ ਗੁਰਮੇਲ ਜੋ ਕੌਮ ਲੜਦੀ**
**ਸਦਾ ਚੜ੍ਹਦੀਕਲਾ ਵਿੱਚ ਉਹ ਰਹਿੰਦੀਆਂ ਨੇ**

# ਨਵੇਂ ਫ਼ੌਜਦਾਰੀ ਕਾਨੂੰਨਾਂ ਦੀ ਸਾਰਥਿਕਤਾ ਤੇ ਮਨੁੱਖੀ ਅਧਿਕਾਰ

**ਲਿਖਤ : ਜੋਗਿੰਦਰ ਸਿੰਘ ਤੂਰ**



ਭਾਰਤ ਸਰਕਾਰ ਵਲੋਂ ਅਗਸਤ, 2023 ਵਿਚ ਭਾਰਤ ਵਿਚਲੇ 1860 ਤੋਂ ਚਲਦੇ ਆ ਰਹੇ, ਇੰਡੀਅਨ ਪੀਨਲ ਕੋਡ, ਤੇ ਫ਼ੌਜਦਾਰੀ ਕੇਸਾਂ ਦੇ ਨਿਪਟਾਰੇ ਲਈ ਜ਼ਾਬਤਾ ਫ਼ੌਜਦਾਰੀ ਕਾਨੂੰਨ ਕ੍ਰਿਮਿਨਲ ਪ੍ਰੋਸੀਜ਼ਰ ਕੋਡ ਤੇ ਐਵੀਡੈਂਸ ਐਕਟ ਤਿੰਨਾਂ ਨੂੰ ਬਦਲਵੇਂ ਰੂਪ 'ਚ ਪਾਸ ਕਰਵਾਉਣ ਲਈ ਬਿੱਲ ਅਗਸਤ 2023 ਨੂੰ ਪਾਰਲੀਮੈਂਟ 'ਚ ਪੇਸ਼ ਕੀਤਾ ਸੀ, ਜਿਨ੍ਹਾਂ ਬਾਰੇ ਕਾਨੂੰਨ ਤੇ ਸੰਵਿਧਾਨ ਦੇ ਜਾਣਕਾਰ ਹਲਕਿਆਂ ਵਲੋਂ, ਤਿੱਖੀ ਮੁਖ਼ਾਲਫ਼ਤ ਕੀਤੀ ਗਈ ਤੇ ਇਸ ਬਿਲ ਨੂੰ ਵਾਪਸ ਲੈ ਲਿਆ ਗਿਆ।

ਦਸੰਬਰ 9, 2023 ਨੂੰ ਤਿੰਨੇ ਕਾਨੂੰਨਾਂ ਦੇ ਬਦਲਵੇਂ ਰੂਪ ਦੇ ਤੌਰ 'ਤੇ ਬਿੱਲ ਸੰਸਦ ਵਿਚ ਪੇਸ਼ ਕੀਤਾ ਗਿਆ, ਇਨ੍ਹਾਂ ਨਵੇਂ ਫ਼ੌਜਦਾਰੀ ਕਾਨੂੰਨਾਂ ਸੰਬੰਧੀ ਬਿਲ ਨੂੰ ਲੋਕ ਸਭਾ ਦੇ 146 ਮੈਂਬਰਾਂ ਨੂੰ ਮੁਅੱਤਲ (ਸੁਸਪੈਂਡ) ਕਰਕੇ, ਬਿਨਾਂ ਸਾਰਥਿਕ ਬਹਿਸ ਦੇ ਪਾਸ ਕਰਾ ਲਿਆ ਗਿਆ ਅਤੇ ਹੁਣ ਇਕ ਜੁਲਾਈ 2024 ਤੋਂ ਇਕ ਕਾਨੂੰਨ ਲਾਗੂ ਹੋ ਗਏ ਹਨ।

ਨਵੇਂ ਕਾਨੂੰਨਾਂ ਦਾ ਨਾਂਅ ਗੂੜ੍ਹ ਹਿੰਦੀ 'ਚ ਰੱਖ ਦਿੱਤਾ ਗਿਆ, ਜਿਵੇਂ ਕਿ ਇੰਡੀਅਨ ਪੀਨਲ ਕੋਡ 1860 ਦੀ ਬਜਾਏ 'ਭਾਰਤੀਆ ਨਿਆਏਂ (ਸੈਕੰਡ) ਸੰਹਿਤਾ 2023 ਨੁਓ ਭ੍ਰਓਠੀਅ ਐਅ (ਸ਼ਓਛੌਂਧ) ਸ਼ਅ੍ਰੀਠਅ (2023)ਅਤੇ ਕ੍ਰਿਮਿਨਲ ਪ੍ਰੋਸੀਜ਼ਰ ਕੋਡ 1973 ਦੀ ਬਜਾਏ ਭ੍ਰਓਠੀਅ ਅਘਅ੍ਰੀਖ ਭੀਲ਼ਲ 2023 ਅਤੇ ਐਵੀਡੈਂਸ ਐਕਟ ਦੀ ਬਜਾਏ ਭ੍ਰਓਠੀਅ ਅਘਅ੍ਰੀਖ ਸ਼ੁਅਖ੍ਰਸ਼ੁਅ ਸ਼ਅ੍ਰੀਠਅ ਭੀਲ਼ਲ 2023 ਰੱਖਿਆ ਗਿਆ ਹੈ। ਭਾਰਤੀ ਫ਼ੌਜਦਾਰੀ ਕਾਨੂੰਨ ਪੁੰਨ-ਪਾਪ 'ਤੇ ਆਧਾਰਿਤ ਸੀ। ਨਿਆਂ ਕਰਨ ਵਾਸਤੇ, ਪੰਡਤਾਂ ਤੇ ਕਾਜ਼ੀਆਂ ਦੀ ਰਾਏ ਤੇ ਵਿਆਖਿਆ ਉਨ੍ਹਾਂ ਲਈ ਜਾਣਕਾਰੀ ਦਾ ਸਰੋਤ ਸੀ। ਸ਼ਰੀਅਤ ਮੁਸਲਮਾਨਾਂ ਵਾਸਤੇ, ਮਨੂੰ ਸਮ੍ਰਿਤੀ ਹਿੰਦੂਆਂ ਵਾਸਤੇ। ਸਮ੍ਰਿਤੀਆਂ ਵੀ ਇਕ ਤੋਂ ਵੱਧ ਸਨ।

ਅੰਗਰੇਜ਼ਾਂ ਨੇ ਹੌਲੀ-ਹੌਲੀ ਭਾਰਤ ਦੇ ਕਾਫੀ ਵੱਡੇ ਹਿੱਸੇ 'ਤੇ ਕਬਜ਼ਾ ਕਰ ਲਿਆ ਸੀ। ਅਖੀਰਲੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਕਿਹਾ ਤਾਂ ਸ਼ਹਿਨਸ਼ਾਹ-ਏ-ਆਲਮ (ਸਾਰੀ ਦੁਨੀਆ ਦਾ ਬਾਦਸ਼ਾਹ) ਕਿਹਾ ਜਾਂਦਾ ਸੀ, ਪਰ ਉਸ ਦਾ ਹੁਕਮ 'ਅਜ਼ ਦੇਹਲੀ ਤਾਂ ਪਾਲਮ' ਭਾਵ ਦਿੱਲੀ ਤੋਂ ਪਾਲਮਪੁਰ, ਜਿੱਥੇ ਦਿੱਲੀ ਦਾ 'ਪਾਲਮ ਏਅਰ ਪੋਰਟ' ਬਣਿਆ ਸੀ, ਉੱਥੋਂ ਤੱਕ ਹੀ ਚਲਦਾ ਸੀ।

ਅੰਗਰੇਜ਼ਾਂ ਨੇ ਦੀਵਾਨੀ ਮਸਲਿਆਂ ਦਾ ਇਨਸਾਫ਼ ਆਪਣੇ ਹੱਥ ਲੈ ਲਿਆ ਸੀ। ਫ਼ੌਜਦਾਰੀ ਮੁਕੱਦਮਿਆਂ ਵਾਸਤੇ ਇਕ ਵੱਖਰੀ ਨਿਆਂ ਪ੍ਰਣਾਲੀ ਤੇ ਨਿਆਇਕ ਅਦਾਲਤਾਂ ਦੀ ਲੋੜ ਸੀ।

1835 'ਚ ਹਿੰਦੁਸਤਾਨ 'ਚ ਫ਼ੌਜਦਾਰੀ ਮਾਮਲਿਆਂ ਸੰਬੰਧੀ ਕਾਨੂੰਨ ਤੇ ਅਦਾਲਤਾਂ ਬਣਾਉਣ ਲਈ ਇਕ ਚਾਰ ਮੈਂਬਰੀ ਕਮਿਸ਼ਨ ਬਣਾਇਆ ਗਿਆ, ਜਿਸ ਦੇ ਚੇਅਰਮੈਨ ਲਾਰਡ ਮਕਾਲੇ (ਅਛਅਓਲਅੈ) ਸਨ, ਜਿਸ ਦਾ ਪੁਰਾਣਾ ਪੂਰਾ ਨਾਂਅ ਟਾਮਸ ਬੈਬਿੰਗਟਨ ਮਕਾਲੇ (ਠੌਅਸ਼ ਭਅਬਿੰਘਠੌਂ ਅਛਅਓਲਅੈ) ਸੀ। ਉਹ 1830 'ਚ ਇੰਗਲੈਂਡ ਦੀ ਪਾਰਲੀਮੈਂਟ ਦਾ ਮੈਂਬਰ ਬਣਿਆ ਅਤੇ 1834 'ਚ ਗਵਰਨਰ ਜਨਰਲ ਹਿੰਦ ਦੀ ਕੌਂਸਲ ਦਾ ਮੈਂਬਰ ਬਣਾਇਆ ਗਿਆ। ਉਹ ਚਾਰ ਸਾਲ ਹਿੰਦੁਸਤਾਨ 'ਚ ਰਿਹਾ ਤੇ ਕਈ ਵਿਸ਼ਿਆਂ 'ਤੇ ਆਪਣੀ ਰਾਏ ਗਵਰਨਰ ਜਨਰਲ ਨੂੰ ਦਿੰਦਾ ਰਿਹਾ।

ਉਸ ਦਾ ਅੰਗਰੇਜ਼ਾਂ ਨੂੰ ਇਕ ਸੁਝਾਅ ਇਹ ਸੀ ਕਿ ਜੇਕਰ ਤੁਸੀਂ ਹਿੰਦੁਸਤਾਨ 'ਤੇ ਰਾਜ ਕਾਇਮ ਰੱਖਣਾ ਹੈ ਤਾਂ ਤੁਹਾਨੂੰ ਪਤਾ ਹੋਵੇ ਕਿ ਹਿੰਦੁਸਤਾਨ ਦੀਆਂ ਸਮਾਜਿਕ ਤੇ ਸੱਭਿਆਚਾਰਕ ਭਾਵਨਾਵਾਂ ਬਹੁਤ ਤਕੜੀਆਂ ਹਨ ਤੁਸੀਂ ਉਨ੍ਹਾਂ ਨੂੰ ਤੋੜ ਨਹੀਂ ਸਕੋਗੇ। ਤੁਹਾਡੇ ਵਾਸਤੇ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੀਆਂ ਕਾਲੋਨੀਆਂ ਵਿਚ, ਅੰਗਰੇਜ਼ੀ ਭਾਸ਼ਾ ਨੂੰ ਵੱਧ ਤੋਂ ਵੱਧ ਪਹੁੰਚਾਓ। ਦੂਜਾ ਤੁਸੀਂ ਇੱਥੋਂ ਦੇ ਲੋਕਾਂ ਦੇ ਮਨਾਂ 'ਚ ਇਹ ਭਾਵਨਾ ਪੈਦਾ ਕਰੋ ਕਿ ਸਾਡੀ ਬਣਾਈ ਹੋਈ ਹਰ ਚੀਜ਼ ਤੁਹਾਡੀ ਨਾਲੋਂ ਚੰਗੀ ਹੈ। ਇਸ ਨਾਲ ਉਹ ਮਾਨਸਿਕ ਹੀਣਤਾ ਦਾ ਸ਼ਿਕਾਰ ਹੋਣਗੇ।

ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਵਿਚਰਨ ਤੋਂ ਬਾਅਦ, ਮੈਕਾਲੇ ਕਮਿਸ਼ਨ ਨੇ, ਇੰਡੀਅਨ ਪੀਨਲ ਕੋਡ ਦਾ ਡਰਾਫਟ 14 ਅਕਤੂਬਰ 1837 ਨੂੰ ਗਵਰਨਰ ਜਨਰਲ-ਇਨ-ਕੌਂਸਲ ਨੂੰ ਭੇਟ ਕੀਤਾ। ਇਹ ਡਰਾਫਟ ਉਸ ਵੇਲੇ ਕੰਮ ਕਰ ਰਹੇ ਜੱਜਾਂ ਤੇ ਗਵਰਨਰ ਜਨਰਲ ਦੇ ਐਡਵਾਈਜ਼ਰਜ਼ ਭਾਵ ਸਲਾਹਕਾਰਾਂ ਨੂੰ ਵੀ ਭੇਜਿਆ ਗਿਆ ਪਰ ਉਸ ਵੇਲੇ ਦੇ ਬਗ਼ਾਵਤੀ ਮਾਹੌਲ, ਜੋ 1857 ਤੋਂ ਪਹਿਲਾਂ ਮੌਜੂਦ ਸਨ, ਦੇ ਕਾਰਨ ਪਾਸ ਨਾ ਹੋ ਸਕਿਆ। 1857 'ਚ ਮੁਗ਼ਲ ਰਾਜ ਦੇ ਖ਼ਾਤਮੇ ਅਤੇ ਅੰਗਰੇਜ਼ਾਂ ਦੇ ਵੱਡੀ ਮਾਤਰਾ 'ਚ, ਜਾਨੀ ਤੇ ਮਾਲੀ ਨੁਕਸਾਨ ਕਾਰਨ ਈਸਟ ਇੰਡੀਆ ਕੰਪਨੀ ਤੋਂ ਹਿੰਦੋਸਤਾਨ ਦਾ ਰਾਜ ਖੋਹ ਲਿਆ ਗਿਆ ਅਤੇ 1858 'ਚ ਸਿੱਧਾ ਬਰਤਾਨੀਆ ਦਾ ਰਾਜ ਕਾਇਮ ਹੋ ਗਿਆ।

1857 ਦੀ ਜੰਗ-ਏ-ਆਜ਼ਾਦੀ ਵੇਲੇ ਜੋ ਘਟਨਾਵਾਂ ਵਾਪਰੀਆਂ ਉਹ ਦਿਲ ਹਿਲਾ ਦੇਣ ਵਾਲੀਆਂ ਸਨ। ਇਨ੍ਹਾਂ ਘਟਨਾਵਾਂ ਦਾ ਲੰਬਾ ਵਿਸਥਾਰ ਹੈ, ਜਿਨ੍ਹਾਂ ਵਿਚੋਂ ਇਕ ਦਾ ਨਮੂਨਾ, ਪ੍ਰਸਿੱਧ ਪਾਕਿਸਤਾਨੀ ਲੇਖਕ ਨੈਨ ਸੁੱਖ ਨੇ ਆਪਣੀ ਕਿਤਾਬ 'ਧਰਤੀ ਪੰਜ ਦਰਿਆਈ' 'ਚ ਦਿੱਤਾ ਹੈ।

ਪੰਜਾਬ ਦੀ ਲਹਿੰਦੀ ਬਾਹੀ ਹਿਸਾਰ 'ਚ ਬਾਗ਼ੀਆਂ ਨੇ ਕੈਪਟਨ ਰਾਬਰਟਸਨ ਦੀ ਗੋਰਾ ਪਲਟਨ ਦੇ ਸਾਰੇ ਅਫ਼ਸਰ ਕਤਲ ਕਰ ਦਿੱਤੇ, ਜਿਹੜਾ ਆਪ ਉੱਥੋਂ ਭੱਜ ਕੇ ਗੋਗੇਰੇ ਆ ਲੁਕਿਆ.....। 'ਗੋਗੇਰਾ ਜੇਲ੍ਹ 'ਚ ਬਾਗ਼ੀਆਂ ਦੀ ਭਰਮਾਰ, ਨਿੱਤ ਬਾਗ਼ੀ ਕੈਦ ਹੋ ਕੇ ਆ ਰਹੇ ਸਨ। ਲੋਕਾਂ ਨੂੰ ਜੇਲ੍ਹਾਂ ਰੱਖਣਾ ਮੁਸ਼ਕਿਲ ਹੋ ਰਿਹਾ ਸੀ। ਮੌਕੇ 'ਤੇ ਹੀ ਸੁਣਵਾਈ ਕਰਕੇ ਸਜ਼ਾ ਦੇ ਹੁਕਮ ਦੇਣੇ ਸ਼ੁਰੂ ਕੀਤੇ। ਜਿਹੜਾ ਮਾਮਲਾ ਤਾਰਨ ਤੋਂ ਇਨਕਾਰ ਕਰੇ, ਉਸ ਨੂੰ ਥਾਂ 'ਤੇ ਈ ਗੋਰਾ ਅਫ਼ਸਰ ਗੋਲੀ ਮਾਰ ਦਿੰਦਾ ਸੀ।' ਇਨ੍ਹਾਂ ਹਾਲਾਤਾਂ 'ਚ ਹਿੰਦੁਸਤਾਨ ਜਿਸ 'ਚ ਬਰਮਾ ਵੀ ਸ਼ਾਮਿਲ ਸੀ, ਨੂੰ ਕਾਬੂ ਕਰਨ ਵਾਸਤੇ ਇੰਡੀਅਨ ਪੀਨਲ ਕੋਡ 'ਚ ਇਕ ਵੱਖਰਾ ਅਧਿਆਏ ਧਾਰਾ 141 ਤੋਂ 150 ਤੱਕ ਜੋ ਵਿਵਸਥਾ ਬਣਾਈ ਗਈ।

ਅੰਗਰੇਜ਼ਾਂ ਦਾ ਮਕਸਦ ਲੋਕਾਂ ਨੂੰ ਇਕੱਠੇ ਹੋ ਕੇ ਬੈਠਣ ਤੋਂ ਰੋਕਣ ਦਾ ਸੀ ਤਾਂ ਕਿ ਉਨ੍ਹਾਂ ਦੇ ਖ਼ਿਲਾਫ਼ ਕੋਈ ਵਿਉਂਤਬੰਦੀ ਜਾਂ ਸਾਜਿਸ਼ ਨਾ ਰਚ ਸਕਣ। ਇਸ ਲਈ ਪੰਜ ਆਦਮੀਆਂ ਤੋਂ ਵੱਧ, ਵਰਜਿਤ ਥਾਂ 'ਤੇ ਇਕੱਠੇ ਹੋਣਾ ਜਾਂ ਬੈਠਣ 'ਤੇ ਰੋਕ ਲਗਾ ਦਿੱਤੀ ਗਈ ਤੇ ਇਸ ਨੂੰ ਅਨਲਾਅਫੁਲ ਅਸੈਂਬਲੀ unlawful assembly ਭਾਵ ਗ਼ੈਰ-ਕਾਨੂੰਨੀ ਇਕੱਠ ਕਿਹਾ ਗਿਆ।

ਇਸ 'ਚ ਮਨਾਹੀ ਕੀਤੀ ਗਈ ਕਿ ਤੁਸੀਂ ਸਰਕਾਰ ਦੇ ਖ਼ਿਲਾਫ਼ ਇਸ ਧਾਰਾ 'ਚ ਵਰਜਿਤ ਗੱਲਾਂ ਨਹੀਂ ਕਰ ਸਕਦੇ। ਜੇਕਰ ਤੁਸੀਂ ਇਸ ਧਾਰਾ ਦੀ ਉਲੰਘਣਾ ਕਰਦੇ ਹੋ ਤਾਂ 6 ਮਹੀਨੇ ਦੀ ਕੈਦ ਤੇ ਜੁਰਮਾਨਾ ਹੋ ਸਕਦੇ ਹਨ। ਹੁਣ ਨਵੇਂ ਕਾਨੂੰਨ 'ਚ ਧਾਰਾ 189 ਹੈ। ਅੰਗਰੇਜ਼ ਸਰਕਾਰ ਨੂੰ ਡਰ ਸੀ ਕਿ 1857 ਵਾਲੇ ਸੰਘਰਸ਼ ਨੂੰ ਦੁਹਰਾਇਆ ਜਾ ਸਕਦਾ ਹੈ, ਇਸ ਨੂੰ ਰੋਕਣ ਲਈ ਪਿਛ ਦੀ ਧਾਰਾ 121 ਪਾਈ ਗਈ, ਜਿਸ 'ਚ ਸਰਕਾਰ ਦੇ ਖ਼ਿਲਾਫ਼ ਜੰਗ ਛੇੜਨਾ ਜਾਂ ਜੰਗ ਛੇੜਨ ਦੀ ਕੋਸ਼ਿਸ਼ ਕਰਨਾ ਜਾਂ ਛੇੜਨ ਲਈ ਉਤਸ਼ਾਹਿਤ ਕਰਨਾ ਧਾਰਾ 121 ਅਧੀਨ ਜੁਰਮ ਹੈ, ਜਿਸ ਦੀ ਸਜ਼ਾ ਮੌਤ ਜਾਂ ਉਮਰ ਕੈਦ ਅਤੇ ਜੁਰਮਾਨਾ ਹੋ ਸਕਦੇ ਹਨ। ਹੁਣ ਵੀ ਧਾਰਾ 147 ਭਂਸ਼ ਹੂਬਹੂ ਧਾਰਾ 121 ਦੀ ਨਕਲ ਹੈ। ਸਜ਼ਾ-ਏ-ਮੌਤ ਤੇ ਜੁਰਮਾਨਾ ਕਾਇਮ ਹਨ।

ਇਨ੍ਹਾਂ ਗੱਲਾਂ ਤੋਂ ਇਲਾਵਾ 1860 'ਚ ਇੰਡੀਅਨ ਪੀਨਲ ਕੋਡ ਦੇ ਲਾਗੂ ਹੋਣ ਤੋਂ ਬਾਅਦ, ਅੰਗਰੇਜ਼ਾਂ ਨੂੰ ਜੋ ਘਾਟ ਮਹਿਸੂਸ ਹੋਈ, ਉਹ ਸੀ ਬਗ਼ਾਵਤ ਰੋਕਣ ਬਾਰੇ ਕੋਈ ਧਾਰਾ ਨਹੀਂ ਸੀ। ਇਸ ਘਾਟ ਨੂੰ ਪੂਰਾ ਕਰਨ ਲਈ 1870 'ਚ ਧਾਰਾ 124-ਏ ਜੋੜੀ ਗਈ, ਜਿਸ ਅਨੁਸਾਰ ਸਰਕਾਰ ਦੇ ਖ਼ਿਲਾਫ਼ ਨਫ਼ਰਤ ਪੈਦਾ ਕਰਨਾ ਦੁਰਭਾਵਨਾ ਫੈਲਾਉਣਾ ਤੇ ਸਰਕਾਰ ਦੇ ਕੰਮਾਂ ਦੀ ਨਿੰਦਿਆ ਕਰਨਾ ਮਨ੍ਹਾਂ ਕਰ ਦਿੱਤਾ ਗਿਆ। ਇਸ ਦੀ ਵੀ ਸਜ਼ਾ ਉਮਰ ਕੈਦ ਤੇ ਜੁਰਮਾਨਾ ਸੀ। ਇਸ ਧਾਰਾ ਦੀ ਅੰਗਰੇਜ਼ਾਂ ਵਲੋਂ ਅਤੇ ਆਜ਼ਾਦੀ ਤੋਂ ਬਾਅਦ ਭਾਰਤ ਦੀਆਂ ਸਰਕਾਰਾਂ ਵਲੋਂ ਖ਼ੂਬ ਦੁਰਵਰਤੋਂ ਕੀਤੀ ਗਈ।

ਧਾਰਾ 1241 ਅਨੁਸਾਰ, ਕੋਈ ਵੀ, ਜੋ ਸ਼ਬਦਾਂ ਰਾਹੀਂ, ਭਾਵੇਂ ਬੋਲ ਕੇ ਜਾਂ ਲਿਖ ਕੇ, ਇਸ਼ਾਰਿਆਂ ਨਾਲ ਜਾਂ ਲਿਖਤੀ ਪ੍ਰਾਰਥਨਾ ਜਾਂ ਕਿਸੇ ਵੀ ਹੋਰ ਤਰੀਕੇ ਨਾਲ ਸਰਕਾਰ ਦੇ ਖ਼ਿਲਾਫ਼ ਦੁਰਭਾਵਨਾ ਜਾਂ ਨਫ਼ਰਤ ਜਾਂ ਬੇਗਾਨਗੀ ਪੈਦਾ ਕਰਦਾ ਹੈ ਜਾਂ ਅਜਿਹਾ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਹ ਸਜ਼ਾ ਦਾ ਭਾਗੀ ਹੋਵੇਗਾ, ਜਿਸ 'ਚ ਉਮਰ ਕੈਦ ਅਤੇ ਜੁਰਮਾਨਾ ਜਾਂ ਕੇਸ ਦੀ ਨੋਈਅਤ ਅਨੁਸਾਰ ਤਿੰਨ ਸਾਲ ਦੀ ਕੈਦ ਤੇ ਜੁਰਮਾਨਾ ਹੋ ਸਕਦਾ ਹੈ। ਲਫ਼ਜ਼ ਬੇਗਾਨਗੀ (disaffection) 'ਚ ਦੁਸ਼ਮਣੀ ਦੀ ਭਾਵਨਾ ਤੇ ਨਾਫ਼ਰਮਾਨੀ ਸ਼ਾਮਿਲ ਹੈ।

ਇਸ ਧਾਰਾ ਦੀ ਵੀ ਸ਼ੁਰੂ ਤੋਂ ਲੈ ਕੇ ਹੀ ਬੜੀ ਦੁਰਵਰਤੋਂ ਹੋਈ ਹੈ। ਸਰਕਾਰ ਕਿਸੇ ਵੀ ਵਿਰੋਧੀ ਖ਼ਿਲਾਫ਼ ਇਹ ਧਾਰਾ ਲਾ ਕੇ, ਉਸ ਦੀ ਜ਼ਮਾਨਤ ਮੁਸ਼ਕਲ ਬਣਾ ਸਕਦੀ ਹੈ ਅਤੇ ਉਸ ਨੂੰ ਲੰਬੇ ਸਮੇਂ ਤੱਕ ਅੰਦਰ ਰੱਖਿਆ ਜਾ ਸਕਦਾ ਹੈ।

ਇਸ ਧਾਰਾ ਤੋਂ ਦੁਖੀ, ਕਈ ਵਿਅਕਤੀਆਂ ਨੇ ਫੈਡਰਲ ਕੋਰਟ ਤੇ ਪ੍ਰਿਵੀ ਕੌਂਸਲ ਜੋ ਆਜ਼ਾਦੀ ਤੋਂ ਪਹਿਲਾਂ ਉੱਚ ਅਦਾਲਤਾਂ ਸਨ ਅਤੇ ਆਜ਼ਾਦੀ ਤੋਂ ਬਾਅਦ ਮਾਣਯੋਗ ਸੁਪਰੀਮ ਕੋਰਟ ਦਾ ਦਰਵਾਜ਼ਾ ਖਟਕਾਇਆ ਅਤੇ ਕਈ ਆਪਾ ਵਿਰੋਧੀ ਫ਼ੈਸਲੇ ਆਏ।

1962 'ਚ ਇਸ ਧਾਰਾ ਦਾ ਕੇਦਾਰ ਨਾਥ ਬਨਾਮ ਬਿਹਾਰ ਸਰਕਾਰ ਕੇਸ ਵਿਚ, ਇਸ ਦੀ ਸੰਵਿਧਾਨਿਕਤਾ ਨੂੰ ਚੁਣੌਤੀ ਦਿੱਤੀ ਗਈ ਕਿ ਸੰਵਿਧਾਨ ਦੀ ਧਾਰਾ 19(1)(ੳ) ਨੂੰ ਜਦੋਂ ਕਲਾਜ਼ 2 ਨਾਲ ਜੋੜ ਕੇ ਪੜ੍ਹਦੇ ਹਾਂ ਤਾਂ ਇਸ ਨਾਲ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੀ ਉਲੰਘਣਾ ਹੁੰਦੀ ਹੈ! ਮਾਣਯੋਗ ਸੁਪਰੀਮ ਕੋਰਟ ਦਾ ਆਦੇਸ਼ ਸੀ ਕਿ ਪ੍ਰਗਟ ਕੀਤੇ ਗਏ ਜਾਂ ਲਿਖੇ ਗਏ ਸ਼ਬਦ ਉਦੋਂ ਹੀ ਜੁਰਮ ਦੀ ਪਰਿਭਾਸ਼ਾ 'ਚ ਆਉਣਗੇ, ਜਦੋਂ ਉਨ੍ਹਾਂ ਰਾਹੀਂ, ਅਰਾਜਕਤਾ, ਅਮਨ-ਚੈਨ ਦੀ ਦੁਰਗਤੀ, ਹਿੰਸਕ ਕਾਰਵਾਈ, ਲਿਪਤ ਕਾਰਵਾਈ ਹੋਵੇ। ਸਿਰਫ਼ ਨਾਅਰੇ ਲਗਾਉਣਾ ਇਸ ਦੀ ਪਰਿਭਾਸ਼ਾ 'ਚ ਜੁਰਮ ਨਹੀਂ ਬਣਦਾ।

ਸਰਕਾਰ ਦਾ ਪਾਰਲੀਮੈਂਟ 'ਚ ਕਹਿਣਾ ਹੈ ਕਿ ਅਸੀਂ ਇਹ ਧਾਰਾ ਖ਼ਤਮ ਕਰ ਦਿੱਤੀ ਹੈ ਤੇ ਹੁਣ ਸਰਕਾਰ ਨੂੰ ਨਿੰਦਣਾ ਜੁਰਮ ਨਹੀਂ। ਇਹ ਦਾਅਵਾ ਠੀਕ ਨਹੀਂ। ਹੁਣ ਹੋਰ ਕਈ ਧਾਰਾਵਾਂ 'ਚ ਇਹ ਕੁਝ ਦਰਜ ਕਰ ਦਿੱਤਾ ਗਿਆ ਹੈ। ਹੁਣ ਜਦੋਂ 2©S ਭਾਵ ਨਵੇਂ ਪੀਨਲ ਕੋਡ ਨੂੰ ਵੇਖਦੇ ਹਾਂ ਤਾਂ ਪੁਰਾਣੇ ਐਕਟ ਦੀਆਂ ਲਗਭਗ ਸਾਰੀਆਂ ਧਾਰਾਵਾਂ ਨਵੇਂ ਐਕਟ 'ਚ ਪਾ ਲਈਆਂ ਗਈਆਂ ਹਨ। ਪੁਰਾਣੇ ਐਕਟ ਦੀ ਧਾਰਾ 141, ਸਰਕਾਰ ਦੇ ਖ਼ਿਲਾਫ਼ ਜੰਗ ਛੇੜਨ ਜਾਂ ਇਸ ਦੀ ਕੋਸ਼ਿਸ਼ ਕਰਨਾ ਜਾਂ ਸ਼ਹਿ ਦੇਣਾ ਜਾਂ ਕਿਸੇ ਅਜਿਹੀ ਪਾਰਟੀ ਜਾਂ ਸੰਸਥਾ ਦੇ ਮੈਂਬਰ ਬਣ ਜਾਣਾ, ਜਿਸ ਦਾ ਮੁੱਦਾ ਸਰਕਾਰ ਡੇਗਣਾ ਹੈ, ਉਸ ਨੂੰ ਮੌਤ ਦੀ ਸਜ਼ਾ ਜਾਂ ਉਮਰ ਕੈਦ ਸਣੇ ਜੁਰਮਾਨਾ, ਹੋ ਸਕਦਾ ਹੈ।

ਹੁਣ ਧਾਰਾ 147 ਹੂ-ਬ-ਹੂ ਉਹੀ ਹੈ, ਜੋ ਧਾਰਾ 141 ਸੀ। ਮੌਤ ਦੀ ਸਜ਼ਾ ਕਈ ਦੇਸ਼ਾਂ ਨੇ ਖ਼ਤਮ ਕਰ ਦਿੱਤੀ ਹੈ। ਕਈ ਇਸ ਨੂੰ ਖ਼ਤਮ ਕਰਨ 'ਤੇ ਵਿਚਾਰ ਕਰ ਰਹੇ ਹਨ, ਭਾਰਤ 'ਚ ਵੀ ਇਸ ਨੂੰ ਖ਼ਤਮ ਕਰਨ ਦੀ ਮੰਗ ਹੋ ਰਹੀ ਹੈ ਪਰ ਮੌਜੂਦਾ ਸਰਕਾਰ ਨੇ ਇਸ ਨੂੰ ਅਪਣਾ ਲਿਆ ਹੈ, ਜਦੋਂ ਕਿ ਮਾਣਯੋਗ ਸੁਪਰੀਮ ਕੋਰਟ ਨੇ ਵੀ ਮੌਤ ਦੀ ਸਜ਼ਾ ਖ਼ਤਮ ਕਰਨ ਬਾਰੇ ਵਿਚਾਰ ਕਰਨ ਲਈ ਕਿਹਾ ਹੈ।

ਇਸੇ ਤਰ੍ਹਾਂ ਲੋਕਾਂ ਦਾ ਇਕੱਠੇ ਹੋਣਾ ਤੇ ਆਪਸ 'ਚ ਰਾਏ ਮਸ਼ਵਰਾ ਕਰਨਾ, ਅੰਗਰੇਜ਼ਾਂ ਨੇ ਪੰਜ ਬੰਦਿਆਂ ਜਾਂ ਉਸ ਤੋਂ ਵੱਧ ਇਕੱਠੇ ਹੋਣਾ, ਜਿਨ੍ਹਾਂ ਦੀ ਵਾਰਤਾਲਾਪ ਸਰਕਾਰ ਵਿਰੋਧੀ ਹੋਵੇ ਜਾਂ ਸਰਕਾਰ ਨੂੰ ਆਪਣੀ ਅਪਰਾਧਿਕ ਮਨਸ਼ਾ ਨਾਲ ਡਰਾਉਣ ਦੀ ਹੋਵੇ, ਕਿਸੇ ਕਾਨੂੰਨ ਨੂੰ ਨਾ ਮੰਨਣਾ ਜਾਂ ਕਾਨੂੰਨ ਲਾਗੂ ਕਰਨ ਦਾ ਵਿਰੋਧ ਕਰਨਾ ਜਾਂ ਰੁਕਾਵਟ ਪਾਉਣਾ, ਆਦਿਕ ਕਈ ਕੁਝ ਗਿਣਿਆ ਹੋਇਆ ਹੈ। ਜੋ ਸੰਵਿਧਾਨ 'ਚ ਵਿਚਾਰਾਂ ਦੇ ਪ੍ਰਗਟਾਅ ਦੀ ਦਿੱਤੀ ਗਈ ਇਜਾਜ਼ਤ, ਦੀ ਉਲੰਘਣਾ ਹੈ।

ਇਕ ਹੋਰ ਖ਼ਤਰਨਾਕ ਧਾਰਾ ਹੈ, ਜਿਸ ਅਨੁਸਾਰ ਕਿਤੇ ਵੀ ਪ੍ਰਦਰਸ਼ਨ/ਮੁਜ਼ਾਹਰਾ (ਪ੍ਰੋਟੈਸਟ) ਕਰ ਰਹੇ ਇਕੱਠ ਜਾਂ ਧਰਨੇ 'ਤੇ ਬੈਠੇ 5 ਤੋਂ ਵੱਧ ਵਿਅਕਤੀ, ਉਸ ਗ਼ੈਰ-ਕਾਨੂੰਨੀ ਇਕੱਠ ਦਾ ਹਿੱਸਾ ਹਨ ਅਤੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਤੁਸੀਂ ਇੱਥੋਂ ਉੱਠ ਜਾਓ ਅਤੇ ਤਿਤਰ-ਬਿਤਰ ਹੋ ਜਾਓ ਅਤੇ ਉਹ ਲੋਕ ਚਿਤਾਵਨੀ ਦੇ ਬਾਵਜੂਦ ਦੇ ਉੱਥੋਂ ਨਹੀਂ ਉੱਠਦੇ ਅਤੇ ਉੱਥੋਂ ਜਾਣ ਤੋਂ ਇਨਕਾਰੀ ਹਨ ਤਾਂ ਉਹ ਸਾਰੇ 2-2 ਸਾਲ ਦੀ ਕੈਦ ਦੇ ਭਾਗੀ ਹੋਣਗੇ।

ਜਿੱਥੇ ਵੀ ਉਮਰ ਕੈਦ ਦਾ ਜ਼ਿਕਰ ਆਉਂਦਾ ਹੈ, ਉਹ ਸਜ਼ਾ ਉਸ ਦੀ ਬਾਕੀ ਜ਼ਿੰਦਗੀ ਦੇ ਅੰਤ ਤੱਕ ਭੁਗਤਣੀ ਪਵੇਗੀ। ਇਹ ਨਵਾਂ ਕਾਨੂੰਨ ਹੈ। ਹੁਣ 14 ਸਾਲ ਜਾਂ ਇਸ ਤੋਂ ਘੱਟ ਸਜ਼ਾ ਕੱਟ ਕੇ ਬਾਹਰ ਆ ਜਾਣਾ ਬੰਦ ਕਰ ਦਿੱਤਾ ਗਿਆ ਹੈ।

ਸਜ਼ਾਵਾਂ ਜੋ ਦਿੱਤੀਆਂ ਜਾ ਸਕਦੀਆਂ ਹਨ ਉਹ, ਕੈਦ ਬਾ-ਮੁਸ਼ੱਕਤ, ਸਧਾਰਨ ਕੈਦ, ਉਮਰ ਕੈਦ ਤੇ ਮੌਤ ਦੀ ਸਜ਼ਾ ਹਨ। ਹੁਣ ਇਸ ਨਵੇਂ ਕਾਨੂੰਨ ਵਿਚ ਕਮਿਉਨਿਟੀ "ਛੋਮਮੁਨਿਟੇ ਸ਼ੲਰਵਿਚੲ" ਦੀ ਸਜ਼ਾ ਵੀ ਜੋੜੀ ਗਈ ਹੈ। ਅਦਾਲਤ ਛੋਟੇ ਜੁਰਮਾਂ ਵਿਚ ਜਾਂ ਦੂਜੀ ਸਜ਼ਾ ਦੇ ਨਾਲ 'ਕਮਿਉਨਿਟੀ ਸਰਵਿਸ' ਵੀ ਲਾ ਸਕਦੀ ਹੈ, ਜਿਸ ਦਾ ਮਤਲਬ ਹੈ ਕਿ ਛੋਟੇ ਜੁਰਮਾਂ ਦੇ ਦੋਸ਼ੀ ਨੂੰ ਜੇਲ੍ਹ ਭੇਜਣ ਦੀ ਬਜਾਏ, ਉਸ ਨੂੰ ਕੋਈ ਸਮਾਜ ਸੇਵਾ ਲਾਈ ਜਾ ਸਕਦੀ ਹੈ। ਇਸ ਦੀ ਵਿਆਖਿਆ ਨਹੀਂ ਕੀਤੀ ਗਈ ਕਿ ਇਹ ਸਮਾਜ ਸੇਵਾ ਕਿਵੇਂ ਹੋਏਗੀ?

ਕਈ ਬਾਹਰਲੇ ਦੇਸ਼ਾਂ 'ਚ ਇਹ ਸੇਵਾ ਮਿੱਥੇ ਸਮੇਂ ਲਈ ਮੁਜਰਮ ਨੂੰ, ਰੋਜ਼ ਕਿਸੇ ਥਾਂ 'ਤੇ ਸਫਾਈ ਰੱਖਣੀ, ਬੱਚਿਆਂ ਦੇ ਸਕੂਲ ਦੇ ਸਮੇਂ 'ਤੇ ਉਨ੍ਹਾਂ ਦੀ ਸੜਕ ਪਾਰ ਕਰਨ 'ਚ ਮਦਦ ਜਾਂ ਕੋਈ ਕੰਮ ਜਿਸ ਨੂੰ ਸਮਾਜ ਸੇਵਾ ਸਮਝਿਆ ਗਿਆ ਹੋਵੇ, ਉਹ 6 ਮਹੀਨੇ, ਸਾਲ ਜਾਂ ਜਿੰਨੀ ਸਜ਼ਾ ਸੁਣਾਈ ਗਈ ਹੈ, ਉਸ ਦਾ ਪੂਰਾ ਹਿੱਸਾ ਜਾਂ ਕੁਝ ਹਿੱਸਾ ਜੇਲ੍ਹ 'ਚ ਤੇ ਕੁਝ ਸਮਾਜ ਸੇਵਾ 'ਚ ਲਾਉਣ ਲਈ ਕਿਹਾ ਜਾਂਦਾ ਹੈ।

ਭਂਸ਼ਸ਼ 2023 ਦੀ ਧਾਰਾ 21 ਅਨੁਸਾਰ, ਉਹ ਸਾਰੇ ਜੁਰਮ ਜਿਹੜੇ ਧਾਰਾ 64, 65, 66, 67, 68, 69, 70 ਅਤੇ 71 ਅਧੀਨ ਇਸਤਰੀਆਂ ਦੀ ਬੇਹੁਰਮਤੀ ਬਾਰੇ ਹਨ, ਦੀ ਸੁਣਵਾਈ ਕਿਸੇ ਮਹਿਲਾ ਜੱਜ ਵਲੋਂ ਹੋਏਗੀ।

1973 ਦਾ ਜ਼ਾਬਤਾ ਫ਼ੌਜਦਾਰੀ (ਛਰਿਮਨਿੳਲ ਫਰੋਚੲਦੁਰੲ ਛੋਦੲ) ਵਿਚ 107, 151 ਧਾਰਾਵਾਂ ਹੇਠ, ਕਿਸੇ ਹੋ ਸਕਣ ਵਾਲੇ ਜੁਰਮ ਦੀ ਰੋਕਥਾਮ ਲਈ ਪੁਲੀਸ ਅਫ਼ਸਰ ਨੂੰ ਅਧਿਕਾਰ ਸੀ ਕਿ ਉਹ ਸ਼ੱਕੀ ਆਦਮੀ ਨੂੰ ਬਿਨਾਂ ਵਾਰੰਟ, ਗ੍ਰਿਫ਼ਤਾਰ ਕਰ ਸਕਦਾ ਸੀ।

ਹੁਣ ਨਵੇਂ ਕਾਨੂੰਨ 'ਚ ਵੀ ਧਾਰਾ 35 ਅਨੁਸਾਰ ਪੁਲੀਸ ਅਫ਼ਸਰ ਨੂੰ ਦਿੱਤੇ ਅਖ਼ਤਿਆਰਾਂ ਦਾ ਦਾਇਰਾ ਵਧਾ ਦਿੱਤਾ ਗਿਆ ਹੈ। ਸਿਰਫ਼ ਇਕ ਰੋਕ ਲਾਈ ਗਈ ਹੈ ਕਿ ਜੇਕਰ ਸ਼ੱਕੀ ਜੁਰਮ ਦੀ ਸਜ਼ਾ ਤਿੰਨ ਸਾਲ ਤੋਂ ਘੱਟ ਹੈ ਅਤੇ ਦੋਸ਼ੀ ਦੀ ਉਮਰ 60 ਸਾਲ ਤੋਂ ਉਤੇ ਹੈ ਤਾਂ ਗ੍ਰਿਫ਼ਤਾਰੀ ਡੀ.ਐੱਸ.ਪੀ. ਦੀ ਮਨਜ਼ੂਰੀ ਤੋਂ ਬਗ਼ੈਰ ਨਹੀਂ ਹੋ ਸਕਦੀ। ਪੁਲੀਸ ਰਿਮਾਂਡ ਜੁਰਮ ਦੀ ਨੋਈਅਤ ਨੂੰ ਵੇਖਦਿਆਂ 15 ਦਿਨ, 60 ਦਿਨ ਜਾਂ 90 ਦਿਨ ਤੱਕ ਹੋ ਸਕਦਾ ਹੈ।

ਲਫ਼ਜ਼ Terroirst ਭਾਵ ਅੱਤਵਾਦੀ ਦੀ ਪਰਿਭਾਸ਼ਾ ਖ਼ਤਰਨਾਕ ਹੈ।

ਬਾਕੀ ਅਗਲੇ ਸਫ਼ੇ 'ਤੇ

## ਜ਼ਿੰਦਗੀ ਦੇ ਚੌਥੇ ਪਹਿਰ

# ਟੁੱਟਦੇ ਰਿਸ਼ਤੇ

**ਲਿਖਤ : ਕਸ਼ਮਾ ਸ਼ਰਮਾ**

ਬਹੁਤ ਸਮੇਂ ਤੋਂ ਨਾਮਚੀਨ ਨਾਇਕ-ਨਾਇਕਾਵਾਂ ਦੇ ਤਲਾਕ ਦੀਆਂ ਖ਼ਬਰਾਂ ਇੰਟਰਨੈੱਟ ਮੀਡੀਆ 'ਤੇ ਛਾਈਆਂ ਹੋਈਆਂ ਹਨ। ਲੋਕ ਦਾਅਵਾ ਕਰ ਰਹੇ ਹਨ ਕਿ ਬਸ ਅਜਿਹਾ ਹੋਣ ਹੀ ਵਾਲਾ ਹੈ। ਸੱਚ ਕੀ ਹੈ, ਕਿਹਾ ਨਹੀਂ ਜਾ ਸਕਦਾ ਪਰ ਗ੍ਰੇਅ ਡਾਇਵੋਰਸ ਯਾਨੀ ਵਿਆਹ ਦੇ ਦਹਾਕਿਆਂ ਬਾਅਦ ਪਤੀ-ਪਤਨੀ ਦਾ ਅਲੱਗ ਹੋ ਜਾਣਾ ਇਨ੍ਹੀਂ ਦਿਨੀਂ ਬੇਹੱਦ ਚਲਨ ਵਿਚ ਹੈ।

ਔਰਤਾਂ ਕਹਿ ਰਹੀਆਂ ਹਨ ਕਿ ਇਕ ਖ਼ਰਾਬ ਰਿਸ਼ਤੇ ਵਿਚ ਜੀਵਨ ਬਤੀਤ ਕਰਨ ਨਾਲੋਂ ਚੰਗਾ ਹੈ ਕਿ ਜਦ ਮੌਕਾ ਮਿਲੇ, ਅਲੱਗ ਹੋ ਜਾਓ। ਇਸ ਲੇਖਿਕਾ ਨੇ ਕਈ ਮਹਿਲਾਵਾਂ ਨੂੰ ਖ਼ੁਦ ਦੇਖਿਆ ਹੈ। ਕਈ ਸਾਲ ਪਹਿਲਾਂ ਇਹ ਲੇਖਿਕਾ ਜਿਸ ਅਦਾਰੇ ਵਿਚ ਕੰਮ ਕਰਦੀ ਸੀ, ਉੱਥੇ ਇਕ ਔਰਤ ਆਈ। ਉਸ ਨੂੰ ਕੰਮ ਚਾਹੀਦਾ ਸੀ। ਉਸ ਦੀ ਉਮਰ ਉਸ ਵੇਲੇ 50 ਕੁ ਸਾਲ ਦੀ ਹੋਵੇਗੀ। ਉਸ ਦਾ ਕਹਿਣਾ ਸੀ ਕਿ ਪਤੀ ਬਹੁਤ ਤੰਗ ਕਰਦਾ ਹੈ।

ਸਵੇਰੇ-ਸ਼ਾਮ ਮਾਰਕੁੱਟ ਕਰਦਾ ਹੈ ਅਤੇ ਹਰ ਰਾਤ ਸ਼ਰਾਬ ਪੀ ਕੇ ਆਉਂਦਾ ਹੈ। ਉਹ ਔਰਤ ਉੱਚ ਸਿੱਖਿਆ ਪ੍ਰਾਪਤ ਵੀ ਸੀ ਪਰ ਨੌਕਰੀ ਨਹੀਂ ਕਰਦੀ ਸੀ। ਉਹ ਸਭ ਕੁਝ ਇੰਨੇ ਸਾਲਾਂ ਤੋਂ ਇਸ ਲਈ ਸਹਿਣ ਕਰਦੀ ਰਹੀ ਕਿ ਆਪਣੇ ਬੇਟੇ ਦੇ ਵੱਡਾ ਹੋਣ ਦਾ ਇੰਤਜ਼ਾਰ ਕਰ ਰਹੀ ਸੀ। ਹੁਣ ਉਹ ਆਪਣੇ ਪੈਰਾਂ 'ਤੇ ਖੜ੍ਹੀ ਹੋਣਾ ਚਾਹੁੰਦੀ ਸੀ। ਉਸੇ ਸਮੇਂ ਦੇ ਨੇੜੇ-ਤੇੜੇ ਇਕ ਸੀਨੀਅਰ ਮਹਿਲਾ ਪੱਤਰਕਾਰ ਨੇ ਆਪਣੇ ਬਹੁਤ ਮਸ਼ਹੂਰ ਪਤੀ ਤੋਂ ਅਲੱਗ ਹੋਣ ਦੀ ਪਾਰਟੀ ਦਿੱਤੀ ਸੀ ਅਤੇ ਆਪਣੀ ਆਜ਼ਾਦੀ ਦਾ ਜਸ਼ਨ ਮਨਾਇਆ ਸੀ। ਇਹ ਕੋਈ ਨਵੀਂ-ਅਨੋਖੀ ਗੱਲ ਨਹੀਂ ਕਿ ਹੁਣ ਤਲਾਕ ਦੀਆਂ ਵੀ ਪਾਰਟੀਆਂ ਹੋਣ ਲੱਗੀਆਂ ਹਨ।

ਗ੍ਰੇਅ ਡਾਇਵੋਰਸ ਦਾ ਅਰਥ ਦੱਸਿਆ ਜਾਂਦਾ ਹੈ ਕਿ ਜਦ ਪਤੀ-ਪਤਨੀ 50 ਦੀ ਉਮਰ ਤੋਂ ਬਾਅਦ ਅਲੱਗ ਹੋਣ ਯਾਨੀ ਜਦ ਵਾਲਾਂ 'ਚ ਸਫ਼ੇਦੀ ਆਉਣ ਲੱਗੇ। ਹਾਲਾਂਕਿ ਜੋ ਲੋਕ ਅਜਿਹਾ ਕਰਦੇ ਹਨ, ਉਨ੍ਹਾਂ ਦਾ ਰਾਹ ਵੀ ਆਸਾਨ ਨਹੀਂ ਹੁੰਦਾ। ਬਹੁਤ ਵਾਰ ਜ਼ਮੀਨ-ਜਾਇਦਾਦ ਦਾ ਫ਼ੈਸਲਾ ਕਰਨਾ ਮੁਸ਼ਕਲ ਹੋ ਜਾਂਦਾ ਹੈ ਜੋ ਸਾਂਝੀ ਹੁੰਦੀ ਹੈ ਜਾਂ ਬੈਂਕ ਖਾਤੇ ਸਾਂਝੇ ਹੁੰਦੇ ਹਨ। ਇਸ ਤੋਂ ਬਿਨਾਂ ਵੱਡੇ ਬੱਚੇ ਵੀ ਮਾਤਾ-ਪਿਤਾ ਦੇ ਇਸ ਤਰ੍ਹਾਂ ਅਲੱਗ ਹੋਣ ਨੂੰ ਸਹਿ ਨਹੀਂ ਪਾਉਂਦੇ। ਕਈ ਵਾਰ ਬੱਚੇ ਮਾਪਿਆਂ ਨੂੰ ਇਸ ਦੇ ਲਈ ਪ੍ਰੇਰਿਤ ਵੀ ਕਰਦੇ ਹਨ। ਇਕ ਮੁੰਡੇ ਨੇ ਸਾਰੀ ਉਮਰ ਆਪਣੀ ਮਾਂ ਨੂੰ ਪਿਤਾ ਦੇ ਹੱਥੋਂ ਤੰਗ-ਪਰੇਸ਼ਾਨ ਹੁੰਦੇ ਦੇਖਿਆ। ਵੱਡਾ ਹੋਣ 'ਤੇ ਉਸ ਨੇ ਮਾਂ ਨੂੰ ਕਿਹਾ ਕਿ ਇੰਨਾ ਅਪਮਾਨ ਸਹਿਣ ਨਾਲੋਂ ਬਿਹਤਰ ਹੈ ਕਿ ਉਹ ਦੋਵੇਂ ਅਲੱਗ ਹੋ ਜਾਣ। ਫਿਲਮੀ ਦੁਨੀਆ 'ਚ ਵੀ ਜਿੱਥੇ ਅਕਸਰ ਮੀਆਂ-ਬੀਵੀ ਇਕ ਖ਼ੁਸ਼ਹਾਲ ਪਰਿਵਾਰ ਦੀ ਤਸਵੀਰ ਪੇਸ਼ ਕਰਦੇ ਹਨ, ਉੱਥੇ ਵੀ ਅਜਿਹਾ ਹੋ ਰਿਹਾ ਹੈ।

ਇਸ 'ਚ ਫਰਹਾਨ ਅਖਤਰ-ਅਧੁਨਾ ਭਬਾਨੀ, ਅਰਬਾਜ਼ ਖ਼ਾਨ-ਮਲਾਇਕਾ ਅਰੋੜਾ, ਈਸ਼ਾ ਦਿਓਲ-ਭਰਤ ਤਖ਼ਤਾਨੀ, ਸੋਨਮ ਖ਼ਾਨ-ਰਾਜੀਵ ਰਾਏ, ਕਿਰਨ ਰਾਓ-ਆਮਿਰ ਖ਼ਾਨ, ਰਿਤਿਕ ਰੋਸ਼ਨ-ਸੁਜ਼ੈਨ ਖ਼ਾਨ, ਅਰਜੁਨ ਰਾਮਪਾਲ-ਮੇਹਰ ਜੇਸੀਆ ਵਰਗੇ ਜੋੜੇ ਸ਼ਾਮਲ ਹਨ। ਇਨ੍ਹਾਂ ਸਾਰਿਆਂ ਦੇ ਵੱਡੇ-ਵੱਡੇ ਬੱਚੇ ਵੀ ਹਨ। ਕਿਰਨ ਰਾਓ ਨੇ ਇਕ ਇੰਟਰਵਿਊ 'ਚ ਕਿਹਾ ਸੀ ਕਿ ਆਮਿਰ ਨਾਲ ਉਸ ਦੇ ਸਬੰਧ ਬਹੁਤ ਨਿੱਘੇ ਹਨ। ਤਲਾਕ ਨੇ ਸਾਨੂੰ ਆਜ਼ਾਦੀ ਦਿੱਤੀ ਹੈ।

ਉਹ ਖ਼ੁਦ ਦੀ ਮਹੱਤਤਾ ਪਛਾਣਨੀ ਚਾਹੁੰਦੀ ਸੀ। ਆਪਣੇ ਤਲਾਕ 'ਤੇ ਅਰਜੁਨ ਰਾਮਪਾਲ ਨੇ ਇਸ ਤੋਂ ਬਿਲਕੁਲ ਅਲੱਗ ਗੱਲ ਆਖੀ। ਉਸ ਨੇ ਕਿਹਾ ਸੀ ਕਿ ਤਲਾਕ ਬਹੁਤ ਆਸਾਨ ਨਹੀਂ ਹੁੰਦਾ। ਇਹ ਤੁਹਾਡੇ ਇਕਲਾਪੇ ਨੂੰ ਵਧਾਉਂਦਾ ਹੈ। ਜਿੰਨੇ ਵੀ ਫਿਲਮੀ ਜੋੜੇ ਇਕ-ਦੂਜੇ ਨਾਲੋਂ ਅਲੱਗ ਹੋਏ ਹਨ, ਉਹ ਆਪਣੇ ਪਿਛਲੇ ਸਾਥੀ ਬਾਰੇ ਚੰਗੀਆਂ ਗੱਲਾਂ ਕਰਦੇ ਹੋਏ ਇਹ ਵੀ ਆਖਦੇ ਹਨ ਕਿ ਉਹ ਦੋਵੇਂ ਸਭ ਤੋਂ ਚੰਗੇ ਦੋਸਤ ਹਨ।

ਫਿਲਮਕਾਰ ਅਨੁਰਾਗ ਕਸ਼ਿਅਪ ਜਦ ਕਲਿਕ ਕੋਚਲੀਨ ਨਾਲੋਂ ਅਲੱਗ ਹੋਇਆ ਤਾਂ ਕੁਝ ਦਿਨਾਂ ਬਾਅਦ ਉਸ ਨੇ ਕਿਹਾ ਸੀ ਕਿ ਜਦ ਉਹ ਦੋਵੇਂ ਇਕੱਠੇ ਸਨ ਤਾਂ ਹਮੇਸ਼ਾ ਲੜਦੇ ਰਹਿੰਦੇ ਸਨ ਪਰ ਹੁਣ ਦੋਵਾਂ ਵਿਚਾਲੇ ਖ਼ੂਬ ਮਿੱਤਰਤਾ ਹੈ। ਕਸ਼ਿਅਪ ਇਸ ਤੋਂ ਪਹਿਲਾਂ ਵੀ ਆਪਣੀ ਪਤਨੀ ਤੋਂ ਵੱਖ ਹੋ ਚੁੱਕਾ ਸੀ।

ਖ਼ੈਰ, ਇਹ ਜੋੜੇ ਇਹ ਵੀ ਕਹਿੰਦੇ ਹਨ ਕਿ ਜਿਸ ਸਾਥੀ ਨਾਲੋਂ ਅਲੱਗ ਹੋਏ, ਉਹ ਬਹੁਤ ਚੰਗਾ ਵਿਅਕਤੀ ਹੈ। ਕੀ ਇਹ ਸੋਚ ਕੇ ਹੈਰਾਨੀ ਨਹੀਂ ਹੁੰਦੀ ਕਿ ਜੇ ਕੋਈ ਇੰਨਾ ਚੰਗਾ ਇਨਸਾਨ ਅਤੇ ਦੋਸਤ ਹੈ ਤਾਂ ਫਿਰ ਵੱਖ ਕਿਉਂ ਹੋਣਾ ਪਿਆ? ਸ਼ਾਇਦ ਇਸ ਦਾ ਜਵਾਬ ਕਿਸੇ ਕੋਲ ਨਹੀਂ ਹੁੰਦਾ। ਪਿਊ ਰਿਸਰਚ ਨੇ ਅਮਰੀਕਾ ਵਿਚ ਗ੍ਰੇਅ ਡਾਇਵੋਰਸ 'ਤੇ ਇਕ ਅਧਿਐਨ ਕੀਤਾ। ਇਸ ਵਿਚ ਦੱਸਿਆ ਗਿਆ ਕਿ ਬੀਤੇ ਦੋ ਦਹਾਕਿਆਂ ਵਿਚ ਤਲਾਕ ਦੇ ਸਾਰੇ ਮਾਮਲਿਆਂ ਵਿਚ 40 ਪ੍ਰਤੀਸ਼ਤ ਮਾਮਲੇ ਅਜਿਹੇ ਸਨ ਜਿਨ੍ਹਾਂ ਵਿਚ 50 ਅਤੇ ਉਸ ਤੋਂ ਉੱਪਰ ਦੇ ਜੋੜੇ ਸ਼ਾਮਲ ਸਨ।

ਸੰਨ 1990 ਤੋਂ ਬਾਅਦ ਇਨ੍ਹਾਂ ਦੀ ਗਿਣਤੀ ਦੁੱਗਣੀ ਹੋ ਗਈ ਅਤੇ ਹੁਣ ਜੋ ਲੋਕ 65 ਤੋਂ ਉੱਪਰ ਹਨ, ਉਨ੍ਹਾਂ ਦੀ ਗਿਣਤੀ ਤਿੱਗਣੀ ਹੋ ਗਈ ਹੈ। ਮਾਹਿਰ ਦੱਸਦੇ ਹਨ ਕਿ ਜਦ ਤੱਕ ਲੋਕ ਆਪਣੇ ਬੱਚਿਆਂ ਨੂੰ ਪਾਲਦੇ ਹਨ, ਉਦੋਂ ਤੱਕ ਉਹ ਕਿਸੇ ਤਰ੍ਹਾਂ ਇਕੱਠੇ ਰਹਿ ਲੈਂਦੇ ਹਨ ਪਰ ਜਿਵੇਂ ਹੀ ਬੱਚੇ ਵੱਡੇ ਹੁੰਦੇ ਹਨ, ਉਨ੍ਹਾਂ ਦਾ ਆਪਣਾ ਘਰ ਤੇ ਪਰਿਵਾਰ ਹੁੰਦਾ ਹੈ ਤਾਂ ਪਤੀ-ਪਤਨੀ ਨੂੰ ਲੱਗਦਾ ਹੈ ਕਿ ਹੁਣ ਉਨ੍ਹਾਂ ਨੂੰ ਇਕ-ਦੂਜੇ ਦੀ ਜ਼ਰੂਰਤ ਨਹੀਂ ਰਹੀ। ਇਸ ਤੋਂ ਇਲਾਵਾ ਆਪਣੇ ਦੇਸ਼ ਵਿਚ ਮਹਿਲਾਵਾਂ ਪ੍ਰਤੀ ਜੋ ਹਿੰਸਾ ਹੈ, ਉਸ ਨੂੰ ਸ਼ਾਇਦ ਉਹ ਬੱਚਿਆਂ ਕਾਰਨ ਸਹਾਰਦੀਆਂ ਰਹਿੰਦੀਆਂ ਹਨ ਪਰ ਅੱਜ ਦੀਆਂ ਮਹਿਲਾਵਾਂ ਪੰਜ ਦਹਾਕੇ ਪਹਿਲਾਂ ਦੀਆਂ ਔਰਤਾਂ ਨਹੀਂ ਹਨ ਜੋ ਕਿਸੇ ਵੀ ਬੁਰੇ ਰਿਸ਼ਤੇ ਨੂੰ ਸਮਾਜ ਦੇ ਡਰੋਂ ਨਿਭਾਈ ਜਾਂਦੀਆਂ ਸਨ।

ਅੱਜ ਉਹ ਪਹਿਲਾਂ ਦੀ ਤਰ੍ਹਾਂ ਆਪਣੇ ਪਤੀ 'ਤੇ ਨਿਰਭਰ ਨਹੀਂ ਹਨ। ਫ਼ੈਸਲਾ ਲੈਣ ਦੀ ਉਨ੍ਹਾਂ ਦੀ ਸਮਰੱਥਾ ਵਧੀ ਹੈ। ਇਸ ਲਈ ਉਹ ਵੀ ਤਲਾਕ ਦੀ ਪਹਿਲ ਕਰਦੀਆਂ ਹਨ ਅਤੇ ਬੁਰੇ ਰਿਸ਼ਤੇ ਤੋਂ ਆਜ਼ਾਦੀ ਚਾਹੁੰਦੀਆਂ ਹਨ ਪਰ ਇਹ ਗੱਲ ਵੀ ਸੱਚ ਹੈ ਕਿ ਬੱਚਿਆਂ 'ਤੇ ਇਸ ਦਾ ਬੁਰਾ ਅਸਰ ਪੈਂਦਾ ਹੈ।

ਮੇਰੇ ਦਫ਼ਤਰ ਆਈ ਉਸੇ ਮਹਿਲਾ ਦੇ ਮੁੰਡੇ ਨੇ ਇਕ ਵਾਰ ਕਿਹਾ ਸੀ ਕਿ ਤੁਸੀਂ ਹੀ ਦੱਸੋ, ਮੈਂ ਕਿੱਧਰ ਜਾਵਾਂ। ਮੈਨੂੰ ਤਾਂ ਆਪਣੇ ਮਾਤਾ-ਪਿਤਾ, ਦੋਵਾਂ ਨਾਲ ਪਿਆਰ ਹੈ। ਮੈਂ ਇਕ ਨੂੰ ਮਿਲਣ ਜਾਂਦਾ ਹਾਂ ਤਾਂ ਦੂਜਾ ਬੁਰਾ ਮੰਨਦਾ ਹੈ। ਇਸ ਮਾਮਲੇ 'ਚ ਫਿਲਮੀ ਦੁਨੀਆ ਦੇ ਲੋਕ ਅਕਸਰ ਆਪਣੇ ਬੱਚਿਆਂ 'ਤੇ ਇਸ ਤਰ੍ਹਾਂ ਦੀਆਂ ਪਾਬੰਦੀਆਂ ਨਹੀਂ ਲਗਾਉਂਦੇ। ਜਦ ਉਹ ਅਲੱਗ ਹੁੰਦੇ ਹਨ ਤਾਂ ਕਹਿੰਦੇ ਹਨ ਕਿ ਆਪਣੇ ਬੱਚਿਆਂ ਲਈ ਉਹ ਦੋਵੇਂ ਹਮੇਸ਼ਾ, ਹਰ ਹਾਲਤ 'ਚ ਮੌਜੂਦ ਰਹਿਣਗੇ ਪਰ ਆਮ ਲੋਕ ਅਜਿਹਾ ਨਹੀਂ ਕਰ ਪਾਉਂਦੇ। ਕੁੜੱਤਣ ਇੰਨੀ ਵੱਧ ਹੁੰਦੀ ਹੈ ਕਿ ਉਹ ਇਕ-ਦੂਜੇ ਦੀ ਸ਼ਕਲ ਵੀ ਨਹੀਂ ਦੇਖਣੀ ਚਾਹੁੰਦੇ। ਉਂਜ ਕਾਫ਼ੀ ਜੋੜੇ ਵੱਖ ਹੋਣ ਮਗਰੋਂ ਫਿਰ ਇਕੱਠੇ ਰਹਿਣ ਲੱਗਦੇ ਹਨ। ਇਸ ਪਿੱਛੇ ਇਹ ਸੱਚ ਵੀ ਹੈ ਕਿ ਜੀਵਨ ਦੇ ਚੌਥੇ ਪਹਿਰ 'ਚ ਤੁਹਾਨੂੰ ਸਾਥੀ ਤੇ ਸਹਾਰੇ ਦੀ ਲੋੜ ਵਧੇਰੇ ਹੁੰਦੀ ਹੈ ਕਿਉਂਕਿ ਬੱਚੇ ਆਪੋ-ਆਪਣੇ ਰਾਹ 'ਤੇ ਚਲੇ ਗਏ ਹੁੰਦੇ ਹਨ। ਸ਼ਾਇਦ ਇਸੇ ਲਈ ਕੁਝ ਲੋਕ ਵਾਪਸ ਆ ਕੇ ਜੀਵਨ ਫਿਰ ਤੋਂ ਸ਼ੁਰੂ ਕਰਦੇ ਹਨ।

---

### ਪਿਛਲੇ ਸਫ਼ੇ ਦਾ ਬਾਕੀ

**ਅੱਤਵਾਦੀ ਕੌਣ ਹੈ?**

ਅੱਤਵਾਦੀ (ਟੈਰੋਰਿਸਟ) ਕੌਣ ਹੈ, ਦੀ ਹੁਣ ਤੱਕ ਹਿੰਦ ਦੰਡਾਵਲੀ ਵਿਚ ਕੋਈ ਪਰਿਭਾਸ਼ਾ ਨਹੀਂ ਸੀ। ਸਰਕਾਰ ਨੇ ਨਵੀਂ ਦੰਡ ਪ੍ਰਣਾਲੀ ਵਿਚ ਭੰਸ਼ 2023 ਧਾਰਾ 113 ਵਿਚ ਜੋ ਟੈਰੋਰਿਸਟ ਦੀ ਪਰਿਭਾਸ਼ਾ ਦਿੱਤੀ ਹੈ, ਉਸ ਦਾ ਦਾਇਰਾ ਬਹੁਤ ਵਧਾ ਦਿੱਤਾ ਗਿਆ ਹੈ। ਉਸ ਅਨੁਸਾਰ ਜੋ ਵੀ ਕੋਈ ਅਜਿਹਾ ਕੰਮ, ਇਸ ਨੀਅਤ ਨਾਲ ਕਰਦਾ ਹੈ, ਜਿਸ ਨਾਲ ਦੇਸ਼ ਦੀ ਆਜ਼ਾਦੀ, ਪ੍ਰਭੂਸੱਤਾ, ਅਸਥਿਰਤਾ, ਸਿਆਸੀ ਜਾਂ ਆਰਥਿਕ ਜਾਂ ਕੋਈ ਵੀ ਅਜਿਹਾ ਕੰਮ ਜਿਸ ਨਾਲ ਦੇਸ਼ ਜਾਂ ਪ੍ਰਦੇਸ਼ 'ਚ ਆਤੰਕ ਪੈਦਾ ਹੋ ਸਕਦਾ ਹੋਵੇ, ਅਜਿਹਾ ਕਰਨ ਲਈ ਬੰਬ, ਬੰਦੂਕ ਜਾਂ ਹੋਰ ਮਾਰੂ ਹਥਿਆਰ ਦੀ ਵਰਤੋਂ ਕਰੇ, ਜਿਸ ਨਾਲ ਕਿ 1. ਕਿਸੇ ਦੀ ਜਾਨ ਜਾ ਸਕਦੀ ਹੋਵੇ ਜਾਂ ਸੱਟ ਲੱਗ ਸਕਦੀ ਹੋਵੇ ਜਾਂ ਲੱਗ ਜਾਵੇ। 2. ਕਿਸੇ ਨੂੰ ਮਾਲੀ ਨੁਕਸਾਨ ਜਾਂ ਜਾਇਦਾਦ ਦੀ ਬਰਬਾਦੀ ਹੁੰਦੀ ਹੋਵੇ। 3. ਜ਼ਰੂਰੀ ਵਸਤਾਂ ਦੀ ਸਪਲਾਈ 'ਚ ਵਿਘਨ ਪੈਂਦਾ ਹੋਵੇ ਤੇ ਇਹ ਵਿਘਨ ਭਾਵੇਂ ਦੇਸ਼ 'ਚ ਪਵੇ ਜਾਂ ਪ੍ਰਦੇਸ਼ 'ਚ ਪਵੇ। 4. ਦੇਸ਼ ਦੀ ਆਰਥਿਕਤਾ ਨੂੰ ਜਾਅਲੀ ਕਰੰਸੀ, ਤਸਕਰੀ ਕਰਕੇ ਖ਼ਤਰਾ ਪੈਦਾ ਕਰੇ ਆਦਿ ਨਾਲ ਅੱਤਵਾਦ ਪੈਦਾ ਕਰੇ।

ਇਨ੍ਹਾਂ ਨੂੰ ਅੱਤਵਾਦੀ (ਟੈਰੋਰਿਸਟ) ਕਾਰਵਾਈ ਗਿਣਿਆ ਜਾਵੇਗਾ ਤੇ ਇਸ ਅੱਤਵਾਦੀ ਕਾਰਵਾਈ ਦੀ ਵਜ੍ਹਾ ਕਰਕੇ ਜੇਕਰ ਕਿਸੇ ਦੀ ਮੌਤ ਹੋ ਜਾਂਦੀ ਹੈ, ਤਾਂ ਸਜ਼ਾ-ਏ-ਮੌਤ ਜਾਂ ਉਮਰ ਕੈਦ ਤੇ ਜੁਰਮਾਨਾ ਹੋ ਸਕਦਾ ਹੈ। ਮੌਤ ਤੋਂ ਇਲਾਵਾ ਦੂਜੇ ਅੱਤਵਾਦੀ ਜੁਰਮਾਂ ਦੀ ਸੂਰਤ 'ਚ ਘੱਟ ਤੋਂ ਘੱਟ 5 ਸਾਲ ਦੀ ਸਜ਼ਾ ਬਾ-ਮੁਸ਼ੱਕਤ ਜਾਂ ਉਮਰ ਕੈਦ ਤੇ ਜੁਰਮਾਨਾ ਹੋ ਸਕਦਾ ਹੈ। ਕਿਸੇ ਅੱਤਵਾਦੀ ਕਾਰਵਾਈ ਦੀ ਪੂਰਤੀ ਲਈ ਜਾਂ ਉਸ ਦੀ ਪੂਰਤੀ ਲਈ ਸਾਜਿਸ਼ ਕਰਨਾ ਜਾਂ ਸਾਜਿਸ਼ 'ਚ ਸ਼ਾਮਿਲ ਹੋਣਾ ਅੱਤਵਾਦੀ ਕਾਰਵਾਈ ਗਿਣਿਆ ਜਾਵੇਗਾ ਤੇ ਘੱਟ ਤੋਂ ਘੱਟ ਸਜ਼ਾ 5 ਸਾਲ ਜਾਂ ਸਜ਼ਾ ਤਾ ਉਮਰ, ਭਾਵ ਉਮਰ ਕੈਦ ਵੀ ਹੋ ਸਕਦੀ ਹੈ ਅਤੇ ਜੇਕਰ ਕਿਸੇ ਅੱਤਵਾਦੀ ਕਾਰਵਾਈ ਕਰਕੇ, ਕਿਸੇ ਦੀ ਮੌਤ ਹੋ ਜਾਂਦੀ ਹੈ ਤਾਂ ਸਜ਼ਾ ਮੌਤ ਜਾਂ ਉਮਰ ਕੈਦ ਹੋ ਸਕਦੀ ਹੈ।

ਅੱਤਵਾਦੀ ਸਰਗਰਮੀਆਂ ਲਈ ਕੈਂਪ ਲਗਾਉਣਾ, ਕੈਂਪ ਲਾ ਕੇ ਕਾਰਵਾਈਆਂ ਲਈ ਸਿਖਲਾਈ ਦੇਣਾ, ਅੱਤਵਾਦੀ ਕਾਰਵਾਈ ਗਿਣਿਆ ਜਾਵੇਗਾ ਅਤੇ ਇਸ ਦੀ ਸਜ਼ਾ 5 ਸਾਲ ਹੈ।

**Unlawful ਅਸਸਇਮਬਲੇ ਭਾਵ ਗ਼ੈਰ-ਕਾਨੂੰਨੀ ਇਕੱਠ**

ਪੁਰਾਣੇ ਕਾਨੂੰਨ ਦੀ ਇਹ ਧਾਰਾ 141, ਹੁਣ ਨਵੇਂ ਕਾਨੂੰਨ 'ਚ ਧਾਰਾ 189 (3) ਹੈ ਅਤੇ ਸਜ਼ਾ ਹਰ ਇਕ ਲਈ 2-2 ਸਾਲ ਦੀ ਬਹਾਲ ਰੱਖੀ ਗਈ ਹੈ।

ਇਸ ਤਰ੍ਹਾਂ ਪੁਰਾਣੇ ਕਾਨੂੰਨ ਨੂੰ ਨਵੇਂ ਨਾਂਅ ਨਾਲ ਬਦਲ ਕੇ ਪਤਾ ਨਹੀਂ ਕੀ ਹਾਸਿਲ ਕੀਤਾ ਜਾਣਾ ਹੈ। ਕਿਸੇ ਵੀ ਦੇਸ਼ ਦੇ ਵਿਗੜੇ ਹੋਏ ਹਾਲਾਤ ਨੂੰ ਸੁਧਾਰਨ ਲਈ, ਤਾਕਤ ਦੀ ਵਰਤੋਂ ਨਾਲ, ਲੋਕਾਂ ਨੂੰ ਫ਼ਾਂਸੀ ਲਾ ਕੇ ਜਾਂ ਤਸ਼ੱਦਦ ਕਰਕੇ, ਜਿਵੇਂ ਅੰਗਰੇਜ਼ ਕਰਦੇ ਰਹੇ ਹਨ ਠੀਕ ਨਹੀਂ ਕੀਤਾ ਜਾ ਸਕਦਾ, ਭਾਵੇਂ ਕਿ ਉਨ੍ਹਾਂ ਦੀ ਇਹ ਕਾਲੋਨੀਆਂ 'ਤੇ ਕੰਟਰੋਲ ਕਰਨ ਲਈ ਜ਼ਰੂਰਤ ਸੀ, ਫਿਰ ਵੀ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਹੁਣ ਨਵੇਂ ਪੀਨਲ ਕੋਡ ਦੀ ਧਾਰਾ 147 'ਚ ਵਿਵਸਥਾ ਕੀਤੀ ਗਈ ਹੈ 'ਜੋ ਭਾਰਤ ਸਰਕਾਰ ਦੇ ਖ਼ਿਲਾਫ਼ ਜੰਗ ਛੇੜੇਗਾ ਜਾਂ ਜੰਗ ਛੇੜਨ ਦੀ ਕੋਸ਼ਿਸ਼ ਕਰੇਗਾ ਜਾਂ ਛੇੜਨ ਲਈ ਉਤਸ਼ਾਹਿਤ ਕਰੇਗਾ, ਉਸ ਨੂੰ ਸਜ਼ਾ-ਏ-ਮੌਤ ਜਾਂ ਉਮਰ ਕੈਦ ਅਤੇ ਜੁਰਮਾਨਾ ਕੀਤਾ ਜਾਏਗਾ।' ॥॥ਅਧਘ 'ਹੋਇਵਇਰ 'ਓਗਇਸ 'ਓਰ ਓਗਓਿਨਸਟ ਘੋਵਟ.ੋਡ ੀਨਦਿਓਿੰ ਰ ਓਟਟਇਮਪਟਸ ਟੋ 'ਓਗਇ ਸੁਚਹ 'ਓਰੋਰ ਓਬਇਟਸ 'ਓਰ ਓਗਓਿਨਸਟ ਘੋਵਟ.ੋਡ ੀਨਦਿਓ ਸਹਓਲਲ ਬਇ ਪੁਨਿਸਹਇਦ ਿਟਹ ਦਇਓਟਹੋਰਿ ਮਪਰਿਸੋਨਮਇਨਟ ਡੋਰ ਲਿਡਇ ਓਨਦ ਸਹਓਲਲ ਓਲਸੋ ਬਇ ਲਿਓਬਲਇ ਟੋ ਡਿਨਇ." ਧਾਰਾ 147 'ਚ ਦਿੱਤੀ ਵਿਆਖਿਆ ਅਨੁਸਾਰ 'ਕੋਈ ਵੀ ਜੋ ਸਰਕਾਰ ਨੂੰ ਡੇਗਣ ਵਾਲੀ ਸੰਸਥਾ ਦਾ ਮੈਂਬਰ ਬਣਦਾ ਹੈ ਤਾਂ ਉਹ ਧਾਰਾ 148 ਤੋਂ 158 ਤੱਕ ਦਿੱਤੇ ਵੇਰਵਿਆਂ ਅਨੁਸਾਰ ਕਿਸੇ ਸਾਜਿਸ਼ ਦਾ ਹਿੱਸੇਦਾਰ ਹੁੰਦਾ ਹੈ। ਸਟੇਟ ਦੇ ਖ਼ਿਲਾਫ਼ ਜੁਰਮ ਮੰਨਿਆ ਜਾਵੇਗਾ।

ਧਾਰਾ 147 'ਚ ਸਜ਼ਾ ਮੌਤ ਜਾਂ ਉਮਰ ਕੈਦ ਸ਼ਾਮਿਲ ਹੈ। ਇੱਥੋਂ ਤੱਕ ਕਿ ਤੁਸੀਂ ਆਪਣੀ ਤਾਕਤ ਦਾ ਵਿਖਾਵਾ ਕਰਦਿਆਂ ਹੋਇਆਂ ਸਟੇਟ ਦੇ ਗਵਰਨਰ ਜਾਂ ਰਾਸ਼ਟਰਪਤੀ ਨੂੰ ਆਪਣੀਆਂ ਤਾਕਤਾਂ ਦੀ ਵਰਤੋਂ ਕਰਨ ਤੋਂ ਰੋਕਦੇ ਹੋ ਅਤੇ ਉਨ੍ਹਾਂ 'ਤੇ ਦਬਾਅ ਪਾਉਂਦੇ ਹੋ ਤਾਂ ਤੁਸੀਂ ਸਜ਼ਾ-ਏ-ਮੌਤ ਜਾਂ ਉਮਰ ਕੈਦ ਦੇ ਭਾਗੀ ਬਣ ਸਕਦੇ ਹੋ। ਇਹ ਵੀ ਕਿ ਜੇਕਰ ਭਾਰਤ ਸਰਕਾਰ ਦੀ ਕਿਸੇ ਦੇਸ਼ ਨਾਲ ਅਮਨ ਦੀ ਸੰਧੀ ਹੈ ਤਾਂ ਉਸ ਸਰਕਾਰ ਦੇ ਖ਼ਿਲਾਫ਼ ਬੋਲਣਾ ਜਾਂ ਭੜਕਾਉ ਭਾਸ਼ਣ ਦੇਣ ਨਾਲ ਵੀ ਉਮਰ ਕੈਦ ਹੋ ਸਕਦੀ ਹੈ।

ਦਹਿਸ਼ਤਗਰਦ ਹੋਣਾ ਜਾਂ ਦਹਿਸ਼ਤਗਰਦ ਸਮਝਿਆ ਜਾਣਾ, ਵੱਖ-ਵੱਖ ਸਥਿਤੀਆਂ ਹਨ। ਆਜ਼ਾਦੀ ਦੀ ਲੜਾਈ ਦੌਰਾਨ, ਆਜ਼ਾਦੀ ਘੁਲਾਟੀਆਂ ਨੂੰ ਦਹਿਸ਼ਤਗਰਦ ਜਾਂ ਬਾਗ਼ੀ ਕਰਾਰ ਦੇ ਕੇ ਫ਼ਾਂਸੀ 'ਤੇ ਚੜ੍ਹਾਏ ਗਏ ਸ਼ਹੀਦਾਂ ਦੀ ਗਿਣਤੀ ਸੈਂਕੜਿਆਂ 'ਚ ਹੈ। ਆਪਣੀ ਸਿਆਸੀ ਤਾਕਤ ਨੂੰ ਕਾਇਮ ਰੱਖਣ ਵਾਸਤੇ ਦੇਸ਼ ਭਗਤਾਂ ਨੂੰ ਧਾਰਾਵਾਂ 141 ਤੋਂ 150 ਅਧੀਨ ਇਹ ਸਜ਼ਾਵਾਂ ਦਿੱਤੀਆਂ ਜਾਂਦੀਆਂ ਰਹੀਆਂ ਹਨ। ਹੁਣ ਧਾਰਾ 147 ਉਸੇ ਤਰ੍ਹਾਂ ਹੈ। ਇਕ ਹੋਰ ਵਾਧਾ ਕੀਤਾ ਗਿਆ ਹੈ। ਟੈਰੋਰਿਸਟ ਲਫਜ਼ "1ਫ1 ਐਕਟ 'ਚ ਵੀ ਪਾਇਆ ਗਿਆ ਹੈ। ਇਹ ਕਾਨੂੰਨ ਹੋਰ ਵੀ ਅਨਿਆਂਪੂਰਨ ਹੈ। ਇਸ ਐਕਟ 'ਚ ਦਿੱਤੇ ਟੈਰੋਰਿਸਟ ਜੁਰਮ ਲੱਗਣ 'ਤੇ ਜ਼ਮਾਨਤ ਮਿਲਣੀ ਬਹੁਤ ਮੁਸ਼ਕਿਲ ਹੈ। ਪੁਲੀਸ ਨੂੰ ਖੁੱਲ੍ਹ ਦਿੱਤੀ ਗਈ ਹੈ ਕਿ ਉਹ ਟੈਰੋਰਿਸਟ ਜੁਰਮ ਦੇ ਕਿਸੇ ਦੋਸ਼ੀ ਨੂੰ ਨਵੇਂ ਕਾਨੂੰਨ ਅਧੀਨ ਜਾ "1ਫ1 ਐਕਟ ਅਧੀਨ ਗ੍ਰਿਫ਼ਤਾਰ ਕਰਕੇ, ਕਾਰਵਾਈ ਕਰੇ। ਇਨ੍ਹਾਂ ਨਵੇਂ ਕਾਨੂੰਨਾਂ ਦੀ ਮਨਸ਼ਾ, ਦੋਸ਼ੀ ਪਾਏ ਗਏ ਜਾਂ ਦੋਸ਼ੀ ਕਰਾਰ ਦਿੱਤੇ ਗਏ ਵਿਅਕਤੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣਾ ਹੈ ਤੇ ਉਨ੍ਹਾਂ ਨੂੰ ਦਬਾਅ ਕੇ ਰੱਖਣਾ ਹੈ। ਇਹ ਵਿਵਸਥਾ ਵਿਕਸਤ ਸਮਾਜ ਦਾ ਹਿੱਸਾ ਨਹੀਂ। ਇਹ ਕਾਲੋਨੀਆਂ ਬਣਾਉਣ ਵਾਲੇ ਦੇਸ਼ਾਂ ਦੀ ਲੋੜ ਸੀ।

ਇਹ ਕਾਨੂੰਨ ਸੌੜੇ ਹਿੱਤਾਂ ਤੋਂ ਪ੍ਰੇਰਿਤ ਹਨ। ਉਮਰ ਕੈਦ ਕੱਟ ਰਹੇ ਦੋਸ਼ੀਆਂ ਤੇ ਬੰਦੀਆਂ ਨੂੰ ਪੁਰਾਣੇ ਕਾਨੂੰਨ 'ਚ ਸਰਕਾਰ ਨੂੰ ਅਧਿਕਾਰ ਸੀ ਕਿ ਕਿਸੇ ਵੀ ਉਮਰ ਕੈਦੀ ਨੂੰ ਕੁਝ ਖ਼ਾਸ ਸਮਾਂ, ਘੱਟ ਤੋਂ ਘੱਟ 14 ਸਾਲ ਕੱਟਣ ਬਾਅਦ ਰਿਹਾਅ ਕਰ ਦੇਵੇ। ਹੁਣ ਨਵੇਂ ਕਾਨੂੰਨ 'ਚ ਸਰਕਾਰਾਂ ਦਾ ਇਹ ਅਧਿਕਾਰ ਖਤਮ ਕਰ ਦਿੱਤਾ ਗਿਆ ਹੈ। ਹੁਣ ਤਾਂ ਲਾਸ਼ਾਂ ਹੀ ਬਾਹਰ ਆਇਆ ਕਰਨਗੀਆਂ। ਇਹ ਅਸਮਾਜਿਕ, ਗ਼ੈਰ-ਕਾਨੂੰਨੀ ਤੇ ਅਸੰਵਿਧਾਨਕ ਹੈ। ਸਜ਼ਾ ਸੁਧਾਰਨ ਲਈ ਦਿੱਤੀ ਜਾਂਦੀ ਹੈ ਮਾਰਨ ਲਈ ਨਹੀਂ।

ਸੁਝਾਅ : ਸਿਆਸੀ ਗਲਿਆਰਿਆਂ ਨੂੰ ਪੁਰਾਣੇ ਮਹਾਂਪੁਰਸ਼ਾਂ ਤੋਂ, ਉਨ੍ਹਾਂ ਦੀਆਂ ਲਿਖਤਾਂ ਤੋਂ ਸੇਧ ਲੈਣੀ ਚਾਹੀਦੀ ਹੈ। ਥੋੜ੍ਹੀ ਜਿਹੀ ਝਾਤ ਜੇਕਰ ਪੁਰਾਣੀਆਂ ਲਿਖਤਾਂ 'ਤੇ ਮਾਰੀ ਜਾਵੇ ਤਾਂ ਗੱਲ ਸਮਝ ਪੈ ਸਕਦੀ ਹੈ। ਇਸ ਸੰਦਰਭ 'ਚ ਅਰਸਤੂ ਜੋ 384 ਬੀ.ਸੀ. ਵਿਚ, ਅੱਜ ਤੋਂ ਕੋਈ 2700 ਸਾਲ ਪਹਿਲਾਂ ਯੂਨਾਨ ਦੇ ਨਾਲ ਲਗਦੇ ਦੇਸ਼ ਮੈਸੇਡੋਨੀਆ 'ਚ ਪੈਦਾ ਹੋਇਆ ਤੇ ਆਪਣੇ ਗਿਆਨ ਦੇ ਵਾਧੇ ਲਈ ਯੂਨਾਨ 7ਰਇਇਸਇ ਦੇ ਮਹਾਨ ਫਿਲਾਸਫਰ ਪਲੈਟੋ ਦੀ ਅਕਾਦਮੀ 'ਚ ਆ ਗਿਆ ਅਤੇ 20 ਸਾਲ ਉਸ ਦਾ ਹਿੱਸਾ ਰਿਹਾ ਪਰ ਜਦੋਂ ਮੈਸੋਡੋਨੀਆ ਦੇ ਰਾਜੇ ਦਾ ਮੁੰਡਾ ਅਲੈਗਜ਼ੈਂਡਰ (ਮਹਾਨ ਸਕੰਦਰ) ਥੋੜ੍ਹਾ ਵੱਡਾ ਹੋ ਗਿਆ ਅਤੇ ਮੈਸੋਡੋਨੀਆ ਦੇ ਰਾਜੇ ਨੇ ਸੁਕਰਾਤ ਨੂੰ, ਸਿਕੰਦਰ ਦਾ ਅਧਿਆਪਕ ਬਣਨ ਲਈ ਵਾਪਸ ਬੁਲਾ ਲਿਆ, ਉਹ ਫਿਰ ਵੀ ਆਪਣੀਆਂ ਲਿਖਤਾਂ ਤੇ ਖੋਜਾਂ ਜਾਰੀ ਰੱਖਦਾ ਰਿਹਾ। ਸੁਕਰਾਤ ਦੇ ਵਿਚਾਰ ਵੱਡਮੁੱਲੇ ਹਨ। ਉਸ ਨੇ ਆਪਣੀਆਂ ਲਿਖਤਾਂ 'ਚ ਸਿਆਸਤ ਦਾ ਵਿਸ਼ਲੇਸ਼ਣ ਕੀਤਾ ਹੈ ਕਿ:-1. ਇਨਕਲਾਬ ਕੀ ਹੈ? 2. ਇਸ ਦੀਆਂ ਕਿੰਨੀਆਂ ਕਿਸਮਾਂ ਹਨ? 3. ਇਨਕਲਾਬ ਕਿਉਂ ਆਉਂਦਾ ਹੈ? ਬਗ਼ਾਵਤ ਕਿਉਂ ਹੁੰਦੀ ਹੈ? 4. ਇਸ ਨੂੰ ਰੋਕਿਆ ਜਾ ਸਕਦਾ ਹੈ।

ਅਰਸਤੂ ਅਨੁਸਾਰ ਰੈਵੋਲਿਉਸ਼ਨ ਭਾਵ ਇਨਕਲਾਬ ਦਾ ਮੁੱਢ ਉਦੋਂ ਹੀ ਬੱਝ ਜਾਂਦਾ ਹੈ ਜਦੋਂ:-1. ਰਾਜ ਦੀ ਹੋਂਦ ਗ਼ਲਤ ਵਿਚਾਰਾਂ ਤੇ ਭਾਵਨਾਵਾਂ 'ਤੇ ਆਧਾਰਿਤ ਹੋਵੇ। 2. ਜਦੋਂ ਕੋਈ ਪਾਖੰਡੀ ਦੇਸ਼ ਦਾ ਨੇਤਾ ਜਾਂ ਫ਼ੌਜ ਦਾ ਜਰਨੈਲ ਬਣ ਜਾਂਦਾ ਹੈ। 3. ਜਦੋਂ ਸਿਆਸਤਦਾਨ ਭੀੜ ਦੀ ਹਮਾਇਤ ਲੈਣ ਲਈ ਆਪਸ 'ਚ ਉਲਝ ਜਾਣ। 4. ਜਦੋਂ ਗ਼ਰੀਬੀ ਤੇ ਅਮੀਰੀ ਦਾ ਪਾੜਾ ਬਹੁਤ ਵਧ ਜਾਵੇ। 5. ਜਦੋਂ ਸਿਆਸੀ ਤੇ ਰਾਜਸੀ ਅਹੁਦੇ, ਜੱਦੀ ਪੁਸ਼ਤੀ ਬਣ ਜਾਣ। 6. ਜਦੋਂ ਕੋਈ ਚੁਣੀ ਹੋਈ ਸਰਕਾਰ, ਤਾਨਾਸ਼ਾਹ ਬਣ ਜਾਵੇ। 7. ਜਦੋਂ ਮੈਜਿਸਟ੍ਰੇਸੀ, ਭਾਵ ਅਫ਼ਸਰਸ਼ਾਹੀ ਸਣੇ ਜੁਡੀਸ਼ਰੀ ਮਨਾਫ਼ੇ ਦਾ ਅਹੁਦਾ ਬਣ ਜਾਵੇ।

**ਇਨਕਲਾਬ ਕੀ ਹੁੰਦਾ ਹੈ। (ਅਰਸਤੂ ਅਨੁਸਾਰ)**

1. ਪਹਿਲੇ ਵਿਧਾਨ ਤੇ ਸੰਸਥਾਵਾਂ ਬਦਲ ਦਿੱਤੀਆਂ ਜਾਂਦੀਆਂ ਹਨ। ਜਾਂ 2. ਸਾਰਾ ਢਾਂਚਾ ਨਵੇਂ ਹੱਥਾਂ 'ਚ ਦੇ ਦਿੱਤਾ ਜਾਂਦਾ ਹੈ। ਜਾਂ 3. ਡੈਮੋਕਰੇਸੀ ਤੇ ਓਲੀਗੈਰਕੀ ਭਾਵ ਜਿੱਥੇ ਅਹੁਦੇ ਜੱਦੀ-ਪੁਸ਼ਤੀ ਬਣ ਜਾਣ ਮੁੱਢਲੇ ਨੁਕਸ ਪਛਾਣ ਲਏ ਜਾਂਦੇ ਹਨ ਤੇ ਨਵੇਂ ਪੈਦਾ ਕੀਤੇ ਜਾਂਦੇ ਹਨ।

**ਇਨਕਲਾਬ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ?**

1. ਬੇਕਾਨੂੰਨੀ ਅਵਸਥਾ ਨੂੰ ਕੰਟਰੋਲ ਕੀਤਾ ਜਾਵੇ। 2. ਆਮ ਜਨਤਾ ਨੂੰ ਗ਼ੈਰ-ਕਾਨੂੰਨੀ ਤੇ ਧੋਖਾਧੜੀ ਤੋਂ ਬਚਾਇਆ ਜਾਵੇ। 3. ਰਾਜ ਕਰਨ ਵਾਲਿਆਂ ਤੇ ਪਰਜਾ 'ਚ ਫਾਸਲਾ ਮਿਟਾਇਆ ਜਾਵੇ। 4. ਸਮੇਂ-ਸਮੇਂ ਪ੍ਰਾਪਰਟੀ ਦੀਆਂ ਧਾਰਨਾਵਾਂ ਬਦਲਦੀਆਂ ਰਹਿਣ। 5. ਪ੍ਰਾਪਰਟੀ ਕੁਝ ਹੱਥਾਂ 'ਚ ਜਮ੍ਹਾਂ ਹੋਣ ਤੋਂ ਰੋਕੀ ਜਾਵੇ। 6. ਕਿਸੇ ਵੀ ਵਿਅਕਤੀ ਜਾਂ ਜਮਾਤ ਨੂੰ ਪੂਰਨ ਸ਼ਕਤੀਸ਼ਾਲੀ ਨਾ ਹੋਣ ਦਿੱਤਾ ਜਾਵੇ। 7. ਮੈਜਿਸਟ੍ਰੇਸੀ ਮੁਨਾਫ਼ੇ ਦਾ ਵਸੀਲਾ ਨਾ ਬਣਨ ਦਿੱਤਾ ਜਾਵੇ ਆਦਿ। (ਵੇਖੋ: ਦੀ ਬੇਸਿਕ ਵਰਕਸ ਆਫ ਅਰਿਸਟੋਟਲ ਪੰਨਾ: 1121)

-ਐਡਵੋਕੇਟ, ਪੰਜਾਬ ਤੇ ਹਰਿਆਣਾ ਹਾਈ ਕੋਰਟ

# ਪੰਜਾਬ ਦਾ ਆਰਥਿਕ ਕਾਇਆ-ਕਲਪ ਕਿਵੇਂ ਹੋਵੇ?


**ਲਿਖਤ : ਡਾ. ਸ.ਸ. ਛੀਨਾ**

ਉੱਘੇ ਅਰਥ ਸ਼ਾਸਤਰੀ ਡਾ. ਕੇ.ਐਨ. ਰਾਜ ਜਿਹੜੇ ਲੰਮਾ ਸਮਾਂ ਯੋਜਨਾ ਕਮਿਸ਼ਨ ਦੀਆਂ ਨੀਤੀਆਂ ਨਾਲ ਸਬੰਧਿਤ ਰਹੇ ਅਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਸਲਾਹਕਾਰਾਂ `ਚ ਮੁੱਖ ਸਨ, ਦੇ ਇਹ ਵਿਚਾਰ ਸਨ ਕਿ ਦੇਸ਼ ਨੂੰ ਉਦਯੋਗਿਕ ਤੌਰ `ਤੇ ਵਿਕਸਤ ਹੋਣ ਲਈ ਲੋੜੀਂਦੇ ਕੱਚੇ ਮਾਲ ਵਾਸਤੇ ਆਤਮ-ਨਿਰਭਰ ਹੋਣਾ ਚਾਹੀਦਾ ਹੈ। ਕਿਸੇ ਵੇਲੇ ਪੰਜਾਬ ਜੋ ਖੇਤੀ ਵਿਚ ਸਭ ਤੋਂ ਵਿਕਸਤ ਸੂਬਾ ਸੀ, ਉਦਯੋਗਾਂ `ਚ ਵੀ ਬਹੁਤ ਅੱਗੇ ਸੀ। 1960 ਤੋਂ ਪਹਿਲਾਂ ਇਸ ਦਾ ਗਰਮ ਕੱਪੜਾ ਵਿਦੇਸ਼ਾਂ ਵਿਚ ਜਾ ਕੇ ਵਿਕਦਾ ਸੀ ਭਾਵੇਂ ਉਸ ਲਈ ਉੱਨ ਆਸਟਰੇਲੀਆ ਅਤੇ ਨਿਊਜ਼ੀਲੈਂਡ ਤੋਂ ਮੰਗਵਾਇਆ ਜਾਂਦਾ ਸੀ। ਰੇਸ਼ਮੀ ਕੱਪੜੇ ਦੀਆਂ ਇਕੱਲੇ ਅੰਮ੍ਰਿਤਸਰ ਵਿਚ ਹੀ 1200 ਦੇ ਕਰੀਬ ਇਕਾਈਆਂ ਸਨ। ਬਟਾਲਾ, ਗੁਰਾਇਆ ਅਤੇ ਗੋਬਿੰਦਗੜ੍ਹ ਵਿਚ ਮੋਟਰ ਸਪੇਅਰ ਪਾਰਟਸ ਅਤੇ ਮਸ਼ੀਨਾਂ ਬਣ ਕੇ ਦੇਸ਼-ਵਿਦੇਸ਼ ਵਿਚ ਵਿਕਦੀਆਂ ਸਨ ਹਾਲਾਂਕਿ ਇਸ ਲਈ ਵੀ ਕੱਚਾ ਮਾਲ 1200 ਕਿਲੋਮੀਟਰ ਦੀ ਦੂਰੀ ਤੋਂ ਮੰਗਵਾਇਆ ਜਾਂਦਾ ਸੀ ਪਰ 1970 ਤੋਂ ਬਾਅਦ ਪੰਜਾਬ`ਚੋਂ ਉਦਯੋਗ ਘਟਦੇ ਗਏ ਅਤੇ ਨਵੇਂ ਉਦਯੋਗ ਲੱਗਣ ਦੀ ਰਫ਼ਤਾਰ ਵੀ ਬਹੁਤ ਘਟ ਗਈ। ਹੁਣ ਹਾਲਤ ਇਹ ਹੈ ਕਿ ਇਸ ਦਾ ਗਰਮ ਤੇ ਰੇਸ਼ਮੀ ਕੱਪੜਾ ਅਤੇ ਮਸ਼ੀਨਾਂ ਦੀਆਂ ਉਦਯੋਗਿਕ ਇਕਾਈਆਂ ਬਿਲਕੁਲ ਬੰਦ ਹੋ ਗਈਆਂ ਹਨ ਅਤੇ ਪੰਜਾਬ ਵਿਚ ਫੈਲੀ ਬੇਰੁਜ਼ਗਾਰੀ ਦਾ ਮੁੱਖ ਕਾਰਨ ਇਸ ਦਾ ਉਦਯੋਗਿਕ ਵਿਕਾਸ ਰੁਕ ਜਾਣਾ ਹੈ।

ਪੰਜਾਬ ਵਿਚ ਜਿਹੜੀ ਵੀ ਸਰਕਾਰ ਆਈ, ਉਸ ਨੇ ਉਦਯੋਗਿਕ ਵਿਕਾਸ ਲਈ ਯਤਨ ਕੀਤੇ। ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਕਈ ਤਰ੍ਹਾਂ ਦੀਆਂ ਸਹੂਲਤਾਂ ਦੀਆਂ ਪੇਸ਼ਕਸ਼ਾਂ ਕੀਤੀਆਂ ਪਰ ਉਦਯੋਗਿਕ ਵਿਕਾਸ ਵਿਚ ਇੰਨੀ ਵੱਡੀ ਖੜੋਤ ਆ ਗਈ ਹੈ ਕਿ ਇਹ ਜ਼ਰੂਰੀ ਬਣਦਾ ਹੈ ਕਿ ਇਸ ਦੇ ਮੁੱਢਲੇ ਕਾਰਨਾਂ ਦੀ ਪਛਾਣ ਕਰ ਕੇ ਉਹ ਯਤਨ ਕੀਤੇ ਜਾਣ ਜਿਸ ਨਾਲ ਵਿਕਾਸ ਦੀ ਰੁਕਾਵਟ ਖ਼ਤਮ ਹੋ ਜਾਵੇ। ਹੁਣ ਫਿਰ ਉਸ ਅਰਥ ਸ਼ਾਸਤਰੀ ਡਾ. ਕੇ.ਐਨ. ਰਾਜ ਦੇ ਉਹ ਸ਼ਬਦ ਯਾਦ ਆਉਂਦੇ ਹਨ ਕਿ ਉਦਯੋਗਾਂ ਲਈ ਕੱਚੇ ਮਾਲ ਵਾਸਤੇ ਆਤਮ-ਨਿਰਭਰ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬ ਤੋਂ ਭਾਵੇਂ ਹਰ ਸਾਲ 20 ਹਜ਼ਾਰ ਕਰੋੜ ਰੁਪਏ ਦੇ ਕਰੀਬ ਬਾਸਮਤੀ ਦੀ ਬਰਾਮਦ ਤਾਂ ਕੀਤੀ ਜਾਂਦੀ ਹੈ, ਫਿਰ ਵੀ ਆਮ ਝੋਨੇ ਦੀ ਬਜਾਇ ਬਾਸਮਤੀ ਅਧੀਨ ਖੇਤਰ ਨਹੀਂ ਵਧ ਰਿਹਾ। ਉਦਯੋਗਿਕ ਤੌਰ `ਤੇ ਵਿਕਸਤ ਦੇਸ਼ਾਂ ਵਿਚ ਉਥੇ ਮਿਲਣ ਵਾਲੇ ਕੱਚੇ ਮਾਲ`ਤੇ ਆਧਾਰਿਤ ਜਿਹੜੇ ਵੀ ਉਦਯੋਗ ਲਾਏ ਗਏ ਹਨ, ਉਨ੍ਹਾਂ ਨੂੰ ਬਹੁਤ ਘੱਟ ਲਾਗਤ`ਤੇ ਉਤਪਾਦਿਤ ਕਰ ਕੇ ਦੇਸ਼ਾਂ-ਵਿਦੇਸ਼ਾਂ ਵਿਚ ਵੇਚਿਆ ਗਿਆ ਹੈ।

ਪੰਜਾਬ ਵਿਚ ਸਭ ਤੋਂ ਆਸਾਨੀ ਨਾਲ ਮਿਲਣ ਵਾਲਾ ਕੱਚਾ ਮਾਲ ਖੇਤੀ ਵਸਤੂਆਂ ਹਨ। ਪੰਜਾਬ ਕੋਲ ਭਾਵੇਂ ਭਾਰਤ ਦੇ ਕੁੱਲ ਖੇਤਰ ਦਾ ਸਿਰਫ਼ 1.5 ਫੀਸਦੀ ਹਿੱਸਾ ਹੈ ਪਰ ਦੇਸ਼ ਦੇ ਅੰਨ ਭੰਡਾਰਾਂ ਵਿਚ ਪੰਜਾਬ 60 ਫੀਸਦੀ ਦਾ ਹਿੱਸਾ ਪਾਉਂਦਾ ਰਿਹਾ ਹੈ। ਦੇਸ਼ ਵਿਚ ਪੈਦਾ ਹੋਣ ਵਾਲੀ ਕੁੱਲ ਕਣਕ ਵਿਚ 16 ਫੀਸਦੀ, ਕੁੱਲ ਝੋਨੇ ਵਿਚ 11 ਫੀਸਦੀ, ਕੁੱਲ ਕਪਾਹ ਵਿਚ 3.4 ਫੀਸਦੀ ਜਦੋਂਕਿ ਦੁੱਧ ਵਿਚ 7 ਫੀਸਦੀ ਹਿੱਸਾ ਪੰਜਾਬ ਦਾ ਹੈ; ਇਥੋਂ ਤਕ ਕਿ ਦੁਨੀਆ ਵਿਚ ਪੈਦਾ ਹੋਣ ਵਾਲੀ ਕਣਕ ਵਿਚ 2.3 ਫੀਸਦੀ, ਝੋਨੇ ਵਿਚ 2.5 ਫੀਸਦੀ ਅਤੇ ਕਪਾਹ ਵਿਚ 0.7 ਫੀਸਦੀ ਹਿੱਸਾ ਇਸ ਛੋਟੇ ਜਿਹੇ ਸੂਬੇ ਦਾ ਹੈ। ਦੁਨੀਆ ਭਰ ਵਿਚ ਖਾਸ ਕਰ ਕੇ ਵਿਕਸਤ ਦੇਸ਼ਾਂ ਵਿਚ, ਕੁੱਲ ਖੇਤੀ ਵਸਤੂਆਂ ਵਿਚੋਂ 86 ਫੀਸਦੀ ਵਸਤੂਆਂ ਨੂੰ ਖੇਤੀ ਆਧਾਰਿਤ ਉਦਯੋਗਾਂ ਵਿਚ ਤਿਆਰ ਵਸਤੂਆਂ ਦੇ ਰੂਪ ਵਿਚ ਬਣਾ ਕੇ ਵੇਚਿਆ ਜਾਂਦਾ ਹੈ ਜਦੋਂਕਿ ਪੰਜਾਬ ਦੇ ਵਿਕਸਤ ਖੇਤੀ ਸੂਬਾ ਹੋਣ ਦੇ ਬਾਵਜੂਦ ਸਿਰਫ਼ 12 ਫੀਸਦੀ ਵਸਤੂਆਂ ਨੂੰ ਹੀ ਖੇਤੀ ਆਧਾਰਿਤ ਉਦਯੋਗਾਂ ਵਿਚ ਤਿਆਰ ਕੀਤਾ ਜਾਂਦਾ ਹੈ।

ਕੁਝ ਸਾਲ ਪਹਿਲਾਂ ਮੈਨੂੰ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਦਾ ਪ੍ਰੋਜੈਕਟ ਮਿਲਿਆ ਸੀ ਕਿ ਇਹ ਖੋਜ ਕੀਤੀ ਜਾਵੇ ਕਿ ਪੰਜਾਬ ਵਿਚ ਖੇਤੀ ਆਧਾਰਿਤ ਉਦਯੋਗ ਵਿਕਸਤ ਕਿਉਂ ਨਹੀਂ ਹੋਏ। ਮੈਂ ਆਪਣੀ ਖੋਜ ਵਿਚ ਇਹ ਗੱਲ ਦੇਖੀ ਸੀ ਕਿ ਖੇਤੀ ਆਧਾਰਿਤ ਉਦਯੋਗ ਦੇ ਉਦਮੀ ਇਸ ਕਰ ਕੇ ਅੱਗੇ ਨਹੀਂ ਸਨ ਆ ਰਹੇ ਕਿਉਂ ਜੋ ਉਹ ਮਹਿਸੂਸ ਕਰਦੇ ਸਨ ਕਿ ਇਥੇ ਮਿਲਣ ਵਾਲੇ ਕੱਚੇ ਮਾਲ ਦੀ ਅਨਿਸ਼ਚਿਤਤਾ ਹੈ। ਉਹ ਵੱਡੀ ਰਕਮ ਦਾ ਨਿਵੇਸ਼ ਕਰ ਕੇ ਓਨਾ ਲਾਭ ਨਹੀਂ ਕਮਾ ਸਕਣਗੇ ਜਿੰਨਾ ਉਨ੍ਹਾਂ ਨਿਵੇਸ਼ ਕੀਤਾ ਹੈ। ਫਿਰ ਹਰ ਸਾਲ ਕਦੀ ਬਹੁਤ ਜ਼ਿਆਦਾ ਪਰ ਜ਼ਿਆਦਾ ਵਾਰ ਬਹੁਤ ਘੱਟ ਕੱਚਾ ਮਾਲ ਮਿਲਣ ਨਾਲ ਉਨ੍ਹਾਂ ਦੀ ਪੂੰਜੀ ਵਿਹਲੀ ਰਹੇਗੀ।




ਇਥੇ ਇਸ ਗੱਲ`ਤੇ ਧਿਆਨ ਦੇਣ ਦੀ ਲੋੜ ਹੈ ਕਿ ਕਣਕ ਅਤੇ ਝੋਨੇ ਦੀਆਂ ਦੋ ਫਸਲਾਂ ਅਧੀਨ ਸੂਬੇ ਦਾ 70 ਫੀਸਦੀ ਰਕਬਾ ਆ ਗਿਆ ਹੈ। ਪਿਛਲੇ ਸਮੇਂ ਵਿਚ ਸਰਕਾਰ ਵੱਲੋਂ ਫਸਲ ਵਿਭਿੰਨਤਾ ਲਈ ਕੀਤੀਆਂ ਕੋਸ਼ਿਸ਼ਾਂ ਦੇ ਬਾਵਜੂਦ ਝੋਨੇ ਅਧੀਨ ਖੇਤਰ ਵਧ ਕੇ 32 ਲੱਖ ਹੈਕਟੇਅਰ ਜਾਂ 80 ਲੱਖ ਏਕੜ ਹੋ ਗਿਆ ਹੈ ਪਰ ਉਦਯੋਗਿਕ ਇਕਾਈਆਂ ਜਿਹੜੀਆਂ ਮੂੰਗਫਲੀ, ਸੂਰਜਮੁਖੀ, ਜੌਆਂ ਆਦਿ `ਤੇ ਨਿਰਭਰ ਕਰਦੀਆਂ ਹਨ, ਉਨ੍ਹਾਂ ਅਧੀਨ ਖੇਤਰ ਲਗਾਤਾਰ ਘਟ ਰਿਹਾ ਹੈ। ਜੌਆਂ ਅਧੀਨ 1960-61 ਵਿਚ 66000 ਹੈਕਟੇਅਰ ਖੇਤਰ ਸੀ ਜਿਹੜਾ 2020-21 ਵਿਚ ਸਿਰਫ਼ 5900 ਹੈਕਟੇਅਰ ਰਹਿ ਗਿਆ। ਮੂੰਗਫਲੀ ਅਧੀਨ ਇਸ ਹੀ ਸਮੇਂ ਵਿਚ 67000 ਹੈਕਟੇਅਰ ਤੋਂ ਘਟ ਕੇ 1500 ਹੈਕਟੇਅਰ, ਸਰ੍ਹੋਂ ਅਧੀਨ 1 ਲੱਖ 7 ਹਜ਼ਾਰ ਹੈਕਟੇਅਰ ਤੋਂ ਘਟ ਕੇ 31000 ਹੈਕਟੇਅਰ ਅਤੇ ਸੂਰਜਮੁਖੀ ਅਧੀਨ ਜਿੱਥੇ 1995-61 ਵਿਚ 1 ਲੱਖ 3000 ਹੈਕਟੇਅਰ ਸੀ, ਘਟ ਕੇ 2020-21 ਵਿਚ ਸਿਰਫ਼ 2500 ਹੈਕਟੇਅਰ ਰਹਿ ਗਿਆ। ਇਸੇ ਤਰ੍ਹਾਂ ਹੋਰ ਫਸਲਾਂ ਜਿਨ੍ਹਾਂ ਨੂੰ ਉਦਯੋਗਾਂ ਲਈ ਕੱਚੇ ਮਾਲ ਦੇ ਤੌਰ`ਤੇ ਵਰਤਿਆ ਜਾ ਸਕਦਾ ਹੈ, ਉਨ੍ਹਾਂ ਅਧੀਨ ਖੇਤਰ ਵਿਚ ਕਮੀ ਆਈ ਹੈ। ਇਸ ਸਭ ਦਾ ਵੱਡਾ ਕਾਰਨ ਹੈ ਕਿ ਕਿਸਾਨ ਸਿਰਫ਼ ਉਨ੍ਹਾਂ ਫ਼ਸਲਾਂ ਦੀ ਹੀ ਕਾਸ਼ਤ ਕਰਦਾ ਹੈ ਜਿਨ੍ਹਾਂ ਵਿਚ ਯਕੀਨੀ ਮੰਡੀਕਰਨ ਹੋਵੇ। ਇਸ ਕਾਰਨ ਹੀ ਪੰਜਾਬ ਵਿਚ ਝੋਨੇ ਅਤੇ ਕਣਕ ਅਧੀਨ ਰਕਬਾ ਵਧ ਰਿਹਾ ਹੈ ਭਾਵੇਂ ਇਸ ਨੇ ਪਾਣੀ ਡੂੰਘੇ ਜਾਣ ਸਮੇਤ ਹੋਰ ਸਮੱਸਿਆਵਾਂ ਵੀ ਪੈਦਾ ਕਰ ਦਿੱਤੀਆਂ ਹਨ।

ਪੰਜਾਬ `ਚ ਵੀ ਵੱਡੀ ਬੇਰੁਜ਼ਗਾਰੀ ਹੈ ਜੋ ਉਦਯੋਗਿਕ ਵਿਕਾਸ ਤੋਂ ਬਗ਼ੈਰ ਖ਼ਤਮ ਨਹੀਂ ਹੋ ਸਕਦੀ। ਇਹ ਬੇਰੁਜ਼ਗਾਰੀ ਪੇਂਡੂ ਖੇਤਰਾਂ ਵਿਚ ਹੋਰ ਵੀ ਜ਼ਿਆਦਾ ਹੈ। ਉਦਯੋਗਿਕ ਵਿਕਾਸ ਲਈ ਖੇਤੀ ਆਧਾਰਿਤ ਉਦਯੋਗਾਂ ਨੂੰ ਹੀ ਪਹਿਲ ਦੇਣੀ ਬਣਦੀ ਹੈ ਕਿਉਂ ਜੋ ਇਨ੍ਹਾਂ ਲਈ ਕੱਚਾ ਮਾਲ ਸੂਬੇ ਤੋਂ ਹੀ ਘੱਟ ਲਾਗਤ`ਤੇ ਮਿਲ ਸਕਦਾ ਹੈ। ਇਨ੍ਹਾਂ ਉਦਯੋਗਿਕ ਇਕਾਈਆਂ ਨੂੰ ਛੋਟੇ ਪੈਮਾਨੇ`ਤੇ ਚਲਾਇਆ ਜਾ ਸਕਦਾ ਹੈ। ਪਿਛਲੇ ਸਮੇਂ ਵਿਚ ਭਾਵੇਂ ਪੰਜਾਬ ਵਿਚ ਵੱਡੇ ਪੈਮਾਨ ਦੇ ਉਦਯੋਗਾਂ`ਤੇ 60 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ ਪਰ ਉਨ੍ਹਾਂ ਵੱਡੇ ਪੈਮਾਨੇ ਦੀਆਂ ਉਦਯੋਗਿਕ ਇਕਾਈਆਂ ਨੇ ਸਿਰਫ਼ 2.5 ਲੱਖ ਦੇ ਕਰੀਬ ਕਿਰਤੀਆਂ ਨੂੰ ਹੀ ਰੁਜ਼ਗਾਰ ਦਿੱਤਾ ਹੈ; ਇਸ ਦੇ ਉਲਟ ਭਾਵੇਂ ਛੋਟੇ ਪੈਮਾਨੇ ਦੀਆਂ ਇਕਾਈਆਂ`ਤੇ 15 ਹਜ਼ਾਰ ਕਰੋੜ ਦਾ ਨਿਵੇਸ਼ ਹੋਇਆ ਪਰ ਉਨ੍ਹਾਂ 10 ਲੱਖ ਤੋਂ ਉੱਪਰ ਕਿਰਤੀਆਂ ਨੂੰ ਰੁਜ਼ਗਾਰ ਦਿੱਤਾ।

ਪੰਜਾਬ ਵਿਚ ਬਹੁਤ ਸਾਰੀਆਂ ਫਸਲਾਂ ਦੀ ਉਪਜ ਦੇਸ਼ ਦੇ ਹੋਰ ਸੂਬਿਆਂ ਤੋਂ ਜ਼ਿਆਦਾ ਹੈ। ਕਣਕ ਅਤੇ ਝੋਨੇ ਵਾਂਗ ਹੋਰ ਫ਼ਸਲਾਂ ਅਤੇ ਖ਼ਾਸ ਕਰਕੇ ਉਨ੍ਹਾਂ ਜਿਨ੍ਹਾਂ `ਤੇ ਆਧਾਰਿਤ ਉਦਯੋਗ ਲੱਗ ਸਕਦੇ ਹਨ, ਦੀ ਖ਼ਰੀਦ ਘੱਟੋ-ਘੱਟ ਸਮਰਥਨ ਮੁੱਲ `ਤੇ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਮੱਕੀ, ਬਾਜਰਾ, ਕਪਾਹ, ਗੰਨਾ, ਮੂੰਗਫਲੀ, ਸਰ੍ਹੋਂ ਅਤੇ ਸੂਰਜਮੁਖੀ`ਤੇ ਆਧਾਰਿਤ ਉਦਯੋਗਿਕ ਇਕਾਈਆਂ ਥੋੜ੍ਹੀ ਪੂੰਜੀ ਨਾਲ ਵੀ ਲੱਗ ਸਕਦੀਆਂ ਹਨ। ਮੱਕੀ ਦੀ ਫਸਲ ਦੀ ਔਸਤ ਉਪਜ ਪੰਜਾਬ ਵਿਚ 3665 ਕਿੱਲੋ ਪ੍ਰਤੀ ਹੈਕਟੇਅਰ ਹੈ ਜਿਹੜੀ ਭਾਰਤ ਪੱਧਰ`ਤੇ 3199 ਕਿੱਲੋ, ਇਸ ਤਰ੍ਹਾਂ ਹੀ ਜੌਆਂ ਦੀ ਪੰਜਾਬ ਵਿਚ 3737 ਕਿੱਲੋ ਪਰ ਭਾਰਤ ਵਿਚ 2986 ਕਿੱਲੋ, ਕਪਾਹ ਪੰਜਾਬ ਵਿਚ 692 ਕਿੱਲੋ, ਜਦੋਂਕਿ ਭਾਰਤ ਵਿਚ 471 ਕਿੱਲੋ, ਗੰਨਾ ਪੰਜਾਬ ਵਿਚ 838 ਕੁਇੰਟਲ, ਜਦੋਂਕਿ ਭਾਰਤ ਵਿਚ 812 ਕੁਇੰਟਲ ਪ੍ਰਤੀ ਹੈਕਟੇਅਰ, ਮੂੰਗਫਲੀ ਪੰਜਾਬ ਵਿਚ 1980, ਭਾਰਤ ਵਿਚ 1687 ਅਤੇ ਸਭ ਤੋਂ ਵੱਧ ਸੂਰਜਮੁਖੀ ਜਿਸ ਦੀ ਉਪਜ ਪੰਜਾਬ ਵਿਚ 1798 ਕਿੱਲੋ ਅਤੇ ਭਾਰਤ ਵਿਚ 1043 ਕਿੱਲੋ ਪ੍ਰਤੀ ਹੈਕਟੇਅਰ ਹੈ।

ਇਹ ਠੀਕ ਹੈ ਕਿ ਇਨ੍ਹਾਂ ਦੱਸੀਆਂ ਫ਼ਸਲਾਂ ਨੂੰ ਭਾਰਤ ਸਰਕਾਰ ਵੱਲੋਂ ਨਹੀਂ ਖ਼ਰੀਦਿਆ ਜਾਂਦਾ ਪਰ ਜੇ ਪੰਜਾਬ ਸਰਕਾਰ ਆਪ ਇਨ੍ਹਾਂ ਨੂੰ ਸਰਕਾਰੀ ਤੌਰ `ਤੇ ਖ਼ਰੀਦਣਾ ਸ਼ੁਰੂ ਕਰ ਦੇਵੇ ਅਤੇ ਉਦਯੋਗਿਕ ਉਦਮੀਆਂ ਨੂੰ ਇਹ ਯਕੀਨੀ ਬਣਾਵੇ ਕਿ ਉਨ੍ਹਾਂ ਨੂੰ ਲੋੜੀਂਦੇ ਕੱਚੇ ਮਾਲ ਦੀ ਪੂਰਤੀ ਦੀ ਕਦੀ ਮੁਸ਼ਕਿਲ ਨਹੀਂ ਆਵੇਗੀ ਤਾਂ ਇਸ ਨਾਲ ਜਿੱਥੇ ਪੰਜਾਬ ਦੀ ਕਿਸਾਨੀ ਦੀ ਮਦਦ ਹੋਵੇਗੀ, ਉਥੇ ਵੱਡੀ ਮਾਤਰਾ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। ਸਰਕਾਰ ਦੀ ਉਦਯੋਗਿਕ ਨੀਤੀ ਦੇ ਅਧੀਨ ਵੱਖ-ਵੱਖ ਖੇਤਰਾਂ ਨੂੰ ਜ਼ੋਨਾਂ ਵਿਚ ਵੰਡ ਕੇ ਉਥੋਂ ਦੀ ਉਪਜ ਦੇ ਅਨੁਸਾਰ ਕਿਸੇ ਜ਼ੋਨ ਤੋਂ ਮੱਕੀ, ਕਿਸੇ ਤੋਂ ਜੌਂਅ, ਕਿਸੇ ਤੋਂ ਸੂਰਜਮੁਖੀ, ਕਿਸੇ ਤੋਂ ਪਰਾਲੀ, ਕਿਸੇ ਤੋਂ ਮੂੰਗਫਲੀ ਲਏ ਜਾ ਸਕਦੇ ਹਨ। ਕੁਝ ਕੁ ਫ਼ਸਲਾਂ ਨੂੰ ਆਪ ਖ਼ਰੀਦਣ ਦੀ ਨੀਤੀ ਬਗ਼ੈਰ ਕਿਸੇ ਦੇਰੀ ਦੇ ਅਪਣਾ ਲੈਣੀ ਚਾਹੀਦੀ ਹੈ ਕਿਉਂ ਜੋ ਇਹ ਸਭ ਲੋੜੀਂਦੀਆਂ ਵਸਤੂਆਂ ਪੰਜਾਬ ਅਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਹੀ ਵਿਕ ਸਕਦੀਆਂ ਹਨ ਅਤੇ ਇਸ ਯਕੀਨੀ ਮੰਡੀਕਰਨ ਦੇ ਬਹੁਤ ਚੰਗੇ ਸਿੱਟੇ ਪ੍ਰਾਪਤ ਹੋ ਸਕਦੇ ਹਨ।

# ਔਰਤਾਂ ਖ਼ਿਲਾਫ਼ ਅਪਰਾਧ ; ਹਰ ਪੱਧਰ ’ਤੇ ਠੋਸ ਕਦਮ ਚੁੱਕੇ ਜਾਣ ਦੀ ਲੋੜ

**ਲਿਖਤ : ਜਗਜੀਤ ਸਿੰਘ**

ਜ਼ਿਲ੍ਹਾ ਅਦਾਲਤਾਂ ਦੇ ਰਾਸ਼ਟਰੀ ਸੰਮੇਲਨ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਔਰਤਾਂ ਖ਼ਿਲਾਫ਼ ਹੋਣ ਵਾਲੇ ਅਪਰਾਧਾਂ ਵੱਲ ਧਿਆਨ ਦਿਵਾ ਕੇ ਬਿਲਕੁਲ ਸਹੀ ਕੀਤਾ। ਇਹ ਅਪਰਾਧ ਇਸ ਲਈ ਵੱਧ ਗੰਭੀਰ ਚਿੰਤਾ ਦਾ ਕਾਰਨ ਹਨ ਕਿਉਂਕਿ ਅਨੇਕ ਕੋਸ਼ਿਸ਼ਾਂ ਤੋਂ ਬਾਅਦ ਵੀ ਇਨ੍ਹਾਂ ’ਚ ਕਮੀ ਆਉਂਦੀ ਨਹੀਂ ਦਿਖਾਈ ਦੇ ਰਹੀ ਹੈ। ਕੋਲਕਾਤਾ ਦੇ ਆਰਜੀ ਕਰ ਮੈਡੀਕਲ ਕਾਲਜ ਦੇ ਹਸਪਤਾਲ ’ਚ ਟ੍ਰੇਨੀ ਮਹਿਲਾ ਡਾਕਟਰ ਦੀ ਜਬਰ ਜਨਾਹ ਤੋਂ ਬਾਅਦ ਹੱਤਿਆ ਨੇ ਸਾਰੇ ਦੇਸ਼ ਨੂੰ ਗੁੱਸੇ ਨਾਲ ਭਰ ਦਿੱਤਾ ਪਰ ਇਸ ਤੋਂ ਬਾਅਦ ਵੀ ਜਬਰ ਜਨਾਹ ਦੇ ਮਾਮਲੇ ਰੁਕਦੇ ਨਹੀਂ ਦਿਖਾਈ ਦੇ ਰਹੇ।

ਕੋਲਕਾਤਾ ਦੀ ਘਟਨਾ ਸਬੰਧੀ ਹਰ ਪੱਧਰ ’ਤੇ ਰੋਸ ਤੇ ਗੁੱਸੇ ਤੋਂ ਬਾਅਦ ਵੀ ਦੇਸ਼ ਦੇ ਹਰ ਹਿੱਸੇ ’ਚ ਜਬਰ ਜਨਾਹ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਇਨ੍ਹਾਂ ਘਟਨਾਵਾਂ ਦੀ ਗਿਣਤੀ ਕਰਨਾ ਵੀ ਮੁਸ਼ਕਲ ਹੈ। ਸਥਿਤੀ ਇਹ ਹੈ ਕਿ ਜਬਰ ਜਨਾਹ ਕਰਨ ਵਾਲੇ ਬੱਚੀਆਂ ਤੱਕ ਨੂੰ ਨਿਸ਼ਾਨਾ ਬਣਾ ਰਹੇ ਹਨ। ਕੋਲਕਾਤਾ ਦੇ ਨਾਲ ਦੇਸ਼ ਦੇ ਹੋਰ ਖੇਤਰਾਂ ’ਚ ਜਬਰ ਜਨਾਹ ਦੀਆਂ ਘਟਨਾਵਾਂ ਨੂੰ ਦੇਖਦੇ ਹੋਏ ਕਾਨੂੰਨਾਂ ਨੂੰ ਸਖ਼ਤ ਕਰਨ ਤੇ ਅਪਰਾਧੀਆਂ ਨੂੰ ਸਖ਼ਤ ਸਜ਼ਾ ਦੇਣ ਦੀ ਜੋ ਮੰਗ ਕੀਤੀ ਜਾ ਰਹੀ ਹੈ, ਉਸ ਦੀ ਪੂਰਤੀ ਕੀਤੀ ਹੀ ਜਾਣੀ ਚਾਹੀਦੀ ਹੈ, ਪਰ ਇਸ ਦੇ ਨਾਲ ਇਸ ਦੀ ਵੀ ਲੋੜ ਹੈ ਕਿ ਔਰਤਾਂ ਖ਼ਿਲਾਫ਼ ਹੋਣ ਵਾਲੇ ਅਪਰਾਧਾਂ ਦੇ ਮਾਮਲਿਆਂ ’ਚ ਤੁਰੰਤ ਇਨਸਾਫ਼ ਹੋਵੇ। ਇਸ ਸੰਦਰਭ ’ਚ ਪ੍ਰਧਾਨ ਮੰਤਰੀ ਦੇ



ਇਸ ਵਿਚਾਰ ਨਾਲ ਅਸਹਿਮਤ ਨਹੀਂ ਹੋਇਆ ਜਾ ਸਕਦਾ ਕਿ ਇਨਸਾਫ਼ ਜਿੰਨੀ ਤੇਜ਼ੀ ਨਾਲ ਮਿਲੇਗਾ, ਔਰਤਾਂ ਨੂੰ ਆਪਣੀ ਸੁਰੱਖਿਆ ਸਬੰਧੀ ਓਨਾ ਹੀ ਵੱਧ ਯਕੀਨ ਹੋਵੇਗਾ। ਏਨਾ ਹੀ ਨਹੀਂ, ਇਸ ਨਾਲ ਔਰਤਾਂ ਖ਼ਿਲਾਫ਼ ਅਪਰਾਧਾਂ ਨੂੰ ਅੰਜਾਮ ਦੇਣ ਵਾਲੇ ਤੱਤਾਂ ਦੇ ਮਨ ’ਚ ਡਰ ਦਾ ਸੰਚਾਰ ਵੀ ਹੋਵੇਗਾ। ਇਹ ਇਕ ਤੱਥ ਹੈ ਕਿ ਜਦ ਅਪਰਾਧੀਆਂ ਨੂੰ ਜਲਦ ਸਖ਼ਤ ਸਜ਼ਾ ਮਿਲਦੀ ਹੈ, ਤਾਂ ਉਨ੍ਹਾਂ ’ਚ ਡਰ ਪੈਦਾ ਹੁੰਦਾ ਹੈ। ਔਰਤਾਂ ਨਾਲ ਦਰਿੰਦਗੀ ਕਰਨ ਵਰਗੇ ਅਪਰਾਧਾਂ ’ਚ ਸ਼ਾਮਲ ਤੱਤਾਂ ਨੂੰ ਜਿੰਨੀ ਜਲਦੀ ਸੰਭਵ ਹੋਵੇ, ਸਖ਼ਤ ਸਜ਼ਾ ਦਿੱਤੀ ਜਾਣੀ ਯਕੀਨੀ ਬਣਾਉਣ ਦੇ ਨਾਲ ਹੀ ਇਹ ਵੀ ਦੇਖਿਆ ਜਾਣਾ ਚਾਹੀਦਾ ਹੈ ਕਿ ਇਸ ਗੰਦੀ ਮਾਨਸਿਕਤਾ ਦਾ ਹੱਲ ਕਿਵੇਂ ਹੋਵੇ, ਜਿਸ ਕਾਰਨ ਔਰਤਾਂ ਨੂੰ ਗ਼ਲਤ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ ਤੇ ਜਿਸ ਕਾਰਨ ਜਬਰ ਜਨਾਹ ਵਰਗੇ ਅਪਰਾਧ ਹੁੰਦੇ ਹਨ।

ਇਸ ਮਾਨਸਿਕਤਾ ਨੂੰ ਦੂਰ ਕਰਨ ਦਾ ਕੰਮ ਸਮਾਜ ਨੂੰ ਕਰਨਾ ਪਵੇਗਾ ਤੇ ਇਸ ਦੀ ਸ਼ੁਰੂਆਤ ਘਰ-ਪਰਿਵਾਰ ਤੋਂ ਕਰਨੀ ਪਵੇਗੀ। ਬੱਚਿਆਂ ਤੇ ਨੌਜਵਾਨਾਂ ਨੂੰ ਇਸ ਦੀ ਘੁੱਟੀ ਪਿਲਾਉਣੀ ਪਵੇਗੀ ਕਿ ਉਹ ਕੁੜੀਆਂ ਤੇ ਔਰਤਾਂ ਦੀ ਇੱਜ਼ਤ ਕਰਨਾ ਸਿੱਖਣ। ਇਹ ਠੀਕ ਹੈ ਕਿ ਕੁੜੀਆਂ ਨੂੰ ਤਰ੍ਹਾਂ-ਤਰ੍ਹਾਂ ਦੀ ਸਿੱਖਿਆ ਦਿੱਤੀ ਜਾਂਦੀ ਹੈ, ਪਰ ਅਜਿਹੀ ਹੀ ਸਿੱਖਿਆ ਮੁੰਡਿਆਂ ਨੂੰ ਵੀ ਦਿੱਤੀ ਜਾਣੀ ਚਾਹੀਦੀ ਹੈ। ਇਸ ’ਚ ਮਾਤਾ-ਪਿਤਾ, ਪਰਿਵਾਰ ਦੇ ਹੋਰ ਮੈਂਬਰਾਂ ਦੇ ਨਾਲ-ਨਾਲ ਅਧਿਆਪਕਾਂ ਦੀ ਭੂਮਿਕਾ ਵੀ ਮਹੱਤਵਪੂਰਨ ਹੋ ਜਾਂਦੀ ਹੈ। ਸਮਾਜ ਨੂੰ ਉਨ੍ਹਾਂ ਤੱਤਾਂ ਪ੍ਰਤੀ ਵੀ ਚੌਕਸੀ ਵਧਾਉਣੀ ਪਵੇਗੀ, ਜੋ ਔਰਤਾਂ ਦੀ ਸੁਰੱਖਿਆ ਤੇ ਸਨਮਾਨ ਲਈ ਸੰਭਾਵਿਤ ਖ਼ਤਰਾ ਬਣਦੇ ਹੋਏ ਦਿਖਾਈ ਦਿੰਦੇ ਹਨ।

ਅਜਿਹੇ ਤੱਤਾਂ ਬਾਰੇ ਪੁਲਿਸ ਨੂੰ ਲਗਾਤਾਰ ਸੂਚਨਾ ਦਿੱਤੀ ਜਾਣੀ ਚਾਹੀਦੀ ਹੈ। ਸਮਾਜ ਅਜਿਹਾ ਕਰਨ ਲਈ ਤਿਆਰ ਰਹੇ, ਇਸ ਲਈ ਪੁਲਿਸ ਨੂੰ ਸਹਿਯੋਗ ਕਰਨ ਦੇ ਨਾਲ ਹੀ ਸੰਵੇਦਨਸ਼ੀਲ ਵੀ ਬਣਨਾ ਪਵੇਗਾ। ਸਮਾਜ ਦੇ ਹਿੱਸੇ ’ਚ ਇਕ ਜ਼ਰੂਰੀ ਕੰਮ ਇਹ ਵੀ ਹੈ ਕਿ ਉਹ ਔਰਤਾਂ ਦੇ ਸਸ਼ਕਤੀਕਰਨ ਸਬੰਧੀ ਹੋਰ ਵੱਧ ਸਰਗਰਮ ਹੋਵੇ। ਹੁਣ ਜਾਗਣ ਦਾ ਵੇਲਾ ਹੈ ਕਿਉਂਕਿ ਔਰਤਾਂ ਪ੍ਰਤੀ ਹਿੰਸਾ ਬਰਦਾਸ਼ਤ ਤੋਂ ਬਾਹਰ ਹੁੰਦੀ ਜਾ ਰਹੀ ਹੈ। ਅਜਿਹੇ ਵਿਚ ਜ਼ਰੂਰੀ ਹੋ ਜਾਂਦਾ ਹੈ ਕਿ ਹਰ ਪੱਧਰ ’ਤੇ ਠੋਸ ਕਦਮ ਚੁੱਕੇ ਜਾਣ।

## ਅਣਗਿਣਤ ਜਾਨਾਂ ਦੇ ਕਾਤਲ ਬਣ ਰਹੇ ਹਨ

# ਮਿਲਾਵਟਖੋਰ

ਲਿਖਤ : ਸੰਜੀਵ ਸਿੰਘ ਸੈਣੀ
ਸੰਪਰਕ : 78889 - 66168




ਜਿਸ ਕੋਲ ਸਮਝ ਹੁੰਦੀ ਹੈ, ਉਸ ਨੂੰ ਆਪਣੇ ਚੰਗੇ-ਮਾੜੇ ਦਾ ਪਤਾ ਹੁੰਦਾ ਹੈ। ਜੇ ਪੁਰਾਣੇ ਵੇਲਿਆਂ ਦੀ ਗੱਲ ਕਰੀਏ ਤਾਂ ਉਸ ਸਮੇਂ ਸੀਮਤ ਸਾਧਨ ਸਨ, ਲੋਕਾਂ ਵਿੱਚ ਆਪਸੀ ਪਿਆਰ ਸੀ। ਮਿਲਾਵਟ ਬਿਲਕੁਲ ਹੀ ਨਹੀਂ ਸੀ। ਕਹਿਣ ਦਾ ਭਾਵ ਹੈ ਕਿ ਹਵਾ, ਪਾਣੀ, ਕੋਈ ਵੀ ਖਾਣ ਵਾਲੀ ਚੀਜ਼ ਸ਼ੁੱਧ ਮਿਲ ਜਾਂਦੀ ਸੀ। ਕਿਸੇ ਨੂੰ ਪਤਾ ਹੀ ਨਹੀਂ ਸੀ ਹੁੰਦਾ ਕਿ ਮਿਲਾਵਟ ਕੀ ਹੁੰਦੀ ਹੈ? ਜੋ ਪਰਿਵਾਰ ਉਸ ਸਮੇਂ ਦੁੱਧ ਵੇਚਦੇ ਸਨ, ਉਹ ਸਾਫ਼ ਸੁਥਰਾ ਸ਼ੁੱਧ ਦੁੱਧ ਵੇਚਦੇ ਸਨ। ਜੇ ਕੋਈ ਦੁੱਧ ਵਿੱਚ ਪਾਣੀ ਵੀ ਪਾਉਣਾ ਚਾਹੁੰਦਾ ਸੀ, ਉਹ ਵੀ ਘਰ ਦਾ ਸ਼ੁੱਧ ਪਾਣੀ ਪਾ ਕੇ ਹੀ ਦੁੱਧ ਵੇਚਦੇ ਸਨ। ਪਰ ਅੱਜ ਦੇ ਸਮੇਂ ਵਿੱਚ ਮਿਲਾਵਟ ਦਾ ਬਹੁਤ ਜ਼ਿਆਦਾ ਦਬਦਬਾ ਹੈ। ਜੋ ਕੰਮ ਕਰਨ ਲਈ ਪਰਮਾਤਮਾ ਨੇ ਇਨਸਾਨ ਨੂੰ ਧਰਤੀ 'ਤੇ ਭੇਜਿਆ ਸੀ, ਅੱਜ ਦਾ ਇਨਸਾਨ ਆਪਣੇ ਨਿੱਜੀ ਸਵਾਰਥਾਂ ਖਾਤਿਰ ਉਸ ਤੋਂ ਉਲਟ ਕਰ ਰਿਹਾ ਹੈ। ਮਿਲਾਵਟ ਦਾ ਕਹਿਰ ਵਧਦਾ ਜਾ ਰਿਹਾ ਹੈ। ਇਸ ਗੋਰਖ ਧੰਦੇ ਨੇ ਪਤਾ ਨਹੀਂ ਕਿੰਨੇ ਹੀ ਇਨਸਾਨਾਂ ਦੀ ਜਾਨ ਲੈ ਲਈ ਹੈ। ਕੋਈ ਵੀ ਖਾਣ-ਪੀਣ ਦੀ ਚੀਜ਼ ਲੈ ਲਵੋ, ਅੱਜ ਦੇ ਸਮੇਂ ਉਹ ਸ਼ੁੱਧ ਨਹੀਂ ਹੈ। ਚਾਹੇ ਉਹ ਦੁੱਧ ਲੈ ਲਓ, ਦੇਸੀ ਘਿਉ ਲੈ ਲਵੋ, ਮਿਠਾਈਆਂ ਲੈ ਲਵੋ ਜਾਂ ਦਵਾਈਆਂ ਲੈ ਲਵੋ, ਹਰ ਚੀਜ਼ ਮਿਲਾਵਟ ਨਾਲ ਬਾਜ਼ਾਰ ਵਿੱਚ ਵਿਕ ਰਹੀ ਹੈ। ਨਾਮੀ ਕੰਪਨੀਆਂ ਦੇ ਮਾਰਕਾ ਲਗਾ ਕੇ ਕਈ ਵਾਰ ਬੰਦ ਡੱਬਿਆਂ ਵਿੱਚ ਮਿਲਾਵਟ ਬਹੁਤ ਜ਼ਿਆਦਾ ਦੇਖੀ ਜਾ ਸਕਦੀ ਹੈ। ਕਹਿਣ ਦਾ ਭਾਵ ਹੈ ਕਿ ਅੱਜ ਦਾ ਇਨਸਾਨ ਨਿਰਾ ਜ਼ਹਿਰ ਖਾ ਰਿਹਾ ਹੈ।

ਹਾਲ ਹੀ ਵਿੱਚ ਵਿਸ਼ਵ ਸੰਗਠਨ ਦੀ ਨਸ਼ਰ ਹੋਈ ਰਿਪੋਰਟ ਮੁਤਾਬਕ 60 ਕਰੋੜ ਲੀਟਰ ਤੋਂ ਵੱਧ ਭਾਰਤ ਵਿੱਚ ਦੁੱਧ ਦੀ ਵਿਕਰੀ ਹੁੰਦੀ ਹੈ। ਜਿਸ ਵਿੱਚ 45 ਕਰੋੜ ਲੀਟਰ ਤੋਂ ਜ਼ਿਆਦਾ ਮਿਲਾਵਟੀ ਹੁੰਦਾ ਹੈ। ਸਭ ਤੋਂ ਮਿਲਾਵਟੀ ਦੁੱਧ ਦੇ ਮਾਮਲੇ ਉੱਤਰ ਪ੍ਰਦੇਸ਼ ਵਿੱਚ ਫੜੇ ਗਏ ਹਨ। ਦੁੱਧ ਤੋਂ ਬਣਿਆ ਪਨੀਰ, ਦਹੀਂ, ਖੋਆ, ਬਿਸਕੁਟ ਦੇ ਜਦੋਂ ਸੈਂਪਲ ਭਰੇ ਗਏ ਤਾਂ ਸਾਰੇ ਹੀ ਮਿਲਾਵਟੀ ਦੁੱਧ ਨਾਲ ਬਣੇ ਪਾਏ ਗਏ। ਉੱਧਰ ਵਿਸ਼ਵ ਸੰਗਠਨ ਨੇ ਭਾਰਤ ਸਰਕਾਰ ਨੂੰ ਚਿਤਾਵਣੀ ਵੀ ਦੇ ਦਿੱਤੀ ਹੈ ਕਿ ਜੇ ਮਿਲਾਵਟੀ ਦੁੱਧ ਦਾ ਕਾਰੋਬਾਰ ਨਾ ਰੋਕਿਆ ਗਿਆ ਤਾਂ ਭਾਰਤ ਜਲਦੀ ਹੀ ਨਾ ਮੁਰਾਦ ਬਿਮਾਰੀ ਕੈਂਸਰ ਦਾ ਸ਼ਿਕਾਰ ਹੋ ਜਾਵੇਗਾ। ਹਾਲਾਂਕਿ ਉੱਤਰ ਪ੍ਰਦੇਸ਼ ਵਿੱਚ ਮਿਲਾਵਟਖੋਰਾਂ ਖ਼ਿਲਾਫ਼ ਸਖ਼ਤ ਕਾਰਵਾਈ ਵੀ ਕੀਤੀ ਜਾ ਰਹੀ ਹੈ। ਹਰ ਸੂਬੇ ਵਿੱਚ ਮਿਲਾਵਟ ਦਾ ਬੋਲਬਾਲਾ ਹੈ, ਚਾਹੇ ਉਹ ਕੇਰਲ, ਤਮਿਲਨਾਡੂ, ਪੰਜਾਬ, ਹਿਮਾਚਲ ਪ੍ਰਦੇਸ਼ ਹਰਿਆਣਾ ਜਾਂ ਰਾਜਸਥਾਨ ਕਿਉਂ ਨਾ ਹੋਵੇ। ਹਰ ਸੂਬੇ ਵਿੱਚ ਮਿਲਾਵਟ ਸਿਖਰਾਂ 'ਤੇ ਹੈ। ਦੁਧਾਰੂ ਪਸ਼ੂਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ।

ਮਾਹਿਰਾਂ ਮੁਤਾਬਕ ਜੋ ਮਿਲਾਵਟ ਵਾਲਾ ਦੁੱਧ ਹੁੰਦਾ ਹੈ ਉਹ ਲਿਵਰ, ਪੇਟ ਦੀਆਂ ਅੰਤੜੀਆਂ ਵਿੱਚ ਹੌਲੀ ਹੌਲੀ ਜੰਮਣਾ ਸ਼ੁਰੂ ਹੋ ਜਾਂਦਾ ਹੈ ਤੇ ਫਿਰ ਘਾਤਕ ਬਿਮਾਰੀਆਂ ਸਰੀਰ ਨੂੰ ਘੇਰ ਲੈਂਦੀਆਂ ਹਨ। ਬੱਚਿਆਂ ਦਾ ਸਰੀਰਿਕ ਵਿਕਾਸ ਰੁਕਣਾ ਸ਼ੁਰੂ ਹੋ ਜਾਂਦਾ ਹੈ। ਸਮੇਂ ਤੋਂ ਪਹਿਲਾਂ ਕੁੜੀਆਂ ਵਿੱਚ ਮਹੀਨਾ ਆਉਣਾ ਸ਼ੁਰੂ ਹੋ ਜਾਂਦਾ ਹੈ। ਔਰਤਾਂ ਵਿੱਚ ਜਲਦੀ ਹੀ ਮਹੀਨਾ ਆਉਣਾ ਬੰਦ ਵੀ ਹੋ ਜਾਂਦਾ ਹੈ। ਔਰਤਾਂ ਵਿੱਚ ਹਾਰਮੋਨ ਅਸੰਤੁਲਿਤ ਹੋਣੇ ਸ਼ੁਰੂ ਹੋ ਜਾਂਦੇ ਹਨ।

ਅੱਜ ਇਨਸਾਨ ਅਨੇਕਾਂ ਹੀ ਬਿਮਾਰੀਆਂ ਨਾਲ ਘਿਰਿਆ ਹੋਇਆ ਹੈ। ਖ਼ਬਰਾਂ ਸੁਣਨ ਨੂੰ ਮਿਲਦੀਆਂ ਹਨ ਕਿ ਛੋਟੀ ਉਮਰ ਵਿੱਚ ਹੀ ਕਈ ਬੱਚੇ ਅਨੇਕਾਂ ਨਾਮੁਰਾਦ ਬਿਮਾਰੀਆਂ ਨਾਲ ਪੀੜਿਤ ਹਨ। ਜੇ ਅਸੀਂ ਸਾਫ਼ ਸੁਥਰਾ ਤੇ ਵਧੀਆ ਖਾਣਾ ਖਾਵਾਂਗੇ ਤਾਂ ਹੀ ਤੰਦਰੁਸਤ ਰਹਿ ਸਕਦੇ ਹਾਂ। ਜੇ ਤੰਦਰੁਸਤ ਰਹਾਂਗੇ ਤਾਂ ਹੀ ਅਸੀਂ ਆਪਣੇ ਕੰਮ ਕਾਜ ਕਰ ਸਕਾਂਗੇ। ਮਿਲਾਵਟੀ ਚੀਜ਼ਾਂ ਖਾਣ ਨਾਲ ਤਾਂ ਹਰ ਰੋਜ਼ ਕਿਸੇ ਨਾ ਕਿਸੇ ਬਿਮਾਰੀ ਕਾਰਨ ਪੀੜਤ ਰਹਾਂਗੇ। ਹਰ ਰੋਜ਼ ਡਾਕਟਰ ਜਾਂ ਮੈਡੀਕਲ ਲੈਬ ਦੇ ਚੱਕਰ ਹੀ ਲਗਾਉਂਦੇ ਰਹਾਂਗੇ। ਪਰ ਅੱਜ ਦੇ ਸਮੇਂ ਵਿੱਚ ਮਿਲਾਵਟ ਬਹੁਤ ਵੱਡੀ ਚੁਣੌਤੀ ਬਣ ਗਈ ਹੈ। ਮੈਡੀਕਲ ਸਟੋਰਾਂ ਤੇ ਨਕਲੀ ਦਵਾਈਆਂ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ। ਪਤਾ ਨਹੀਂ ਕਿੰਨੀਆਂ ਹੀ ਕੰਪਨੀਆਂ ਇੱਕ ਤਰ੍ਹਾਂ ਦੀ ਦਵਾਈਆਂ ਬਣਾ ਕੇ ਬਾਜ਼ਾਰ ਵਿੱਚ ਉਤਾਰ ਦਿੰਦੀਆਂ ਹਨ। ਬੇਈਮਾਨੀ ਤੇ ਪੈਸੇ ਦੇ ਲਾਲਚੀ ਲੋਕਾਂ ਵੱਲੋਂ ਆਮ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਆਮ ਤੌਰ 'ਤੇ ਸਿਹਤ ਵਿਭਾਗ ਤਿਉਹਾਰਾਂ ਦੇ ਸੀਜ਼ਨ ਵਿੱਚ ਹੀ ਸਰਗਰਮ ਹੁੰਦਾ ਹੈ। ਤਿਉਹਾਰਾਂ ਦੇ ਸੀਜ਼ਨ ਵਿੱਚ ਨਕਲੀ ਮਿਠਿਆਈਆਂ, ਖੋਆ ਕੁਇੰਟਲਾਂ ਦੇ ਹਿਸਾਬ ਨਾਲ ਫੜਿਆ ਜਾਂਦਾ ਹੈ। ਹਰ ਰੋਜ਼ ਸਿਹਤ ਮਹਿਕਮਾ ਟੀਮਾਂ ਬਣਾਕੇ ਵੱਖ-ਵੱਖ ਸ਼ਹਿਰਾਂ, ਕਸਬਿਆਂ ਵਿੱਚ ਭੇਜਦਾ ਹੈ। ਖਾਣ-ਪੀਣ ਵਾਲੀਆਂ ਵਸਤਾਂ ਦੇ ਸੈਂਪਲ ਭਰੇ ਜਾਂਦੇ ਹਨ। ਇਹ ਜ਼ਿਆਦਾਤਰ ਤਿਉਹਾਰਾਂ ਦੇ ਸੀਜ਼ਨ ਦੌਰਾਨ ਹੀ ਹੁੰਦਾ ਹੈ। ਹਰ ਸ਼ਹਿਰ ਵਿੱਚ ਸ਼ਾਮ ਨੂੰ ਕਈ ਜਗ੍ਹਾ 'ਤੇ ਜੰਕ ਫੂਡ ਦੀਆਂ ਰੇਹੜੀਆਂ ਲੱਗਦੀਆਂ ਹਨ। ਇਹ ਰੇਹੜੀਆਂ ਵਾਲੇ ਨਕਲੀ ਰਿਫਾਇੰਡ ਦੀ ਮਦਦ ਨਾਲ ਤਰ੍ਹਾਂ ਤਰ੍ਹਾਂ ਦੇ ਜੰਕ ਫੂਡ ਲੋਕਾਂ ਨੂੰ ਪਰੋਸ ਰਹੇ ਹਨ। ਲੋਕਾਂ ਦੀ ਸਿਹਤ ਨਾਲ ਖਿਲਵਾੜ ਹੋ ਰਿਹਾ ਹੈ। ਫਿਰ ਉਨ੍ਹਾਂ ਦੇ ਖ਼ਿਲਾਫ਼ ਵਿਭਾਗੀ ਕਾਰਵਾਈ ਵੀ ਹੁੰਦੀ ਹੈ। ਵਿਚਾਰਨ ਵਾਲੀ ਗੱਲ ਹੈ ਕਿ ਖਾਣ-ਪੀਣ ਦੇ ਸ਼ੌਕੀਨ ਤਾਂ ਹਰ ਰੋਜ਼ ਹੀ ਕੁਝ ਨਾ ਕੁਝ ਖਾਣ ਪੀਣ ਵਾਲੀ ਵਸਤਾਂ ਦੁਕਾਨਾਂ ਮਿਠਾਈਆਂ ਦੀ ਦੁਕਾਨਾਂ ਤੋਂ ਲੈ ਕੇ ਖਾਂਦੇ ਹਨ। ਇਹ ਜਾਂਚ-ਪੜਤਾਲ ਸਿਰਫ਼ ਤਿਉਹਾਰਾਂ ਦੇ ਸੀਜ਼ਨ ਵਿੱਚ ਹੀ ਕਿਉਂ, ਸਾਰਾ ਸਾਲ ਕਿਉਂ ਨਹੀਂ ਕੀਤੀ ਜਾਂਦੀ?

ਜੋ ਪਿੰਡਾਂ ਵਿੱਚੋਂ ਦੁੱਧ ਲੈ ਕੇ ਦੋਧੀ ਸ਼ਹਿਰ ਵੱਲ ਜਾਂਦੇ ਹਨ, ਇਨ੍ਹਾਂ ਦੇ ਹਰ ਹਫਤੇ ਡੇਅਰੀ ਵਿਭਾਗ ਵੱਲੋਂ ਕੈਂਪ ਲਗਾ ਕੇ ਨਮੂਨੇ ਭਰਨੇ ਚਾਹੀਦੇ ਹਨ। ਬਣਦੀ ਕਾਰਵਾਈ ਕਰਨੀ ਚਾਹੀਦੀ ਹੈ। ਜੋ ਡੇਅਰਿਆਂ ਤੇ ਨਕਲੀ ਦੁੱਧ, ਖੋਆ, ਪਨੀਰ ਮਿਲਦਾ ਹੈ, ਉਸ ਦੀ ਵੀ ਜਾਂਚ ਪੜਤਾਲ ਕਰਨੀ ਚਾਹੀਦੀ ਹੈ।

ਪਿੱਛੇ ਜਿਹੇ ਖ਼ਬਰ ਪੜ੍ਹਨ ਨੂੰ ਮਿਲੀ ਸੀ ਕਿ ਦਿੱਲੀ ਵਿਖੇ ਤਕਰੀਬਨ ਪਿਛਲੇ 20 ਸਾਲਾਂ ਤੋਂ ਬਿਨਾਂ ਦੁੱਧ ਤੋਂ ਵੱਖ ਵੱਖ ਰਸਾਇਣਕ ਤੱਤਾਂ, ਤੇ ਜਾਨਵਰਾਂ ਦੀ ਚਰਬੀ ਨਾਲ ਦੇਸੀ ਘਿਓ ਤਿਆਰ ਕਰਨ ਵਾਲੀ ਫੈਕਟਰੀ 'ਤੇ ਛਾਪਾ ਮਾਰਿਆ ਗਿਆ। ਪਤਾ ਨਹੀਂ ਕਿੰਨੇ ਲੋਕਾਂ ਨੇ ਅਜਿਹਾ ਨਿਰਾ ਜ਼ਹਿਰ ਖਾਇਆ ਹੋਣਾ ਹੈ। ਆਮ ਤੌਰ 'ਤੇ ਜੋ ਦੋਧੀ ਦੁੱਧ ਪਾਉਂਦੇ ਹਨ, ਉਹ ਵੀ ਤਰ੍ਹਾਂ ਤਰ੍ਹਾਂ ਦੇ ਪਾਊਡਰ ਮਿਲਾ ਕੇ ਦੁੱਧ ਵੇਚ ਰਹੇ ਹਨ। ਐੱਫਐੱਸਐੱਸਏਆਈ ਦੀ ਰਿਪੋਰਟ ਮੁਤਾਬਕ ਖ਼ੁਲਾਸਾ ਹੋਇਆ ਹੈ ਕਿ ਦੁੱਧ ਵਿੱਚ ਅਰਾਰੋਟ, ਰੰਗ, ਮਿਲਕ ਪਾਊਡਰ, ਗੁਲੂਕੋਜ਼, ਕੱਪੜੇ ਧੋਣ ਵਾਲਾ ਪਾਊਡਰ ਮਿਲਾਇਆ ਜਾਂਦਾ ਹੈ। ਸੁਣਨ ਵਿੱਚ ਆਉਂਦਾ ਹੈ ਕਿ ਨਕਲੀ ਦੁੱਧ ਵਿੱਚ ਵਾਸ਼ਿੰਗ ਪਾਊਡਰ ਤੇ ਹੋਰ ਜ਼ਹਿਰੀਲੇ ਤੱਤ ਮਿਲਾ ਕੇ ਉਸ ਨੂੰ ਪਰੋਸਿਆ ਜਾ ਰਿਹਾ ਹੈ। ਮਠਿਆਈ ਖਾਣ ਦਾ ਤਾਂ ਅੱਜਕਲ ਬਿਲਕੁਲ ਵੀ ਧਰਮ ਨਹੀਂ ਹੈ। ਤਿਉਹਾਰਾਂ ਦੇ ਸੀਜ਼ਨ ਵਿੱਚ ਤਰ੍ਹਾਂ-ਤਰ੍ਹਾਂ ਦੇ ਮਠਿਆਈਆਂ ਵਿੱਚ ਰੰਗ ਲਗਾ ਕੇ ਨਕਲੀ ਮਠਿਆਈਆਂ ਨਾਲ ਦੁਕਾਨਾਂ ਸਜ ਜਾਂਦੀਆਂ ਹਨ। ਮਿਲਾਵਟੀ ਚੀਜ਼ਾਂ ਖਾਣ ਨਾਲ ਅੱਜ ਲੋਕ ਕੈਂਸਰ, ਬਲੱਡ ਪ੍ਰੈਸ਼ਰ, ਦਮਾ, ਸ਼ੂਗਰ ਹੋਰ ਵੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਮੁਨਾਫਾਖੋਰਾਂ ਤੇ ਸਰਕਾਰ ਨੂੰ ਸਖ਼ਤੀ ਨਾਲ ਪੇਸ਼ ਆਉਣਾ ਚਾਹੀਦਾ ਹੈ। ਅਜਿਹੇ ਲੋਕਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ਤਾਂ ਜੋ ਹੋਰਾਂ ਨੂੰ ਵੀ ਕੰਨ ਹੋ ਜਾਣ।

---

# ਨਸ਼ਾ, ਕਾਰਨ ਅਤੇ ਬਚਾਅ

ਲੇਖਕ ਡਾ. ਸ਼ਵਿੰਦਰ ਸਿੰਘ ਗਿੱਲ

ਮੌਜੂਦਾ ਦੌਰ ਵਿਚ ਪੰਜਾਬ ਨੂੰ ਬਹੁਪੱਖੀ ਸੰਕਟ ਦਰਪੇਸ਼ ਹਨ। ਇਨ੍ਹਾਂ ਸੰਕਟਾਂ ਕਾਰਨ ਨਾ ਕੇਵਲ ਪੰਜਾਬ ਦਾ ਸਮੁੱਚਾ ਸਮਾਜਿਕ ਅਤੇ ਆਰਥਿਕ ਤਾਣਾ-ਬਾਣਾ ਹੀ ਉਲਝ ਗਿਆ ਹੈ ਬਲਕਿ ਸਾਡੀ ਜਵਾਨੀ ਵੀ ਤਬਾਹੀ ਦੇ ਕਗਾਰ 'ਤੇ ਆ ਖੜ੍ਹੀ ਹੈ। ਕਿਸਾਨਾਂ-ਮਜ਼ਦੂਰਾਂ ਸਿਰ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ ਅਤੇ ਉਨ੍ਹਾਂ ਵਿਚ ਖ਼ੁਦਕੁਸ਼ੀਆਂ ਦਾ ਰੁਝਾਨ ਵਧਦਾ ਜਾ ਰਿਹਾ ਹੈ। ਨੌਜਵਾਨ ਨਸ਼ਿਆਂ ਵਿਚ ਗਲਤਾਨ ਹੁੰਦੇ ਜਾ ਰਹੇ ਹਨ। ਸਾਡੀ ਵੱਡੀ ਚਿੰਤਾ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੇ ਕਹਿਰ ਤੋਂ ਬਚਾਉਣ ਦੀ ਹੈ। ਪਿਛਲੇ ਡੇਢ-ਦੋ ਦਹਾਕਿਆਂ ਤੋਂ ਪੰਜਾਬ ਵਿਚ ਨਸ਼ਿਆਂ ਦੀ ਵਰਤੋਂ ਦਿਨ-ਬ-ਦਿਨ ਵਧਦੀ ਜਾ ਰਹੀ ਹੈ।

ਸਾਰੇ ਧਾਰਮਿਕ, ਸਮਾਜਿਕ ਅਤੇ ਸਿਆਸੀ ਆਗੂ ਨਸ਼ਿਆਂ ਦੇ ਰੁਝਾਨ ਨੂੰ ਠੱਲ੍ਹਣ ਵਿਚ ਅਸਮਰੱਥ ਸਿੱਧ ਹੋ ਰਹੇ ਹਨ। ਸਿਆਸੀ ਆਗੂਆਂ ਦੇ ਦਾਅਵੇ ਅਤੇ ਵਾਅਦੇ ਹਵਾ ਹੋ ਚੁੱਕੇ ਹਨ। ਨਸ਼ਿਆਂ ਖ਼ਿਲਾਫ਼ ਬਣਾਏ ਸਖ਼ਤ ਕਾਨੂੰਨ ਵੀ ਬੇਅਸਰ ਸਾਬਤ ਹੋ ਰਹੇ ਹਨ। ਨਸ਼ਿਆਂ ਕਾਰਨ ਪੈਦਾ ਹੋਈ ਮੌਜੂਦਾ ਸਥਿਤੀ ਦੇ ਕਾਰਨਾਂ ਨੂੰ ਡੂੰਘਾਈ ਵਿਚ ਜਾਣਨ ਨਾਲ ਹੀ ਇਸ 'ਤੇ ਕਾਬੂ ਪਾਉਣ ਲਈ ਸਾਰਥਿਕ ਵਿਉਂਤਬੰਦੀ ਕੀਤੀ ਜਾ ਸਕਦੀ ਹੈ। ਜਿੰਨਾ ਚਿਰ ਬਿਮਾਰੀ ਦੀ ਅਸਲ ਜੜ੍ਹ ਸਮਝ ਵਿਚ ਨਾ ਆਵੇ, ਓਨਾ ਚਿਰ ਉਸ ਦਾ ਸਹੀ ਇਲਾਜ ਵੀ ਨਹੀਂ ਹੋ ਸਕਦਾ।

ਇਸ ਸੰਦਰਭ ਵਿਚ ਕੁਝ ਗੱਲਾਂ ਵਿਚਾਰਨਯੋਗ ਹਨ। ਪਹਿਲਾਂ ਇਹ ਸਮਝਣ ਦੀ ਜ਼ਰੂਰਤ ਹੈ ਕਿ ਨੌਜਵਾਨਾਂ ਵਿਚ ਨਸ਼ਿਆਂ ਦੇ ਰੁਝਾਨ ਦੇ ਵਧਣ ਦਾ ਮੁੱਖ ਕਾਰਨ ਬੇਰੁਜ਼ਗਾਰੀ ਅਤੇ ਨਸ਼ਿਆਂ ਦਾ ਆਸਾਨੀ ਨਾਲ ਉਪਲੱਬਧ ਹੋਣਾ ਹੈ। ਸਰਕਾਰੀ ਅਤੇ ਗ਼ੈਰ ਸਰਕਾਰੀ ਖੇਤਰਾਂ ਵਿਚ ਰੁਜ਼ਗਾਰ ਦੇ ਮੌਕੇ ਲਗਾਤਾਰ ਘਟਦੇ ਜਾ ਰਹੇ ਹਨ। ਸਿੱਖਿਆ ਵੀ ਰੁਜ਼ਗਾਰਮੁਖੀ ਨਹੀਂ ਹੈ। ਖੇਤੀ ਖੇਤਰ ਵਿਚ ਵਧ ਗਏ ਮਸ਼ੀਨੀਕਰਨ ਨੇ ਖੇਤਾਂ ਤੋਂ ਵੱਡੀ ਗਿਣਤੀ ਨੌਜਵਾਨਾਂ ਨੂੰ ਵਿਹਲੇ ਕਰ ਦਿੱਤਾ ਹੈ। ਲਗਾਤਾਰ ਖੇਤੀ ਕਾਰਜਾਂ ਵਿਚ ਰੁਝੇਵੇਂ ਵਾਲਾ ਜਾਂ ਖੇਤੀ ਆਧਾਰਿਤ ਸਹਾਇਕ ਧੰਦਿਆਂ ਵਿਚ ਲਗਾਤਾਰ ਰੁੱਝੇ ਰਹਿਣ ਅਤੇ ਚੰਗੇ ਮੁਨਾਫ਼ੇ ਵਾਲਾ ਕੋਈ ਕਾਰਗਰ ਖੇਤੀ ਮਾਡਲ ਸਾਡੀਆਂ ਖੇਤੀਬਾੜੀ ਯੂਨੀਵਰਸਿਟੀਆਂ, ਖੇਤੀ ਸੰਸਥਾਵਾਂ ਜਾਂ ਸਰਕਾਰਾਂ ਹਾਲੇ ਤਕ ਪੇਸ਼ ਨਹੀਂ ਕਰ ਸਕੀਆਂ। ਇਸ ਸਥਿਤੀ ਨੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕਣ ਦਾ ਰਾਹ ਪੱਧਰਾ ਕੀਤਾ ਹੈ ਅਤੇ ਨਸ਼ਾ ਤਸਕਰ ਇਸ ਸਥਿਤੀ ਦਾ ਬਾਖ਼ੂਬੀ ਲਾਹਾ ਉਠਾ ਰਹੇ ਹਨ।

ਇਸੇ ਪ੍ਰਸੰਗ ਵਿਚ ਦੂਜੀ ਗੱਲ ਵਿਚਾਰਨ ਵਾਲੀ ਹੈ ਕਿ ਸੂਬੇ ਵਿਚ ਨਸ਼ਿਆਂ ਦੀ ਆਸਾਨੀ ਨਾਲ ਉਪਲੱਬਧਤਾ ਕਿਉਂ ਹੈ? ਸਖ਼ਤ ਕਾਨੂੰਨ ਦੇ ਬਾਵਜੂਦ ਨਸ਼ਿਆਂ ਦੀ ਵਿਕਰੀ ਧੜੱਲੇ ਨਾਲ ਕਿਉਂ ਜਾਰੀ ਹੈ? ਬਿਨਾਂ ਸ਼ੱਕ, ਇਸ ਦਾ ਕਾਰਨ ਸਿਆਸੀ ਆਗੂਆਂ, ਪੁਲੀਸ ਅਧਿਕਾਰੀਆਂ ਅਤੇ ਨਸ਼ਾ ਤਸਕਰਾਂ ਦਾ ਨਾਪਾਕ ਗੱਠਜੋੜ ਹੈ। ਇਹ ਗੱਠਜੋੜ ਇਸ ਕਰਕੇ ਹੈ ਕਿਉਂਕਿ ਇਸ ਕਾਰੋਬਾਰ ਵਿਚ ਅਸੀਮ ਮੁਨਾਫ਼ਾ ਹੈ। ਇਸ ਮੁਨਾਫ਼ੇ ਨੇ ਇਨ੍ਹਾਂ ਦਾ ਗੱਠਜੋੜ ਮਜ਼ਬੂਤ ਬਣਾ ਕੇ ਰੱਖਿਆ ਹੋਇਆ ਹੈ। ਇਹ ਮੁਨਾਫ਼ਾ ਹੀ ਸਿਆਸੀ ਆਗੂਆਂ ਨਸ਼ਾ ਤਸਕਰਾਂ, ਪੁਲੀਸ ਅਧਿਕਾਰੀਆਂ ਅਤੇ ਇਸ ਧੰਦੇ ਵਿਚ ਸ਼ਾਮਲ ਹੋਰ ਵਿਅਕਤੀਆਂ ਨੂੰ ਇਹ ਕਾਰੋਬਾਰ ਲਗਾਤਾਰ ਵਧਾਉਣ ਦਾ ਕਾਰਨ ਬਣ ਰਿਹਾ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਵੀ ਨਸ਼ਾ ਤਸਕਰਾਂ ਲਈ ਸੁਖਾਵੀਂ ਹੈ। ਅਫ਼ਗਾਨਿਸਤਾਨ ਅਤੇ ਪਾਕਿਸਤਾਨ ਤੋਂ ਨਸ਼ਾ ਆਸਾਨੀ ਨਾਲ ਸਮਗਲ ਹੋ ਕੇ ਆ ਰਿਹਾ ਹੈ। ਗੁਆਂਢੀ ਸੂਬੇ ਰਾਜਸਥਾਨ ਵਿਚ ਵੀ ਨਸ਼ੀਲੇ ਪਦਾਰਥਾਂ ਦੀ ਖੇਤੀ ਕਾਨੂੰਨੀ ਹੈ; ਉਥੋਂ ਵੀ ਨਸ਼ਾ ਪੰਜਾਬ ਵਿਚ ਆ ਰਿਹਾ ਹੈ। ਇਹੀ ਕਾਰਨ ਹੈ ਕਿ ਇਹ ਗ਼ੈਰ ਕਾਨੂੰਨੀ ਕਾਰੋਬਾਰ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਪਿੰਡ ਪੱਧਰ ਤਕ ਨਸ਼ਿਆਂ ਦਾ ਜਾਲ ਫੈਲਣ ਦਾ ਕਾਰਨ ਮਿਆਰੀ ਸਿਹਤ ਸਹੂਲਤਾਂ ਦੀ ਘਾਟ ਵੀ ਹੈ। ਸਿੱਟੇ ਵਜੋਂ ਝੋਲਾ ਛਾਪ ਅਖੌਤੀ ਡਾਕਟਰਾਂ ਦਾ ਬੋਲਬਾਲਾ ਹੈ। ਨਸ਼ਾ ਤਸਕਰਾਂ ਨੇ ਉਨ੍ਹਾਂ ਨੂੰ ਆਪਣੇ ਏਜੰਟ ਬਣਾ ਲਿਆ ਹੈ। ਉਹ ਗੋਲੀਆਂ, ਟੀਕਿਆਂ ਅਤੇ ਹੋਰ ਗ਼ੈਰ ਕਾਨੂੰਨੀ ਸਿੰਥੈਟਿਕ ਨਸ਼ਿਆਂ ਦਾ ਕਾਰੋਬਾਰ ਕਰ ਰਹੇ ਹਨ।

ਸਰਕਾਰ ਵੱਲੋਂ ਧਾਰਨ ਕੀਤੀਆਂ ਨੀਤੀਆਂ ਵੀ ਅਸਰਦਾਰ ਸਾਬਤ ਕਿਉਂ ਨਹੀਂ ਹੋ ਰਹੀਆਂ? ਦਰਅਸਲ, ਨਸ਼ਾ ਵਿਰੋਧੀ ਪ੍ਰੋਗਰਾਮ ਲਾਗੂ ਕਰਨ ਵਿਚ ਜਿੱਥੇ ਇਕ ਪਾਸੇ ਸਿਆਸੀ ਇੱਛਾ ਸ਼ਕਤੀ ਦੀ ਘਾਟ ਹੈ, ਉੱਥੇ ਦੂਜੇ ਪਾਸੇ ਇਹ ਨੀਤੀਆਂ ਅਤੇ ਪ੍ਰੋਗਰਾਮ ਵੀ ਗ਼ੈਰ ਵਿਗਿਆਨਕ ਹਨ। ਸਰਕਾਰ ਨੇ ਨਸ਼ਾ ਵਿਰੋਧੀ ਜੰਗ ਦੇ ਐਲਾਨ ਤਹਿਤ ਨਸ਼ਾ ਤਸਕਰਾਂ ਦੀ ਥਾਂ ਬੇਕਸੂਰ ਨਸ਼ੇੜੀਆਂ ਨੂੰ ਹੀ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਅਤੇ ਉਨ੍ਹਾਂ 'ਤੇ ਅਪਰਾਧਕ ਕੇਸ ਦਰਜ ਕਰ ਦਿੱਤੇ। ਇਹ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਨਸ਼ੇੜੀ ਵਿਅਕਤੀ ਅਪਰਾਧੀ ਨਹੀਂ ਹੈ, ਉਹ ਰੋਗੀ ਹੈ, ਬਿਮਾਰ ਹੈ; ਉਸ ਦਾ ਹਸਪਤਾਲਾਂ ਵਿਚ ਇਲਾਜ ਕਰਨਾ ਬਣਦਾ ਹੈ ਨਾ ਕਿ ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਕਰਨਾ ਚਾਹੀਦਾ ਹੈ। ਸਾਡੀ ਸਮੱਸਿਆ ਹਾਰਡ ਡਰੱਗਜ਼ ਭਾਵ ਸਮੈਕ, ਹੈਰੋਇਨ, ਚਿੱਟਾ ਅਤੇ ਅਜਿਹੇ ਹੋਰ ਸਿੰਥੈਟਿਕ ਨਸ਼ੇ ਹਨ। ਇਨ੍ਹਾਂ ਨਸ਼ਿਆਂ ਦੀ ਗਿਣਤੀ-ਮਿਣਤੀ ਤੇ ਮਿਕਦਾਰ ਭਾਵੇਂ ਜ਼ਿਆਦਾ ਨਹੀਂ ਹੈ, ਪਰ ਜੋ ਵੀ ਹੈ ਉਹ ਬਹੁਤ ਖ਼ਤਰਨਾਕ ਹੈ। ਇਹ ਬਹੁਤ ਮਹਿੰਗੇ ਨਸ਼ੇ ਹਨ। ਇਨ੍ਹਾਂ ਦੀ ਆਦਤ ਜਲਦੀ ਪੈ ਜਾਂਦੀ ਹੈ ਅਤੇ ਫਿਰ ਛੱਡਣੇ ਵੀ ਮੁਸ਼ਕਿਲ ਹਨ। ਇਨ੍ਹਾਂ ਤੋਂ ਹੀ ਨਸ਼ੇ ਵਾਲੇ ਟੀਕੇ ਲਾਉਣ ਦੀ ਆਦਤ ਪੈਂਦੀ ਹੈ ਜਿਨ੍ਹਾਂ ਕਾਰਨ, ਏਡਜ਼, ਕਾਲਾ ਪੀਲੀਆ ਅਤੇ ਹੋਰ ਜਾਨਲੇਵਾ ਬਿਮਾਰੀਆਂ ਲੱਗਦੀਆਂ ਹਨ। ਇਨ੍ਹਾਂ ਦਾ ਇਲਾਜ ਵੀ ਮਹਿੰਗਾ ਹੈ।

ਅਜਿਹੇ ਹਾਲਾਤ ਦੇ ਚੱਲਦਿਆਂ ਅੱਜ ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਵਿਰਾਟ ਰੂਪ ਧਾਰਨ ਕਰ ਗਈ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਸੰਜੀਦਾ ਨੀਅਤ ਅਤੇ ਨੀਤੀਆਂ ਦੀ ਜ਼ਰੂਰਤ ਹੈ। ਪੁਰਤਗਾਲ ਅਤੇ ਚੀਨ ਵਰਗੇ ਮੁਲਕਾਂ ਵਿਚ ਨਸ਼ਿਆਂ ਦੀ ਸਮੱਸਿਆ ਇਸ ਤੋਂ ਵੀ ਵੱਧ ਗੰਭੀਰ ਰਹੀ ਹੈ, ਪਰ ਉੱਥੋਂ ਦੀਆਂ ਸਰਕਾਰਾਂ ਨੇ ਤਰਕਸ਼ੀਲ ਤੇ ਵਿਗਿਆਨਕ ਨੀਤੀਆਂ ਅਤੇ ਦ੍ਰਿੜ ਇਰਾਦੇ ਤੇ ਇਮਾਨਦਾਰ ਨੀਅਤ ਨਾਲ ਇਨ੍ਹਾਂ 'ਤੇ ਕਾਬੂ ਪਾ ਲਿਆ। ਦ੍ਰਿੜ ਸਿਆਸੀ ਇੱਛਾ ਸ਼ਕਤੀ ਅਤੇ ਲੋਕ ਚੇਤਨਾ ਨਾਲ ਨਸ਼ਿਆਂ ਦੇ ਰੁਝਾਨ ਦਾ ਲੱਕ ਟੁੱਟ ਸਕਦਾ ਹੈ। ਇਸ ਮੰਤਵ ਲਈ ਸਭ ਤੋਂ ਪਹਿਲਾਂ ਸਰਕਾਰ ਨੂੰ ਆਪਣੀਆਂ ਨੀਤੀਆਂ ਨੂੰ ਮੁੜ ਵਿਉਂਤਣਾ ਹੋਵੇਗਾ। ਜੰਗੀ ਪੱਧਰ 'ਤੇ ਪ੍ਰੋਗਰਾਮ ਚਲਾ ਕੇ ਸੂਬੇ ਵਿਚ ਸਾਰੇ ਨਸ਼ੇੜੀ ਨੌਜਵਾਨਾਂ ਦੀ ਪਿੰਡ-ਪਿੰਡ, ਘਰ-ਘਰ ਜਾ ਕੇ ਸ਼ਨਾਖ਼ਤ ਕੀਤੀ ਜਾਵੇ। ਸ਼ਨਾਖ਼ਤ ਕੀਤੇ ਗਏ ਨੌਜਵਾਨਾਂ ਨੂੰ ਅਪਰਾਧੀ ਦੀ ਥਾਂ ਮਰੀਜ਼ ਸਮਝ ਕੇ ਉਨ੍ਹਾਂ ਦਾ ਮੁਫ਼ਤ ਇਲਾਜ ਸ਼ੁਰੂ ਕੀਤਾ ਜਾਵੇ। ਉਨ੍ਹਾਂ ਨੂੰ ਨਸ਼ਾ ਤਸਕਰਾਂ ਦੇ ਜਾਲ ਵਿਚੋਂ ਕੱਢਣ ਲਈ ਡਾਕਟਰਾਂ ਦੀ ਨਿਗਰਾਨੀ ਹੇਠ ਸਰਕਾਰੀ ਪੱਧਰ 'ਤੇ ਲੋੜ ਮੁਤਾਬਕ ਲੋੜੀਂਦੇ ਨਸ਼ੇ ਮੁਫ਼ਤ ਮੁਹੱਈਆ ਕਰਵਾਏ ਜਾਣ ਅਤੇ ਹੌਲੀ-ਹੌਲੀ ਇਨ੍ਹਾਂ ਦੀ ਮਾਤਰਾ ਘਟਾ ਕੇ ਉਨ੍ਹਾਂ ਨੂੰ ਨਸ਼ਿਆਂ ਤੋਂ ਮੁਕਤ ਕਰਵਾਇਆ ਜਾਵੇ। ਸਰਕਾਰੀ ਪੱਧਰ 'ਤੇ ਨਸ਼ਿਆਂ ਦੀ ਮੁਫ਼ਤ ਸਪਲਾਈ ਨਾਲ ਨਸ਼ਿਆਂ ਦਾ ਵਪਾਰ ਖ਼ਤਮ ਹੋ ਜਾਵੇਗਾ ਕਿਉਂਕਿ ਜਦੋਂ ਕੋਈ ਗਾਹਕ ਹੀ ਨਹੀਂ ਰਹੇਗਾ ਤਾਂ ਇਹ ਲੋਕ ਆਪ ਹੀ ਇਹ ਧੰਦਾ ਛੱਡ ਜਾਣਗੇ। ਇਸ ਦੇ ਨਾਲ ਹੀ ਨਸ਼ਾ ਤਸਕਰਾਂ ਉੱਤੇ ਪੂਰੀ ਸਖ਼ਤੀ ਵੀ ਵਰਤੀ ਜਾਵੇ ਅਤੇ ਉਨ੍ਹਾਂ ਨੂੰ ਕਾਨੂੰਨ ਮੁਤਾਬਕ ਸਖ਼ਤ ਸਜ਼ਾਵਾਂ ਵੀ ਦਿੱਤੀਆਂ ਜਾਣ ਤਾਂ ਜੋ ਉਹ ਮੁੜ ਇਸ ਰਸਤੇ 'ਤੇ ਨਾ ਚੱਲਣ। ਸਰਹੱਦੋਂ ਪਾਰ ਅਤੇ ਗੁਆਂਢੀ ਸੂਬਿਆਂ ਤੋਂ ਸਮਗਲ ਹੋ ਕੇ ਆ ਰਹੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਨੂੰ ਵੀ ਸਖ਼ਤੀ ਨਾਲ ਕੁਚਲਿਆ ਜਾਵੇ ਅਤੇ ਜ਼ਿੰਮੇਵਾਰੀ ਨਿਸ਼ਚਿਤ ਕਰ ਕੇ ਸਬੰਧਿਤ ਅਧਿਕਾਰੀਆਂ ਨੂੰ ਵੀ ਅਣਗਹਿਲੀ ਲਈ ਸਜ਼ਾਵਾਂ ਦਿੱਤੀਆਂ ਜਾਣ। ਨਸ਼ਿਆਂ ਵਿਰੁੱਧ ਕਾਰਗਰ ਲੋਕ ਚੇਤਨਾ ਮੁਹਿੰਮ ਚਲਾਈ ਜਾਵੇ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਸਿਲੇਬਸਾਂ ਵਿਚ ਨਸ਼ਾ ਵਿਰੋਧੀ ਪਾਠਕ੍ਰਮ ਦਰਜ ਕੀਤੇ ਜਾਣ। ਸਾਰੇ ਧਾਰਮਿਕ-ਸਮਾਜਿਕ ਆਗੂ ਅਤੇ ਸਮਾਜਸੇਵੀ ਸੰਸਥਾਵਾਂ ਵੀ ਇਸ ਕਾਰਜ ਵਿਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਹਰ ਪਿੰਡ ਤੇ ਸ਼ਹਿਰ ਵਿਚ ਮਹੀਨੇ ਵਿਚ ਘੱਟੋ-ਘੱਟ ਇਕ ਵਾਰ ਨਸ਼ਾ ਵਿਰੋਧੀ ਕੋਈ ਨਾ ਕੋਈ ਪ੍ਰੋਗਰਾਮ ਜ਼ਰੂਰ ਕੀਤਾ ਜਾਵੇ। ਪੰਚਾਇਤਾਂ ਪਿੰਡਾਂ ਵਿਚ ਨਸ਼ਿਆਂ ਦੀ ਖ਼ਰੀਦੋ-ਫ਼ਰੋਖ਼ਤ ਕਰਨ ਵਾਲਿਆਂ ਪ੍ਰਤੀ ਚੌਕਸੀ ਰੱਖਣ ਅਤੇ ਪਿੰਡ ਪੱਧਰ 'ਤੇ ਲੋੜੀਂਦੀ ਸਮਾਜਿਕ ਕਾਰਵਾਈ ਕਰਨ। ਪੁਲੀਸ ਅਤੇ ਪ੍ਰਸ਼ਾਸਨ ਦੀ ਨਸ਼ਿਆਂ ਦੇ ਰੁਝਾਨ ਸਬੰਧੀ ਜੁਆਬਦੇਹੀ ਨਿਸ਼ਚਿਤ ਕੀਤੀ ਜਾਵੇ।

ਇਨ੍ਹਾਂ ਤਕਨੀਕੀ ਕਿਸਮ ਦੇ ਉਪਾਇਆਂ ਤੋਂ ਇਲਾਵਾ ਨਸ਼ਿਆਂ ਦੀ ਸਮੱਸਿਆ ਦੇ ਸਦੀਵੀਂ ਛੁਟਕਾਰੇ ਲਈ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਵੇ। ਪਿੰਡਾਂ ਅਤੇ ਸ਼ਹਿਰਾਂ ਵਿਚ ਸਸਤੀਆਂ ਅਤੇ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਸਿੱਖਿਆ ਦਾ ਮਿਆਰ ਸੁਧਾਰਨ ਦੇ ਯਤਨ ਕੀਤੇ ਜਾਣ ਅਤੇ ਸਿੱਖਿਆ ਨੂੰ ਰੁਜ਼ਗਾਰਮੁਖੀ ਬਣਾਇਆ ਜਾਵੇ। ਇਹ ਸਭ ਕੁਝ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਪਿੰਡ ਤੋਂ ਲੈ ਕੇ ਵਿਧਾਨ ਸਭਾ ਅਤੇ ਸੰਸਦ ਤਕ ਇਮਾਨਦਾਰ, ਸੂਝਵਾਨ, ਨਸ਼ਾ ਰਹਿਤ ਅਤੇ ਲੋਕ-ਪੱਖੀ ਸਿਆਸੀ ਲੀਡਰਸ਼ਿਪ ਹੋਵੇ। ਅਜੋਕੇ ਲੋਕ ਰਾਜੀ ਰਾਜ ਪ੍ਰਬੰਧ ਵਿਚ ਨਸ਼ਿਆਂ ਸਣੇ ਹੋਰ ਸਭ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਸੁਹਿਰਦ ਲੋਕ-ਪੱਖੀ ਸਿਆਸੀ ਆਗੂਆਂ ਦੀ ਜ਼ਰੂਰਤ ਹੈ।






# ਇਕ ਕੱਪ ਚਾਹ ਨਾਲ ਕਹੋ ਕਈ ਬਿਮਾਰੀਆਂ ਨੂੰ ਬਾਏ

ਕੀ ਤੁਹਾਨੂੰ ਵੀ ਲਗਦਾ ਹੈ ਕਿ ਚਾਹ ਨਾ ਪੀਣ ਨਾਲ ਤੁਸੀਂ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚੇ ਰਹਿ ਸਕਦੇ ਹੋ ? ਚਾਹ 'ਤੇ ਕੀਤੀਆਂ ਗਈਆਂ ਇਹ ਵੱਖ-ਵੱਖ ਖੋਜਾਂ ਇਕ ਵਾਰ ਤੁਹਾਨੂੰ ਸੋਚਣ 'ਤੇ ਮਜਬੂਰ ਕਰ ਦੇਣਗੀਆਂ ਕਿ ਕੀ ਤੁਹਾਡਾ ਸੋਚਣਾ ਸਹੀ ਹੈ। ਇਹ ਸਾਰੀਆਂ ਖੋਜਾਂ ਦੱਸਦੀਆਂ ਹਨ ਕਿ ਜੇ ਹਰ ਰੋਜ਼ 3-4 ਕੱਪ ਚਾਹ ਦਾ ਸੇਵਨ ਕੀਤਾ ਜਾਵੇ ਤਾਂ ਸਿਹਤ ਨੂੰ ਕੋਈ ਵੀ ਨੁਕਸਾਨ ਨਹੀਂ ਹੁੰਦਾ। ਆਓ ਜਾਣਦੇ ਹਾਂ ਉਹ ਫਾਇਦੇ, ਜੋ ਚਾਹ ਪੀਣ ਨਾਲ ਮਿਲਦੇ ਹਨ।

**ਔਰਤਾਂ ਕੈਂਸਰ ਨੂੰ ਕਹਿਣ ਨਾਂਹ**

ਹਾਲ ਹੀ ਵਿਚ ਕੀਤੀ ਗਈ ਇਕ ਖੋਜ ਵਿਚ ਪਤਾ ਲੱਗਾ ਹੈ ਕਿ ਜੋ ਔਰਤਾਂ ਹਰ ਰੋਜ਼ 2-3 ਕੱਪ ਚਾਹ ਦਾ ਸੇਵਨ ਕਰਦੀਆਂ ਹਨ, ਉਨ੍ਹਾਂ ਨੂੰ ਓਵੇਰੀਅਨ ਕੈਂਸਰ ਹੋਣ ਦਾ ਖ਼ਤਰਾ ਉਨ੍ਹਾਂ ਔਰਤਾਂ ਨਾਲੋਂ ਬਹੁਤ ਘੱਟ ਹੁੰਦਾ ਹੈ, ਜੋ ਚਾਹ ਦਾ ਸੇਵਨ ਨਹੀਂ ਕਰਦੀਆਂ। ਖੋਜ ਕਰਤਾਵਾਂ ਦਾ ਕਹਿਣਾ ਹੈ ਕਿ ਹਰ ਰੋਜ਼ 3-4 ਕੱਪ ਚਾਹ ਪੀਣ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਨੁਕਸਾਨ ਨਹੀਂ ਹੁੰਦਾ।

**ਕੌਫੀ ਨਾਲੋਂ ਘੱਟ ਕੈਫੀਨ**

ਜੇ ਤੁਸੀਂ ਕੌਫੀ ਨੂੰ ਚਾਹ ਨਾਲੋਂ ਬਿਹਤਰ ਸਮਝ ਕੇ ਇਕ ਤੋਂ ਦੋ ਕੱਪ ਹਰ ਰੋਜ਼ ਪੀ ਰਹੇ ਹੋ ਤਾਂ ਸਾਵਧਾਨ ਹੋ ਜਾਓ, ਕਿਉਂਕਿ ਕੌਫੀ ਚਾਹ ਨਾਲੋਂ ਕਿਤੇ ਜ਼ਿਆਦਾ ਤੁਹਾਡੇ ਦਿਲ ਲਈ ਖ਼ਤਰਨਾਕ ਹੈ। ਕੌਫੀ ਵਿਚ 135 ਮਿ: ਗ੍ਰਾ: ਕੈਫੀਨ ਹੁੰਦਾ ਹੈ, ਜਦ ਕਿ ਚਾਹ ਵਿਚ ਸਿਰਫ ਇਸ ਦਾ 30-40 ਫੀਸਦੀ ਮਿ: ਗ੍ਰਾ: ਹੀ ਹੁੰਦਾ ਹੈ, ਜੋ ਸਿਹਤ ਲਈ ਓਨੀ ਨੁਕਸਾਨਦਾਇਕ ਨਹੀਂ ਹੈ, ਜਿੰਨੀ ਕੌਫੀ।

**ਹੱਡੀਆਂ ਨੂੰ ਵੀ ਕਰਦੀ ਹੈ ਮਜ਼ਬੂਤ**

ਕੁਝ ਚਾਹ ਪੀਣ ਵਾਲੇ ਲੋਕਾਂ 'ਤੇ 10 ਸਾਲ ਤੱਕ ਖੋਜ ਕੀਤੀ ਗਈ ਅਤੇ ਉਸ ਵਿਚ ਪਾਇਆ ਗਿਆ ਕਿ ਜੋ ਲੋਕ ਦੁੱਧ ਵਾਲੀ ਚਾਹ ਪੀਂਦੇ ਹਨ, ਉਨ੍ਹਾਂ ਦੀਆਂ ਹੱਡੀਆਂ ਉਨ੍ਹਾਂ ਲੋਕਾਂ ਨਾਲੋਂ ਜ਼ਿਆਦਾ ਮਜ਼ਬੂਤ ਹੁੰਦੀਆਂ ਹਨ, ਜੋ ਲੋਕ ਚਾਹ ਨਹੀਂ ਪੀਂਦੇ।

**ਚਾਹ ਪੀਣ ਨਾਲ ਇਮਿਊਨ ਸਿਸਟਮ ਵੀ ਹੁੰਦਾ ਹੈ ਬਿਹਤਰ**

ਜੋ ਲੋਕ ਹਰ ਰੋਜ਼ 4-5 ਕੱਪ ਚਾਹ ਪੀਂਦੇ ਹਨ, ਉਨ੍ਹਾਂ ਨੂੰ ਪੇਟ ਨਾਲ ਜੁੜੀਆਂ ਬਿਮਾਰੀਆਂ ਹੋਣ ਦਾ ਖ਼ਤਰਾ ਘੱਟ ਹੁੰਦਾ ਹੈ ਅਤੇ ਨਾਲ ਹੀ ਉਨ੍ਹਾਂ ਦਾ ਇਮਿਊਨ ਸਿਸਟਮ ਵੀ ਬਿਹਤਰ ਹੁੰਦਾ ਹੈ।

**ਮੈਟਾਬੋਲਿਜ਼ਮ ਨੂੰ ਬਿਹਤਰ ਬਣਾਉਂਦੀ ਹੈ**

ਜੇ ਤੁਸੀਂ ਮੋਟੇ ਹੋ ਅਤੇ ਤਰ੍ਹਾਂ-ਤਰ੍ਹਾਂ ਦੇ ਉਪਾਅ ਕਰ ਕੇ ਥੱਕ ਗਏ ਹੋ ਤਾਂ ਹੁਣ ਜ਼ਰਾ ਇਕ ਵਾਰ ਰੋਜ਼ 2-3 ਕੱਪ ਚਾਹ ਪੀਣ ਦੀ ਆਦਤ ਪਾ ਲਓ। ਕੁਝ ਹੀ ਸਮੇਂ ਵਿਚ ਤੁਹਾਨੂੰ ਬਿਹਤਰ ਨਤੀਜੇ ਦੇਖਣ ਨੂੰ ਮਿਲਣਗੇ। ਸਿਰਫ ਗ੍ਰੀਨ ਟੀ ਹੀ ਨਹੀਂ, ਸਗੋਂ ਜੇ ਤੁਸੀਂ ਖਾਣੇ ਤੋਂ ਬਾਅਦ ਸਾਧਾਰਨ ਚਾਹ ਦਾ ਸੇਵਨ ਵੀ ਕਰਦੇ ਹੋ ਤਾਂ ਉਸ ਨਾਲ ਵੀ ਤੁਹਾਡੇ ਸਰੀਰ ਦਾ ਮੈਟਾਬੋਲਿਜ਼ਮ ਸਿਸਟਮ ਬਿਹਤਰ ਹੋ ਜਾਂਦਾ ਹੈ।

**ਹਾਈਡ੍ਰੇਟਿਡ ਰਹਿਣ ਵਿਚ ਵੀ ਕਰਦੀ ਹੈ ਮਦਦ**

ਚਾਹ ਵਿਚ ਸ਼ਾਮਿਲ ਕੈਫੀਨ ਸਿਹਤ ਲਈ ਉਦੋਂ ਤੱਕ ਖ਼ਤਰਨਾਕ ਨਹੀਂ ਹੁੰਦਾ, ਜਦੋਂ ਤੱਕ ਤੁਸੀਂ ਚਾਹ ਦਾ ਸੇਵਨ ਬਹੁਤ ਜ਼ਿਆਦਾ ਮਾਤਰਾ ਵਿਚ ਨਹੀਂ ਕਰਦੇ। ਖੋਜ ਕਰਤਾਵਾਂ ਦਾ ਮੰਨਣਾ ਹੈ ਕਿ ਹਰ ਰੋਜ਼ 3 ਕੱਪ ਚਾਹ ਪੀਣ ਨਾਲ ਸਰੀਰ ਵਿਚ ਪਾਣੀ ਦੀ ਮਾਤਰਾ ਬਣੀ ਰਹਿੰਦੀ ਹੈ, ਜਿਸ ਕਰਕੇ ਸੁਸਤੀ ਨਹੀਂ ਪੈਂਦੀ ਅਤੇ ਤੁਸੀਂ ਪੂਰਾ ਦਿਨ ਅਨਰਜੇਟਿਕ ਬਣੇ ਰਹਿੰਦੇ ਹੋ।

**ਕੈਲੋਰੀ ਨਹੀਂ ਹੁੰਦੀ**

ਜ਼ਿਆਦਾ ਕੈਲੋਰੀ ਸਾਡੀ ਸਿਹਤ ਲਈ ਹਾਨੀਕਾਰਕ ਹੁੰਦੀ ਹੈ ਅਤੇ ਤੁਹਾਨੂੰ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਚਾਹ ਵਿਚ ਬਿਲਕੁਲ ਵੀ ਕੈਲੋਰੀ ਨਹੀਂ ਹੁੰਦੀ, ਜਦ ਤੱਕ ਉਸ ਵਿਚ ਖੰਡ ਨਾ ਪਾਈ ਜਾਵੇ। ਫਿਰ ਡਾਈਟਿੰਗ ਕਰਨ ਵਾਲੇ ਲੋਕਾਂ ਨੂੰ ਵੀ ਚਾਹ ਤੋਂ ਡਰਨ ਦੀ ਲੋੜ ਨਹੀਂ ਹੈ।

**ਚਾਹ ਵਧਾਉਂਦੀ ਹੈ ਰੋਗ ਪ੍ਰਤੀਰੋਧਕ ਸਮਰੱਥਾ**

ਚਾਹ ਵਿਚ ਐਂਟੀਆਕਸੀਡੈਂਟ ਤੱਤ ਹੁੰਦੇ ਹਨ। ਇਹ ਉਹ ਤੱਤ ਹਨ, ਜੋ ਸਾਡੇ ਸਰੀਰ ਨੂੰ ਪ੍ਰਦੂਸ਼ਿਤ ਹਵਾ ਵਿਚ ਜਾਣ 'ਤੇ ਕਈ ਤਰ੍ਹਾਂ ਦੇ ਰੋਗਾਂ ਤੋਂ ਬਚਾਉਂਦੇ ਹਨ।

ਇਹ ਸੱਚ ਹੈ ਕਿ ਚਾਹ ਦੇ ਅਨੇਕ ਫਾਇਦੇ ਹਨ ਪਰ ਕੁਝ ਛੋਟੀਆਂ-ਛੋਟੀਆਂ ਗੱਲਾਂ ਦਾ ਖਿਆਲ ਨਾ ਰੱਖਿਆ ਜਾਵੇ ਤਾਂ ਇਸ ਦੇ ਬਹੁਤ ਸਾਰੇ ਨੁਕਸਾਨ ਵੀ ਹੋ ਸਕਦੇ ਹਨ। ਇਸ ਲਈ ਚਾਹ ਦਾ ਸੇਵਨ ਕੁਝ ਜ਼ਰੂਰੀ ਗੱਲਾਂ ਦਾ ਧਿਆਨ ਰੱਖਦੇ ਹੋਏ ਹੀ ਕਰੋ।

- ਚਾਹ ਵਿਚ ਖੰਡ ਦੀ ਵਰਤੋਂ ਨਾ ਦੇ ਬਰਾਬਰ ਕਰੋ।
- ਇਕ ਦਿਨ ਵਿਚ 3 ਕੱਪ ਤੋਂ ਜ਼ਿਆਦਾ ਚਾਹ ਦਾ ਸੇਵਨ ਨਾ ਕਰੋ।
- ਛੋਟੇ ਬੱਚਿਆਂ ਨੂੰ ਚਾਹ ਨਾ ਦਿਓ।
- ਜ਼ਿਆਦਾ ਗਰਮ ਚਾਹ ਦਾ ਸੇਵਨ ਨਾ ਕਰੋ।
- ਚਾਹ ਦੇ ਨਸ਼ੇ ਦੇ ਆਦੀ ਨਾ ਬਣੋ।
- ਹਰ ਰੋਜ਼ ਚਾਹ ਦਾ ਸੇਵਨ ਨਾ ਕਰੋ।

**ਨੀਤੂ ਨਿਗਮ**

# ਨਿਰੋਗ ਰਹਿਣ ਦਾ ਰਾਜ਼ ਗੂੜ੍ਹੀ ਨੀਂਦ

ਗੂੜ੍ਹੀ ਨੀਂਦ ਨਾ ਆਉਣੀ ਅੱਜ ਵੱਡੇ ਸ਼ਹਿਰਾਂ ਦੀ ਮੁੱਖ ਸਮੱਸਿਆ ਬਣਦੀ ਜਾ ਰਹੀ ਹੈ। ਇਸ ਲਈ ਸਰੀਰ ਥੱਕਿਆ-ਥੱਕਿਆ ਜਿਹਾ ਅਤੇ ਸੁਭਾਅ ਚਿੜਚਿੜਾ ਬਣ ਜਾਂਦਾ ਹੈ, ਜਿਸ ਦਾ ਮੁੱਖ ਪ੍ਰਭਾਵ ਨੀਂਦ ਅਤੇ ਸਿਹਤ 'ਤੇ ਪੈਂਦਾ ਹੈ। ਜਿਨ੍ਹਾਂ ਲੋਕਾਂ ਨੂੰ ਗੂੜ੍ਹੀ ਨੀਂਦ ਨਸੀਬ ਹੁੰਦੀ ਹੈ, ਉਨ੍ਹਾਂ ਦੇ ਸਰੀਰ ਦੇ ਵੱਖ-ਵੱਖ ਅੰਗਾਂ ਨੂੰ ਆਰਾਮ ਮਿਲਦਾ ਹੈ। ਗੂੜ੍ਹੀ ਨੀਂਦ ਨਾਲ ਖਰਚ ਹੋਈ ਸ਼ਕਤੀ ਮੁੜ ਪ੍ਰਾਪਤ ਹੁੰਦੀ ਹੈ। ਇਸ ਲਈ ਨੀਂਦ ਨੂੰ ਨਿਰੋਗ ਰਹਿਣ ਦਾ ਰਾਜ਼ ਮੰਨਿਆ ਜਾਂਦਾ ਹੈ। ਤੁਸੀਂ ਵੀ ਮਜ਼ਾ ਲੈ ਸਕਦੇ ਹੋ ਗੂੜ੍ਹੀ ਨੀਂਦ ਦਾ, ਇਨ੍ਹਾਂ ਕੁਝ ਨੁਸਖਿਆਂ ਨੂੰ ਅਪਨਾ ਕੇ-

- ਸਵੇਰੇ ਛੇਤੀ ਉੱਠਣਾ ਅਤੇ ਰਾਤ ਨੂੰ ਛੇਤੀ ਸੌਣਾ ਚਾਹੀਦਾ ਹੈ।
- ਸਵੇਰੇ ਉੱਠ ਕੇ ਖੁੱਲ੍ਹੀ ਹਵਾ ਵਿਚ ਘੁੰਮਣ ਜਾਣਾ ਅਤੇ ਕੁਝ ਕਸਰਤ ਕਰਨਾ ਵਧੀਆ ਹੈ।
- ਸੌਣ ਤੋਂ ਪਹਿਲਾਂ ਵਿਚਾਰਾਂ ਨੂੰ ਦੂਰ ਛੱਡ ਕੇ ਸੌਣਾ ਚਾਹੀਦਾ ਹੈ ਅਤੇ ਮਨ ਨੂੰ ਪ੍ਰਸੰਨਚਿੱਤ ਰੱਖਣਾ ਚਾਹੀਦਾ ਹੈ।



- ਰਾਤ ਨੂੰ ਸੌਣ ਤੋਂ 2-3 ਘੰਟੇ ਪਹਿਲਾਂ ਭੋਜਨ ਕਰਨਾ ਚੰਗਾ ਹੁੰਦਾ ਹੈ, ਤਾਂ ਕਿ ਸੌਣ ਤੱਕ ਭੋਜਨ ਪਚ ਕੇ ਪੇਟ ਹਲਕਾ ਮਹਿਸੂਸ ਕਰ ਸਕੇ।
- ਹੱਥ, ਪੈਰ ਅਤੇ ਮੂੰਹ ਨੂੰ ਠੰਢੇ ਪਾਣੀ ਨਾਲ ਧੋ ਕੇ ਬਿਸਤਰ 'ਤੇ ਜਾਣਾ ਚਾਹੀਦਾ ਹੈ।
- ਸੌਣ ਵਾਲੀ ਜਗ੍ਹਾ ਹਵਾਦਾਰ, ਸਾਫ਼ ਅਤੇ ਸ਼ੁੱਧ ਹੋਣੀ ਚਾਹੀਦੀ ਹੈ।
- ਸੌਣ ਸਮੇਂ ਮਨ ਨੂੰ ਇਕਾਗਰ ਚਿੱਤ ਕਰਨ ਲਈ ਹਲਕਾ ਸੰਗੀਤ ਸੁਣੋ, ਪੱਤ੍ਰਿਕਾ ਪੜ੍ਹੋ ਜਾਂ ਕੋਈ ਪੁਸਤਕ ਪੜ੍ਹੋ, ਜਿਸ ਨਾਲ ਨੀਂਦ ਚੰਗੀ ਆਉਂਦੀ ਹੈ।
- ਖਾਣਾ ਖਾਣ ਤੋਂ ਬਾਅਦ ਕੁਝ ਸਮਾਂ ਜ਼ਰੂਰ ਟਹਿਲੋ। ਥੋੜ੍ਹੀ ਥਕਾਨ ਹੋਣ 'ਤੇ ਨੀਂਦ ਛੇਤੀ ਆ ਜਾਂਦੀ ਹੈ।
- ਰਾਤ ਨੂੰ ਸੌਣ ਵਾਲੇ ਕੱਪੜੇ ਢਿੱਲੇ ਅਤੇ ਸੂਤੀ ਪਹਿਨੋ, ਤਾਂ ਕਿ ਸੌਣ ਵਿਚ ਕੋਈ ਪ੍ਰੇਸ਼ਾਨੀ ਹੋਵੇ। ਤੰਗ ਕੱਪੜੇ ਨੀਂਦ ਵਿਚ ਰੁਕਾਵਟ ਪਾਉਂਦੇ ਹਨ।
- ਆਪਣੇ ਸਰੀਰ ਨੂੰ ਨੀਂਦ ਦੀਆਂ ਗੋਲੀਆਂ ਜਾਂ ਕਿਸੇ ਨਸ਼ੀਲੀ ਚੀਜ਼ ਦੇ ਆਦੀ ਨਾ ਬਣਾਓ। ਇਨ੍ਹਾਂ ਦੇ ਲਗਾਤਾਰ ਸੇਵਨ ਨਾਲ ਸਰੀਰ ਨੂੰ ਕਈ ਨੁਕਸਾਨ ਪਹੁੰਚਦੇ ਹਨ।
- ਸੌਣ ਸਮੇਂ ਧਿਆਨ ਦਿਓ ਕਿ ਜਿਸ ਕਰਵਟ ਵਿਚ ਆਰਾਮ ਮਿਲੇ, ਉਸੇ ਕਰਵਟ ਵਿਚ ਸੌਂਵੋਂ, ਨਹੀਂ ਤਾਂ ਸੁਪਨੇ ਵੀ ਜ਼ਿਆਦਾ ਆਉਂਦੇ ਹਨ ਅਤੇ ਸਰੀਰ ਦੀਆਂ ਕਿਰਿਆਵਾਂ ਠੀਕ ਕੰਮ ਨਹੀਂ ਕਰਦੀਆਂ।
- ਸੌਣ ਸਮੇਂ ਜ਼ਿਆਦਾ ਉੱਚਾ ਸਿਰਹਾਣਾ ਰੱਖ ਕੇ ਨਾ ਸੌਂਵੋਂ।
- ਰਾਤ ਨੂੰ ਭਾਰੀ ਭੋਜਨ, ਜ਼ਿਆਦਾ ਮਸਾਲੇ ਵਾਲੇ ਪਦਾਰਥ ਦਾ ਸੇਵਨ ਨਾ ਕਰੋ।
- ਧਿਆਨ ਰੱਖੋ ਕਿ ਸੌਣ ਵਾਲੇ ਕਮਰੇ ਵਿਚ ਜ਼ਿਆਦਾ ਰੌਸ਼ਨੀ ਨਾ ਹੋਵੇ, ਨਾ ਹੀ ਜ਼ਿਆਦਾ ਆਸ-ਪਾਸ ਤੋਂ ਸ਼ੋਰ ਸੁਣਾਈ ਦਿੰਦਾ ਹੋਵੇ। ਇਹ ਦੋਵੇਂ ਚੀਜ਼ਾਂ ਵੀ ਨੀਂਦ ਆਉਣ ਵਿਚ ਰੁਕਾਵਟ ਪਾਉਂਦੀਆਂ ਹਨ।
- ਸੌਣ ਵਾਲੇ ਗੱਦੇ ਜ਼ਿਆਦਾ ਨਰਮ ਜਾਂ ਸਖ਼ਤ ਨਹੀਂ ਹੋਣੇ ਚਾਹੀਦੇ।
- ਸੌਣ ਤੋਂ ਪਹਿਲਾਂ ਗਰਮ ਦੁੱਧ ਪੀਣ ਨਾਲ ਵੀ ਨੀਂਦ ਚੰਗੀ ਆਉਂਦੀ ਹੈ।

**-ਨੀਤੂ ਗੁਪਤਾ**

# ਕੁਦਰਤ ਦਾ ਮੁਫ਼ਤ ਟਾਨਿਕ : ਸਵੇਰ ਦੀ ਸੈਰ

ਸਾਡੇ ਦੇਸ਼ ਵਿਚ ਵਾਹਨਾਂ 'ਤੇ ਜਾਣ 'ਚ ਮਾਣ ਸਮਝਿਆ ਜਾਂਦਾ ਹੈ ਅਤੇ ਪੈਦਲ ਚੱਲਣਾ ਹੀਣਤਾ ਦਾ ਸਬੱਬ ਬਣਦਾ ਜਾ ਰਿਹਾ ਹੈ। ਲੋਕ ਘੰਟਿਆਂਬੱਧੀ ਵਾਹਨਾਂ ਦੀ ਉਡੀਕ ਵਿਚ ਖੜ੍ਹੇ ਰਹਿੰਦੇ ਹਨ, ਪਰ ਇਨ੍ਹਾਂ ਨੂੰ ਪਤਾ ਨਹੀਂ ਕਿ ਪੈਦਲ ਚੱਲਣਾ ਕਿੰਨਾ ਲਾਭਦਾਇਕ ਹੈ। ਜੋ ਔਖੀ ਕਸਰਤ ਨਹੀਂ ਕਰ ਸਕਦੇ, ਸਰੀਰ ਦੁਰਬਲ ਹੈ ਜਾਂ ਹੋਰ ਰੋਗ ਜਿਵੇਂ ਗਠੀਆ, ਦਿਲ ਦੇ ਰੋਗ, ਦਮਾ, ਖ਼ੂਨ ਦਾ ਦਬਾਅ ਦੇ ਮਰੀਜ਼ ਹਨ, ਉਹ ਵੀ ਪੈਦਲ ਚੱਲ ਕੇ ਸਿਹਤ ਨੂੰ ਲਾਭ ਪਹੁੰਚਾ ਸਕਦੇ ਹਨ।

ਲੋਕਾਂ ਦਾ ਇਹ ਤਰਕ ਰਹਿੰਦਾ ਹੈ ਕਿ ਅਸੀਂ ਤਾਂ ਆਪਣੇ ਘਰ ਵਿਚ ਕੰਮ-ਕਾਜ ਕਰਦੇ, ਪੌੜੀਆਂ ਚੜ੍ਹਦੇ-ਉਤਰਦੇ ਮੀਲਾਂ ਪੈਦਲ ਯਾਤਰਾ ਦੇ ਬਰਾਬਰ ਚੱਲ ਲੈਂਦੇ ਹਾਂ। ਸਰੀਰ ਹਰਕਤ ਵਿਚ ਰਹਿੰਦਾ ਹੈ, ਫਿਰ ਵੀ ਅਸੀਂ ਤੰਦਰੁਸਤ ਨਹੀਂ ਹਾਂ।

ਜੇ ਅਜਿਹਾ ਹੀ ਹੁੰਦਾ ਤਾਂ ਲੁਹਾਰ ਹਰ ਰੋਜ਼ ਹਥੌੜਾ ਚਲਾਉਂਦੇ ਹਨ, ਡਾਕੀਏ ਪੈਦਲ ਡਾਕ ਵੰਡਦੇ ਫਿਰਦੇ ਹਨ। ਫੇਰੀ ਵਾਲੇ ਚੀਜ਼ਾਂ ਵੇਚਦੇ ਫਿਰਦੇ ਹਨ ਪਰ ਉਨ੍ਹਾਂ ਨੂੰ ਸਿਹਤ ਪੱਖੋਂ ਲਾਭ ਨਹੀਂ ਹੁੰਦੇ। ਇਸ ਦਾ ਕਾਰਨ ਇਹ ਹੈ ਕਿ ਆਪਣੇ ਕੰਮ ਉਦੇਸ਼ ਦੇ ਅਨੁਰੂਪ ਅਸੀਂ ਆਪਣੀਆਂ ਭਾਵਨਾਵਾਂ ਬਣਾਈਆਂ ਹੋਈਆਂ ਹਨ।

ਕਸਰਤ ਕਰਦੇ ਸਮੇਂ ਪਹਿਲਵਾਨ ਤਾਕਤਵਰ ਹੋਣ ਅਤੇ ਕ੍ਰਿਕਟ ਦਾ ਖਿਡਾਰੀ ਕੁਸ਼ਲ ਖਿਡਾਰੀ ਹੋਣ ਦੀ ਭਾਵਨਾ ਰੱਖਦਾ ਹੈ। ਇਸੇ ਤਰ੍ਹਾਂ ਸਾਨੂੰ ਨਿਯਮਿਤ ਸੂਰਜ ਚੜ੍ਹਨ ਤੋਂ ਇਕ ਘੰਟਾ ਪਹਿਲਾਂ ਤੋਂ ਲੈ ਕੇ ਸੂਰਜ ਚੜ੍ਹਨ ਤੱਕ ਪੈਦਲ ਟਹਿਲਣਾ ਚਾਹੀਦਾ ਹੈ ਅਤੇ ਭਾਵਨਾ ਤੰਦਰੁਸਤ ਹੋਣ ਦੀ ਬਣਾਉਣੀ ਚਾਹੀਦੀ ਹੈ। ਅਜਿਹਾ ਨਿਯਮਿਤ ਕਰਨ ਨਾਲ ਤੁਹਾਨੂੰ ਹਫ਼ਤੇ ਭਰ ਵਿਚ ਲਾਭ ਦਿਖਾਈ ਦੇਣ ਲੱਗੇਗਾ, ਕਿਉਂਕਿ ਸਵੇਰ ਸਮੇਂ ਜਲਵਾਯੂ ਵਿਚ ਸੂਰਜ ਦੀਆਂ ਪੈਰਾਬੈਂਗਣੀ ਕਿਰਨਾਂ ਦਾ, ਹਵਾ ਵਿਚ ਆਕਸੀਜਨ ਦੀ ਬਹੁਤਾਤ ਰਹਿੰਦੀ ਹੈ। ਰਾਤ ਦਾ ਅੰਤ ਅਤੇ ਦਿਨ ਦਾ ਆਰੰਭ ਇਕ ਅਜਿਹਾ ਵਾਤਾਵਰਨ ਪੈਦਾ ਕਰਦਾ ਹੈ, ਜਿਸ ਦਾ ਸੰਪਰਕ ਪੌਸ਼ਟਿਕ ਭੋਜਨ ਤੋਂ ਵੀ ਜ਼ਿਆਦਾ ਸਿਹਤਵਰਧਕ ਸਿੱਧ ਹੁੰਦਾ ਹੈ।

ਜਦੋਂ ਅਸੀਂ ਸਵੇਰੇ ਟਹਿਲਣ ਜਾਈਏ ਤਾਂ ਸਾਰਾ ਸਰੀਰ ਸਿੱਧਾ ਰੱਖਣਾ ਚਾਹੀਦਾ ਹੈ। ਮੋਢੇ ਪਿੱਛੇ ਵੱਲ ਦੱਬੇ ਹੋਏ, ਸੀਨਾ ਉੱਭਰਿਆ ਹੋਇਆ, ਸਿਰ ਥੋੜ੍ਹਾ ਪਿੱਛੇ ਨੂੰ, ਨਿਗ੍ਹਾ ਇਕਦਮ ਸਾਹਮਣੇ, ਸਰੀਰ ਨੂੰ ਇੰਨਾ ਸਖ਼ਤ ਨਾ ਕਰੋ ਕਿ ਤਣਾਅ ਮਹਿਸੂਸ ਹੋਵੇ, ਚੁਸਤੀ ਰਹਿਣੀ ਚਾਹੀਦੀ ਹੈ। ਮਾਸਪੇਸ਼ੀਆਂ ਵਿਚ ਮੁਲਾਇਮੀ ਵੀ ਬਣੀ ਰਹਿਣੀ ਚਾਹੀਦੀ ਹੈ। ਕਮਰ ਤੋਂ ਲੈ ਕੇ ਸਿਰ ਤੱਕ ਦਾ ਹਿੱਸਾ ਕੁਝ ਅੱਗੇ ਵੱਲ ਤਿਰਛਾਪਨ ਲਈ ਹੋਣਾ ਚਾਹੀਦਾ ਹੈ ਜਿਵੇਂ ਕਿ ਅਕਸਰ ਦੌੜਨ ਸਮੇਂ ਰਹਿਣਾ ਪੈਂਦਾ ਹੈ। ਮੂੰਹ ਬੰਦ ਰੱਖ ਕੇ ਸਾਹ ਨੱਕ ਰਾਹੀਂ ਲੈਣਾ ਚਾਹੀਦਾ ਹੈ, ਡੂੰਘੇ ਸਾਹ ਲੈਣ ਦਾ ਅਭਿਆਸ ਕਰਨਾ ਚਾਹੀਦਾ ਹੈ, ਤਾਂ ਕਿ ਸ਼ੁੱਧ ਹਵਾ ਦਾ ਅੰਦਰ ਜਾਣਾ-ਨਿਕਲਣਾ ਸਰੀਰ ਵਿਚ ਵੱਧ ਤੋਂ ਵੱਧ ਡੂੰਘਾਈ ਤੱਕ ਹੋ ਸਕੇ। ਅਧੂਰੇ ਸਾਹ ਨਾਲ ਫੇਫੜਿਆਂ ਨੂੰ ਲਾਭ ਨਹੀਂ ਮਿਲ ਸਕੇਗਾ।

ਕੁਦਰਤ ਤੋਂ ਪ੍ਰਾਪਤ ਮੁਫ਼ਤ ਟਾਨਿਕ ਸਵੇਰ ਸਮੇਂ ਟਹਿਲ ਕੇ ਪ੍ਰਾਪਤ ਕਰ ਲਓ ਤਾਂ ਅਨੇਕਾਂ ਬਿਮਾਰੀਆਂ ਅਤੇ ਦਵਾਈਆਂ ਤੋਂ ਪਿੱਛਾ ਛੁੱਟ ਜਾਵੇਗਾ ਅਤੇ ਅਸੀਂ ਲੰਮੀ ਉਮਰ ਜੀਵਾਂਗੇ।

# ਵਗਦੀ ਗੰਗਾ 'ਚ...

ਲਿਖਤ : ਜਸਵਿੰਦਰ ਸੁਰਗੀਤ

''ਸਰ, ਵਗਦੀ ਗੰਗਾ 'ਚ ਹੱਥ ਧੋ ਈ ਲੈਣੇ ਚਾਹੀਦੇ ਐ।'' ਪਰਮਜੀਤ ਦੇ ਇਨ੍ਹਾਂ ਬੋਲਾਂ ਨੇ ਇੱਕ ਪ੍ਰੀਖਿਆ ਕੇਂਦਰ ਵਿੱਚ ਖੁੱਲ੍ਹਮ ਖੁੱਲ੍ਹੀ ਹੋ ਰਹੀ ਨਕਲ ਦੀ ਇੱਕ ਤਰ੍ਹਾਂ ਦੀ ਤਰਫਦਾਰੀ ਕੀਤੀ ਸੀ। ''ਸਰ, ਜੇ ਸਾਰੇ ਈ ਇਉਂ ਸੋਚਣ ਲੱਗ ਜਾਣ, ਫਿਰ ਤਾਂ ਸਰ ਗਿਆ ਬਸ।'' ਮੈਂ ਆਖਿਆ ਸੀ। ''ਸਰ, ਐਨਾ ਕੌਣ ਸੋਚਦੈ, ਚੱਲੀ ਜਾਂਦੈ ਸਾਰਾ ਕੁਸ਼।'' ਪਰਮਜੀਤ ਆਪਣੀ ਗੱਲ 'ਤੇ ਖੜ੍ਹਾ ਸੀ। ਅਸੀਂ ਕਾਫ਼ੀ ਚਿਰ ਬਹਿਸ ਕਰਦੇ ਰਹੇ। ਸਾਡੀ ਇਸ ਬਹਿਸ ਨੂੰ ਸੇਵਾਦਾਰ ਦੀ ਘੰਟੀ ਨੇ ਵਿਰਾਮ ਦਿੱਤਾ। ਪਰਮਜੀਤ ਉੱਠ ਕੇ ਪੀਰੀਅਡ ਲਾਉਣ ਚਲਾ ਗਿਆ ਤੇ ਮੈਂ ਸਕੂਲ ਦੇ ਟਰੈਕ ਵੱਲ ਹੋ ਗਿਆ। 'ਅਖੇ, ਵਗਦੀ ਗੰਗਾ 'ਚ ਹੱਥ...' 'ਤਾਹੀਓਂ ਤਾਂ ਫਿਰ ਸਿਸਟਮ ਦਾ ਭੱਠਾ ਬੈਠਾ ਪਿਐ, ਜਿੱਧਰ ਵੇਖੋ, ਬੇੜਾ ਗਰਕ ਹੋਇਆ ਪਿਐ, ਹਰ ਕੋਈ ਵਗਦੀ ਗੰਗਾ 'ਚ ਹੱਥ ਧੋਣੇ ਚਾਹੁੰਦੈ, ਹਰ ਕੋਈ ਇਹ ਵਿੰਹਦੈ, ਬਈ ਮੇਰਾ ਘਰ ਪੂਰਾ ਹੋਈ ਜਾਵੇ, ਦੁਨੀਆ ਜਾਏ ਢੱਠੇ ਖੂਹ 'ਚ, ਗੱਲ ਨਕਲ ਦੀ ਥੋੜ੍ਹੈ, ਗੱਲ ਤਾਂ ਸਾਡੇ ਡਿੱਗ ਰਹੇ ਕਿਰਦਾਰ ਦੀ ਐ, ਸਾਡੀ ਮਤਲਬਪ੍ਰਸਤੀ ਦੀ ਐ।' ਏਨਾ ਖ਼ਿਆਲਾਂ ਨੂੰ ਰਿੜਕਦਾ ਪਤਾ ਨਹੀਂ ਕਿਹੜੇ ਵੇਲੇ ਮੈਂ ਦੋ ਦਹਾਕੇ ਪਿੱਛੇ ਖਿਸਕ ਗਿਆ।

ਦੋ ਹਜ਼ਾਰ ਦੋ ਦੇ ਮਾਰਚ ਮਹੀਨੇ ਦੀ ਇੱਕ ਸਵੇਰ ਨੂੰ ਇੱਕ ਸਕੂਲ ਦੇ ਦਫ਼ਤਰ ਵਿੱਚ ਸੁਪਰਡੈਂਟ ਦੀ ਹੈਸੀਅਤ ਵਿੱਚ ਬੈਠਾ ਸਾਂ। ਸੁਪਰਡੈਂਟ ਦੇ ਤੌਰ 'ਤੇ ਇਹ ਮੇਰੀ ਪਹਿਲੀ ਡਿਊਟੀ ਸੀ। ਪ੍ਰਿੰਸੀਪਲ ਕੁਝ ਸਮਾਂ ਰਸਮੀ ਜਿਹੀਆਂ ਗੱਲਾਂ ਕਰਦਾ ਰਿਹਾ ਜਿਨ੍ਹਾਂ ਵਿੱਚ ਮੇਰੀ ਭੋਰਾ ਵੀ ਰੁਚੀ ਨਹੀਂ ਬਣ ਰਹੀ ਸੀ।

''ਤੁਸੀਂ ਨਾ ਸਰ ਇੱਕ ਵਾਰੀ ਮੈਨੂੰ ਸੈਂਟਰ ਵਿਖਾ ਦਿਓ।'' ਮੈਂ ਉਹਦੀਆਂ ਗੱਲਾਂ ਤੋਂ ਅੱਕਦਿਆਂ ਕਿਹਾ ਸੀ। ''ਕੋਈ ਨੀਂ ਸਰ, ਤੁਸੀਂ ਚਾਹ ਤਾਂ ਲਉ ਪਹਿਲਾਂ, ਪੇਪਰਾਂ ਦਾ ਨਾ ਫ਼ਿਕਰ ਕਰੋ, ਜੀਤ ਸਾਡਾ ਕਲਰਕ, ਬਥੇਰਾ ਟਰੇਂਡ ਐ। ਤੁਸੀਂ ਬਸ 'ਰਾਮ ਨਾਲ ਕੁਰਸੀ ਡਾਹ ਕੇ ਬਹਿ-ਜਿਆ ਕਰੋ।'' ਚਾਹ ਪੀਣ ਉਪਰੰਤ ਫਿਰ ਉਹ ਮੈਨੂੰ ਪ੍ਰੀਖਿਆ ਕੇਂਦਰ ਵੱਲ ਲੈ ਗਿਆ। ਕਲਰਕ ਨੂੰ ਵੀ ਬੁਲਾ ਲਿਆ। ''ਜੀਤ ਸਿਆਂ, ਇਹ ਸੁਪਡੈਂਟ ਐ ਆਪਣੇ, ਇਨ੍ਹਾਂ ਦਾ ਪੂਰਾ ਖ਼ਿਆਲ ਰੱਖਣੈ, ਕੋਈ 'ਲਾਂਭਾ ਨਾ ਆਏ।'' ਪੈਂਦੀ ਸੱਟੇ ਕਲਰਕ ਬੋਲਿਆ, ''ਮਖਿਆ ਸਾਬ੍ਹ ਜੀ, ਆਪਾਂ ਅੱਗੇ ਕਦੇ 'ਲਾਂਭਾ ਆਉਣ ਦਿੱਤੈ। ਅਖੇ, ਗੋਲੀ ਕੀਹਦੀ ਤੇ ਗਹਿਣੇ ਕੀਹਦੇ। ਪ੍ਰਿੰਸੀਪਲ ਕੁਝ ਸਮਾਂ ਬੈਠ ਕੇ ਆਪਣੇ ਦਫ਼ਤਰ ਚਲਾ ਗਿਆ। ਮੈਂ ਤੇ ਕਲਰਕ ਕੰਮ 'ਚ ਰੁੱਝ ਗਏ।

ਕੰਮ ਕਰਦਿਆਂ ਦਸ ਕੁ ਮਿੰਟ ਹੀ ਹੋਏ ਸਨ ਕਿ ਇੱਕ ਵਿਅਕਤੀ ਕਮਰੇ ਵਿੱਚ ਦਾਖਲ ਹੋਇਆ। ਕਲਰਕ ਉਸ ਨੂੰ ਉੱਠ ਕੇ ਬੜੇ ਤਪਾਕ ਨਾਲ ਮਿਲਿਆ। ਫਿਰ ਮੇਰੇ ਵੱਲ ਇਸ਼ਾਰਾ ਕਰਕੇ ਕਿਹਾ, ''ਇਹ ਆਪਣੇ 'ਸੁਪਡੈਂਟ' ਸਾਬ੍ਹ ਨੇ।'' ਵਿਅਕਤੀ ਨੇ ਮੈਨੂੰ ਵਿਸ਼ ਕੀਤੀ ਤੇ ਕੁਰਸੀ 'ਤੇ ਬੈਠ ਗਿਆ। ਫਿਰ ਕਲਰਕ ਮੈਨੂੰ ਸੰਬੋਧਨ ਕਰਕੇ ਕਹਿਣ ਲੱਗਾ, ''ਸਾਬ੍ਹ ਜੀ, ਇਹ ਬੇਅੰਤ ਸਿੰਘ ਐ, ਇਨ੍ਹਾਂ ਦਾ ਮੰਡੀ ਪ੍ਰਾਈਵੇਟ ਸਕੂਲ ਐ...।'' ''ਸਾਡੇ ਬੱਚੇ ਤੁਹਾਡੇ ਕੋਲ ਈ ਪੇਪਰ ਦੇ ਰਹੇ ਆ ਸਰ।'' ਬੇਅੰਤ ਨੇ ਵੀ ਆਪਣੀ ਗੱਲ ਰੱਖੀ। ਮੈਂ ''ਠੀਕ ਐ'' ਕਹਿ ਕੇ ਗੱਲ ਨਿਬੇੜੀ। ''ਇੱਕ ਮਿੰਟ ਬਾਹਰ ਆਇਓ ਸਰ।'' ਘੜੀ ਕੁ ਬਾਅਦ ਕਲਰਕ ਬੋਲਿਆ। ''ਕੋਈ ਨੀਂ ਐਥੇ ਈ ਗੱਲ ਕਰ ਲਓ।'' ''ਇੱਕ ਮਿੰਟ ਆਇਓ ਤਾਂ ਸਹੀ।'' ਜੀਤ ਦੇ ਦੁਬਾਰਾ ਕਹਿਣ 'ਤੇ ਮੈਂ ਉੱਠ ਖੜ੍ਹਾ ਹੋਇਆ।

''ਸਰ, ਇਹ ਆਪਣੇ ਖ਼ਾਸ ਬੰਦੇ ਐ।'' ਕਲਰਕ ਨੇ ਗੱਲ ਸ਼ੁਰੂ ਕੀਤੀ। ''ਇਨ੍ਹਾਂ ਦਾ ਆਪਾਂ ਪੂਰਾ ਖ਼ਿਆਲ ਰੱਖਣੈ।'' ''ਕੋਈ ਗੱਲ ਨੀਂ।'' ਮੈਂ ਸਿਰਫ਼ ਏਨਾ ਕਿਹਾ। ਫਿਰ ਬੇਅੰਤ ਬੋਲਿਆ, ''ਆਪਾਂ ਸੋਥੋਂ ਇੰਚ ਬਾਰ੍ਹ ਨੀਂ ਸਰ, ਜਿਵੇਂ ਤੁਸੀਂ ਕਹੋਗੇ, ਆਪਾਂ ਉਵੇਂ ਕਰਨ ਨੂੰ ਤਿਆਰ ਆਂ।'' ਪਰ ਮੈਂ ਉਨ੍ਹਾਂ ਤੋਂ ਛੇਤੀ ਹੀ ਖਹਿੜਾ ਛੁਡਾ ਕੇ ਵਾਪਸ ਆ ਗਿਆ ਤੇ ਆਪਣੇ ਨਿਗਰਾਨਾਂ ਨਾਲ ਅਗਲੇ ਦਿਨ ਦੇ ਪੇਪਰ ਸਬੰਧੀ ਕੰਮਕਾਜ ਵਿੱਚ ਰੁੱਝ ਗਿਆ। ਕਲਰਕ ਚਿਰ ਬਾਅਦ ਵਾਪਸ ਆਇਆ। ਉਦੋਂ ਤੱਕ ਮੇਰਾ ਸਟਾਫ ਜਾ ਚੁੱਕਾ ਸੀ ਤੇ ਮੈਂ ਇਕੱਲਾ ਹੀ ਬੈਠਾ ਸੀ।

''ਸਾਬ੍ਹ ਜੀ।'' ਕਲਰਕ ਨੇ ਆਉਂਦਿਆਂ ਹੀ ਫਿਰ ਗੱਲ ਸ਼ੁਰੂ ਕਰ ਲਈ, ''ਵਾਹਵਾ ਮੋਟੀ ਸਾਮੀ ਐ ਸਰ, ਉਂ ਵੀ ਬੰਦਾ ਪੂਰਾ ਦਿਲ ਆਲੈ, ਖੁੱਲ੍ਹ ਕੇ ਖਰਚ ਕਰਦੈ। ਆਪਣਾ ਵੀ ਵਾਹਵਾ ਮਾਣ ਤਾਣ ਕਰ ਦਿੰਦੈ, ਹੁਣ ਇਹੀ ਪੁੱਛਣ ਆਇਐ ਕਿ ਕੀ ਸੇਵਾ ਕਰੀਏ ਸੁਪਡੈਂਟ ਸਾਬ੍ਹ ਦੀ। 'ਸੇਵਾ' ਵੀ ਨਕਦ ਈ ਕਰਦੈ, ਬਾਕੀ ਜਿਵੇਂ ਸੋਨੂੰ ਠੀਕ ਲੱਗੇ।'' ''ਦੇਖ ਬਈ ਜੀਤ ਸਿਆਂ, ਤੁਸੀਂ ਮੈਨੂੰ ਗਲਤ ਸਮਝੀ ਜਾਨੇਂ ਓਂ, ਏਸ ਰਾਹ ਦਾ ਰਾਹੀ ਹੈ ਨੀਂ ਮੈਂ, ਨਕਲ, ਨੁਕਲ ਨੀਂ ਚੱਲਣ ਦੇਣੀ ਆਪਾਂ।'''ਓਹ ਕਾਹਨੂੰ ਸਾਬ੍ਹ ਜੀ, ਨਕਲ ਦਾ ਨਾ ਫ਼ਿਕਰ ਕਰਿਓ ਤੁਸੀਂ, ਨਕਲ ਐਂ ਥੋੜ੍ਹੀ ਕਰਾਵਾਂਗੇ, ਸੋਡੇ ਨਾਲ ਦੁਸ਼ਮਣੀ ਥੋੜ੍ਹੈ ਆਪਣੀ। ਕਿਸੇ ਢੰਗ ਤਰੀਕੇ ਨਾਲ ਕਰਾਵਾਂਗੇ, ਬਾਕੀ ਇੱਕ ਗੱਲ ਹੋਰ ਦੱਸਾਂ, ਬੇਅੰਤ ਨੇ ਉਪਰ ਵੀ ਬੰਦੇ ਗੰਢੇ ਹੁੰਦੈ ਐ, ਆਪਣਾ ਵੀ ਪੂਰਾ 'ਪ੍ਰਬੰਧ' ਕੀਤਾ ਹੁੰਦੈ, ਏਸ ਗੱਲੋਂ ਸਾਬ੍ਹ ਬਥੇਰੇ ਧਾਕੜ ਨੇ।'' ''ਜੀਤ ਸਿਆਂ..।'' ਮੈਂ ਰਤਾ ਕਰਾਰਾ ਹੋ ਕੇ ਬੋਲਿਆ, ''ਤੁਸੀਂ ਵਾਰੀ ਵਾਰੀ ਇੱਕੋ ਗੱਲ ਨਾ ਆਖੋ ਮੈਨੂੰ। ਨਵੇਂ ਬੰਦੇ ਦਾ ਸਾਥ ਤਾਂ ਕੀ ਦੇਣੈਂ ਸਗੋਂ ਤੁਸੀਂ ਤਾਂ ਮੈਨੂੰ ਪ੍ਰੇਸ਼ਾਨ ਕਰੀ ਜਾਨੇਂ ਓਂ।'' ਦੁਬਾਰਾ ਉਸ ਨੇ ਗੱਲ ਨਾ ਛੇੜੀ।

ਕੰਮ ਨਿਬੇੜ ਕੇ ਮੈਂ ਘਰ ਜਾਣ ਦੀ ਤਿਆਰੀ ਹੀ ਕਰ ਰਿਹਾ ਸੀ ਕਿ ਦੋ ਭੈਣਜੀਆਂ ਮੇਰੇ ਕਮਰੇ ਵਿੱਚ ਆਈਆਂ। ''ਸੱਸਰੀ 'ਕਾਲ ਵੀਰ ਜੀ।'' ਉਹ ਦੋਵੇਂ ਇਕੱਠੀਆਂ ਹੀ ਬੋਲੀਆਂ। ''ਸੱਸਰੀ ਕਾਲ ਜੀ।'' ਮੈਂ ਬਦਲੇ ਵਿੱਚ ਕਿਹਾ। ''ਕਿਹੜੇ ਥਾਂ ਤੋਂ ਵੀਰ ਜੀ ਤੁਸੀਂ?'' ਉਨ੍ਹਾਂ ਵਿੱਚ ਜੋ ਕਾਫ਼ੀ ਲੰਮੇ ਕੱਦ ਦੀ ਸੀ, ਨੇ ਗੱਲ ਦੀ ਸ਼ੁਰੂਆਤ ਕੀਤੀ। ਮੈਂ ਆਪਣੇ ਸ਼ਹਿਰ ਦਾ ਨਾਮ ਦੱਸਿਆ। ''ਓਂਝ ਸੋਨੂ ਦੂਰ ਤਾਂ ਲੱਗਿਆ ਹੋਊ ਸਕੂਲ, ਆਪਣੇ ਮਹਿਕਮੇ ਦਾ ਵੀ ਬੁਰਾ ਹਾਲ ਈ ਐ, ਲੈ, ਕੋਈ ਨੇੜੇ ਸੈਂਟਰ ਨੀਂ ਦਿੱਤਾ ਜਾਂਦਾ ਸੀ!'' ਹੁਣ ਉਹਦੇ ਨਾਲ ਦੀ ਭੈਣਜੀ ਬੋਲੀ। ਇਉਂ ਗੱਲਾਂ ਦੀ ਬਿਸਾਤ ਵਿਛਾਉਣ ਤੋਂ ਬਾਅਦ ਉਹ ਅਸਲ ਵਿਸ਼ੇ 'ਤੇ ਆਈਆਂ, ''ਅਸੀਂ ਤਾਂ ਵੀਰ ਜੀ, ਸੋਨੂ ਪਤਾ ਈ ਐ, ਆਪਣੇ ਸਕੂਲਾਂ ਦੇ ਜੁਆਕਾਂ ਦਾ ਹਾਲ ਤਾਂ ਮਾੜਾ ਈ ਹੁੰਦੈ, ਮੈਂ ਈ ਅੰਗਰੇਜ਼ੀ ਪੜ੍ਹਾਉਣੀ ਆਂ ਵੀਰ ਜੀ ਬਾਰ੍ਹਵੀਂ ਨੂੰ, ਮਿਹਨਤ ਤਾਂ ਬਥੇਰੀ ਕਰਾਈ ਐ, ਪਰ ਅੰਗਰੇਜ਼ੀ ਦਾ ਤੁਹਾਨੂੰ ਪਤਾ ਈ ਐ, ਆਪਣੇ ਜਵਾਕਾਂ ਦਾ।'' ਲੰਮੇ ਕੱਦ ਵਾਲੀ ਭੈਣ ਜੀ ਨੇ ਗੱਲ ਪੂਰੀ ਕੀਤੀ ਹੀ ਸੀ ਕਿ ਵੀਰਪਾਲ ਨੇ ਗੱਲ ਅੱਗੇ ਤੋਰੀ, ''ਸਾਡੇ ਇਹ ਸੁਰਜੀਤ ਮੈਮ ਤਾਂ ਬਥੇਰਾ ਖ਼ੂਨ ਸਾੜਦੇ ਐ, ਓਵਰ 'ਟੈਮ' ਵੀ ਲਾਉਂਦੇ ਐ।'' ''ਫਿਰ ਕਿਉਂ ਫ਼ਿਕਰ ਕਰਦੇ ਓਂ, ਆਪੇ ਪਾਸ ਹੋ ਜਾਣਗੇ।'' ਉਨ੍ਹਾਂ ਦੋਵਾਂ ਵੱਲ ਵੇਖਦਿਆਂ ਮੈਂ ਬੋਲਿਆ। ''ਐਂ ਤਾਂ ਮੈਨੂੰ ਕੋਈ ਫ਼ਿਕਰ ਨੀ, ਪਰ ਸਰ ਹੈਗੇ ਐ ਤਿੰਨ, ਚਾਰ ਭੈੜੇ ਜਿਹੇ, ਜਮਾਂ ਨੀਂ ਪੜ੍ਹਦੇ, ਮੈਂ ਤਾਂ ਉਨ੍ਹਾਂ ਨਾਲ ਮੱਥਾ ਮਾਰਦੀ ਨੇ ਬਲੱਡ ਪ੍ਰੈਸ਼ਰ ਵੀ ਸਹੇੜ ਲਿਆ।'' ਸੁਰਜੀਤ, ਬੋਲੀ। ''ਤੁਸੀਂ ਬਸ ਏਨੀ ਕੁ ਬੇਨਤੀ ਕਬੂਲ ਕਰ ਲਿਓ, ਹਾਲ 'ਚ ਨਾ ਬਹਾਇਓ ਜਵਾਕ ਤੇ ਦਸ ਕੁ ਮਿੰਟ ਅੰਦਰ ਜਾਣ ਦੇ ਦਿਓ ਮੈਮ ਨੂੰ।'' ਵੀਰਪਾਲ ਬੋਲੀ। ''ਨਾ ਮੈਡਮ, ਐਂ ਤਾਂ ਮੁਸ਼ਕਿਲ ਐ।'' ''ਚੱਲ ਫਿਰ ਵੀਰ ਜੀ, ਐਨੀ ਕੁ ਤਾਂ ਗੱਲ ਮੰਨ ਲਿਓ, ਹਾਲ 'ਚ ਨਾ ਬਹਾਇਓ ਬਸ।'' ''ਕੋਈ ਨੀਂ ਦੇਖਦੇ ਆਂ।''

''ਲਿਆ ਦਿਖਾ ਜੀਤ ਸਿਆਂ, ਸਿਟਿੰਗ ਪਲਾਨ ਕਿਵੇਂ ਬਣਾਇਐ।'' ''ਆਪਣਾ ਸਰ ਕਿਹੜਾ ਕੋਈ ਨਵਾਂ ਕੰਮ ਐ, ਤੁਸੀਂ ਬਸ ਦਬਾਦਬ ਸਾਈਨ ਕਰੋ, ਆਪਾਂ ਕਿਤੇ ਲੇਟ ਨਾ ਹੋ ਜਾਈਏ।'' ਉਹਨੇ ਸਿਟਿੰਗ ਪਲਾਨ ਦੀ ਕਾਪੀ ਮੇਰੇ ਅੱਗੇ ਧਰਦਿਆਂ ਕਿਹਾ। ਮੈਂ ਉਹਨੂੰ ਧਿਆਨ ਨਾਲ ਦੇਖਿਆ। ਬਹੁਤੀਆਂ ਗੱਲਾਂ ਵਿੱਚ ਪੈਣ ਦੀ ਬਜਾਇ ਬਸ ਏਨਾ ਹੀ ਕਿਹਾ, ''ਥੋੜ੍ਹੀ ਜਿਹੀ ਤਬਦੀਲੀ ਕਰਦੇ ਆਂ।'' ਮੇਰੀ ਗੱਲ ਸੁਣ ਕੇ ਉਹਦੇ ਮੱਥੇ ਤਿਊੜੀ ਉੱਭਰ ਆਈ। ਮੈਂ ਆਪਣੀ ਨਿਗਰਾਨੀ ਹੇਠ ਨਵੇਂ ਸਿਰੇ ਤੋਂ ਸਿਟਿੰਗ ਪਲਾਨ ਤਿਆਰ ਕਰਵਾਇਆ।

ਪੇਪਰ ਸਹੀ ਸਮੇਂ 'ਤੇ ਸ਼ੁਰੂ ਹੋ ਗਿਆ। ਮੈਂ ਸਾਰੇ ਕਮਰਿਆਂ ਦਾ ਦੌਰਾ ਕੀਤਾ। ਸਭ ਕੁਝ ਠੀਕ ਲੱਗਿਆ। ਪਹਿਲਾ ਦਿਨ ਸੁੱਖੀਂ-ਸਾਂਦੀ ਨਿੱਬੜ ਗਿਆ। ਅਗਲੇ ਦਿਨ ਵੀ ਇਉਂ ਹੀ ਬੀਤਣ, ਮੈਂ ਕਾਮਨਾ ਕੀਤੀ। ਅਗਲਾ ਦਿਨ ਵੀ ਸਹੀ ਰਿਹਾ। ਇਉਂ ਪ੍ਰੀਖਿਆ ਕੇਂਦਰ ਨੇ ਇੱਕ ਲੈਅ ਫੜ ਲਈ। ਇਸ ਦਰਮਿਆਨ, ਜਿਹੜਾ ਵਿਅਕਤੀ ਮੇਰੇ ਨਾਲ ਚੱਟਾਨ ਵਾਂਗ ਖੜ੍ਹਾ ਰਿਹਾ, ਉਹ ਸੀ ਮੇਰਾ ਡਿਪਟੀ ਸੁਪਰਡੈਂਟ। ਉਸ ਦਿਨ ਗਣਿਤ ਦਾ ਪੇਪਰ ਸੀ, ਉਹਨੂੰ ਸ਼ੱਕ ਪੈ ਗਿਆ ਕਿ ਸਾਡਾ ਇੱਕ ਨਿਗਰਾਨ 'ਦੂਸਰੀ ਧਿਰ' ਨਾਲ ਰਲਿਆ ਹੋਇਆ ਹੈ। ਕਾਰਨ, ਉਹ ਲੋੜ ਤੋਂ ਵੱਧ ਕਮਰੇ ਵਿੱਚੋਂ ਬਾਹਰ ਗਿਆ। ਆਪਣੀ ਥਾਂ ਉਸ ਨੂੰ ਖੜ੍ਹਾ ਜਾਂਦਾ। ਬਹਾਨਾ ਲਾਉਂਦਾ, ਪੇਟ ਖਰਾਬ ਹੋਣ ਦਾ। ਡਿਪਟੀ ਦਾ ਸ਼ੱਕ ਸਹੀ ਨਿਕਲਿਆ। ਬਾਹਰ ਅੰਦਰ ਦੇ ਚੱਕਰ ਵਿੱਚ ਉਹ ਪਰਚੀਆਂ ਦਾ ਆਦਾਨ ਪ੍ਰਦਾਨ ਕਰ ਰਿਹਾ ਸੀ। ਉਹਨੂੰ ਪਿਆਰ ਨਾਲ ਅਸਾਂ ਦੋਵਾਂ ਨੇ ਸਮਝਾਇਆ, ਪਰ ਉਹ ਪੈਰਾਂ 'ਤੇ ਪਾਣੀ ਨਹੀਂ ਪੈਣ ਦੇ ਰਿਹਾ ਸੀ। ਇੱਕ ਵਾਰ ਅਸਾਂ ਗੱਲ ਆਈ ਗਈ ਕਰ ਦਿੱਤੀ, ਪਰ ਉਹ ਆਪਣੀ ਆਦਤ ਤੋਂ ਬਾਜ਼ ਨਾ ਆਇਆ। ਮੇਰੇ ਡਿਪਟੀ ਨੇ ਨਿਗ੍ਹਾ ਰੱਖੀ। ਕਮਰੇ ਦੀ ਇੱਕ ਖਿੜਕੀ ਜਿਸ ਵਿਚਲੀ, ਜਾਲੀ ਵਿੱਚ ਮਘੋਰੇ ਹੋਏ ਪਏ ਸਨ, ਉੱਥੋਂ ਇੱਕ ਮਿਨੀ ਗਾਈਡ ਲੈਂਦਾ ਫੜਿਆ ਗਿਆ। ਫਿਰ ਤਾਂ ਮੈਂ ਉਸ ਨੂੰ ਰੀਲੀਵ ਕਰ ਦਿੱਤਾ। ਇੰਝ ਹੀ ਇੱਕ ਦਿਨ ਮੇਰੇ ਡਿਪਟੀ ਨੇ ਪਾਣੀ ਪਿਆਉਣ ਵਾਲੇ ਨੂੰ ਫੜਿਆ। ਪਾਣੀ ਪਿਆਉਣ ਦੇ ਬਹਾਨੇ ਉਹ ਪਰਚੀਆਂ 'ਪਿਆ' ਰਿਹਾ ਸੀ।

ਇੱਕ ਦਿਨ ਕਲਰਕ ਕਹਿੰਦਾ, ''ਸਰ, ਮੈਂ ਇੱਕ ਗੱਲ ਹੋਰ ਸੁਣੀ ਐ।'' ਇੰਨਾ ਕਹਿ ਉਸ ਨੇ ਕੁਰਸੀ ਖਿੱਚ ਕੇ ਮੇਰੇ ਨੇੜੇ ਕਰ ਲਈ। ਅਖੇ, ''ਤੁਹਾਨੂੰ ਮੁੰਡੇ ਘੇਰਨ ਨੂੰ ਫਿਰਦੇ ਐ, ਮੈਂ ਸੋਚਿਆ, ਸੁਪਡੈਂਟ ਸਾਬ੍ਹ ਆਪਣੇ ਬੰਦੇ ਐ, ਦੱਸਣਾ ਬਣਦੈ, ਐਵੇਂ ਕੱਲ੍ਹ ਨੂੰ ਕੋਈ ਨੁਕਸਾਨ ਹੋ ਜੇ।'' ''ਕੋਈ ਗੱਲ ਨੀਂ ਜੀਤ ਸਿਆਂ, ਜੇ ਮੁੰਡੇ ਘੇਰਨਾ ਚਾਹੁੰਦੇ ਐ ਤਾਂ ਘੇਰ ਲੈਣ।'' ਮੈਂ ਸਹਿਜ ਨਾਲ ਬੋਲਿਆ। ਗੱਲ ਕਹਿ ਕੇ ਜਿਵੇਂ ਉਹ ਆਪ ਹੀ ਛਿੱਥਾ ਜਿਹਾ ਪੈ ਗਿਆ।

ਨਾ ਤਾਂ ਕਿਸੇ ਨੇ ਘੇਰਿਆ, ਨਾ ਹੀ ਕਿਸੇ ਨੇ ਘੇਰਨਾ ਸੀ।

ਮੈਂ ਇਹ ਤਾਂ ਨਹੀਂ ਕਹਿੰਦਾ ਕਿ ਸੈਂਟਰ ਵਿੱਚ ਚਿੜੀ ਨਹੀਂ ਫੜਕਣ ਦਿੱਤੀ, ਅੰਦਰਖਾਤੇ ਕੁਝ ਨਾ ਕੁਝ ਤਾਂ ਜ਼ਰੂਰ ਹੁੰਦਾ ਰਿਹਾ ਹੋਵੇਗਾ। ਹਾਂ, ਇੰਨਾ ਜ਼ਰੂਰ ਹੈ ਕਿ ਵਿਰੋਧੀ ਧਿਰ ਦੇ ਮਨਸੂਬੇ ਪਈ 'ਇਸ ਛੱਬੀ ਕੁ ਸਾਲਾਂ ਦੇ, ਕੱਲ੍ਹ ਦੇ ਨਿਆਣੇ ਸੁਪਡੈਂਟ' ਨੂੰ ਅਸੀਂ ਆਪਣੀ ਮਰਜ਼ੀ ਨਾਲ ਚਲਾ ਲਵਾਂਗੇ, ਪੂਰੇ ਨਹੀਂ ਹੋਣ ਦਿੱਤੇ ਸਨ।

ਘੜੀ ਵੱਲ ਦੇਖਿਆ। ਅਗਲਾ ਪੀਰੀਅਡ ਲੱਗਣ ਵਾਲਾ ਸੀ। ਟਰੈਕ 'ਚੋਂ ਸਿੱਧਾ ਸਟਾਫ ਰੂਮ ਵੱਲ ਹੋ ਗਿਆ। ਅਜੇ ਬੈਠਾ ਹੀ ਸੀ ਕਿ ਘੰਟੀ ਲੱਗ ਗਈ। ਜਮਾਤ ਵਿੱਚ ਜਾਣ ਲਈ ਉੱਠਿਆ। ਬਰਾਂਡੇ ਵਿੱਚ ਪਰਮਜੀਤ ਮਿਲਿਆ। ਮੈਂ ਜਾਂਦਾ ਜਾਂਦਾ ਰੁਕ ਗਿਆ। ''ਪਰਮਜੀਤ, ਵਗਦੀ ਗੰਗਾ 'ਚ ਹੱਥ ਨਹੀਂ ਧੋਣੇ ਚਾਹੀਦੇ।'' ਮੈਂ 'ਨਹੀਂ' 'ਤੇ ਕਾਫ਼ੀ ਜ਼ੋਰ ਲਾਇਆ। ਪਲ ਕੁ ਲਈ ਤਾਂ ਉਹ ਮੇਰੀ ਗੱਲ ਸਮਝਿਆ ਨਾ। ਫਿਰ ਹੈਰਾਨ ਹੁੰਦਿਆਂ ਬੋਲਿਆ, ''ਤੁਸੀਂ ਸਰ ਅਜੇ ਉਸੇ ਗੱਲ 'ਤੇ ਈ ਖੜ੍ਹੇ ਓ।'' ''... ਹਾਂ ਪਰਮਜੀਤ, ਮੈਂ ਓਸੇ ਗੱਲ 'ਤੇ ਈ ਖੜ੍ਹਾ ਹਾਂ, ਤੇ ਮੈਂ ਹਰ ਉਸ ਗੱਲ 'ਤੇ ਖੜ੍ਹਨ ਦੀ ਕੋਸ਼ਿਸ਼ ਕਰਦਾ ਹਾਂ, ਜਿੱਥੇ ਮੈਨੂੰ ਲੱਗੇ ਕਿ ਖੜ੍ਹਨਾ ਚਾਹੀਦੈ।'' ਇਹ ਕਹਿ ਮੈਂ ਉਹਦੇ ਕੋਲੋਂ ਤੁਰ ਪਿਆ।

# ਮਾਪਿਆਂ ਦੇ ਬੱਚਿਆਂ ਨਾਲ ਦੋਸਤਾਨਾ ਸੰਬੰਧਾਂ ਦਾ ਮਰਯਾਦਾ ਵਿੱਚ ਰਹਿਣਾ ਬਹੁਤ ਜ਼ਰੂਰੀ ਹੈ ...

ਲੇਖਕ : ਵਿਜੈ ਕੁਮਾਰ
ਸੰਪਰਕ : 98726 – 27136

ਇਹ ਕੋਈ ਬਹੁਤਾ ਸਮਾਂ ਪਹਿਲਾਂ ਦੀ ਗੱਲ ਨਹੀਂ ਹੈ ਕਿ ਬੱਚਿਆਂ ਅਤੇ ਮਾਪਿਆਂ ਦੇ ਸੰਬੰਧਾਂ ਵਿੱਚ ਇੱਕ ਮਰਯਾਦਾ ਹੁੰਦੀ ਸੀ। ਜਵਾਨ ਬੱਚੇ ਚਾਹੇ ਉਹ ਪੁੱਤਰ ਹੁੰਦੇ ਸਨ ਜਾਂ ਧੀਆਂ, ਆਪਣੇ ਮਾਪਿਆਂ, ਚਾਚੇ ਚਾਚੀਆਂ, ਤਾਏ ਤਾਈਆਂ, ਹੋਰ ਘਰ ਦੇ ਬੜੇ ਬਜ਼ੁਰਗਾਂ, ਇੱਥੋਂ ਤਕ ਕਿ ਬੜੇ ਭੈਣ ਭਰਾਵਾਂ ਸਾਹਮਣੇ ਗੱਲ ਕਰਦਿਆਂ ਝਿਜਕਦੇ ਸਨ। ਉਨ੍ਹਾਂ ਦੇ ਬਰਾਬਰ ਨਾ ਬੈਠਦੇ ਸਨ ਤੇ ਨਾ ਹੀ ਉਨ੍ਹਾਂ ਦੇ ਬਰਾਬਰ ਬੈਠਕੇ ਖਾਂਦੇ ਸਨ। ਜਵਾਨ ਬੱਚਿਆਂ ਦੇ ਮਨਾਂ ਵਿੱਚ ਆਪਣੇ ਬੜਿਆਂ ਬਜ਼ੁਰਗਾਂ ਪ੍ਰਤੀ ਅਦਬ ਅਤੇ ਸਤਿਕਾਰ ਹੁੰਦਾ ਸੀ। ਬੜੇ ਬਜ਼ੁਰਗ ਵੀ ਆਪਣੇ ਸਿਆਣੇ ਅਤੇ ਬੜੇ ਹੋਣ ਦਾ ਅਰਥ ਸਮਝਦੇ ਸਨ। ਉਹ ਆਪਣੇ ਜਵਾਨ ਬੱਚਿਆਂ ਨਾਲ ਇੱਕ ਸੀਮਾ ਬਣਾ ਕੇ ਰੱਖਦੇ ਸਨ। ਉਹ ਸ਼ਰਾਬ, ਸਿਗਰੇਟ ਅਤੇ ਹੋਰ ਅਜਿਹੀਆਂ ਚੀਜ਼ਾਂ ਦੀ ਵਰਤੋਂ ਆਪਣੇ ਜਵਾਨ ਬੱਚਿਆਂ ਸਾਹਮਣੇ ਕਰਨ ਨੂੰ ਬਹੁਤ ਬੁਰਾ ਸਮਝਦੇ ਸਨ, ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦੇ ਜਵਾਨ ਬੱਚਿਆਂ ਉੱਤੇ ਉਨ੍ਹਾਂ ਦੀ ਨਸ਼ਾ ਕਰਨ ਦੀ ਮਾੜੀ ਆਦਤ ਦਾ ਬੁਰਾ ਅਸਰ ਪਵੇ ਅਤੇ ਉਹ ਵੀ ਨਸ਼ਾ ਨਾ ਕਰਨ ਲੱਗ ਪੈਣ। ਜਵਾਨ ਬੱਚੇ ਪਹਿਰਾਵਾ ਵੀ ਇਹ ਸੋਚਕੇ ਪਾਉਂਦੇ ਸਨ ਕਿ ਉਨ੍ਹਾਂ ਦੇ ਬਜ਼ੁਰਗਾਂ ਨੂੰ ਭੈੜਾ ਨਾ ਲੱਗੇ। ਇਹੋ ਕਾਰਨ ਸੀ ਕਿ ਸਮਾਜ ਵਿੱਚ ਮਾਣ ਮਰਯਾਦਾ ਵਾਲਾ ਮਾਹੌਲ ਸੀ। ਸਮਾਜਿਕ ਪੱਧਰ ਵਿੱਚ ਇੱਕ ਅਦਬ ਅਤੇ ਉਚੇਚ ਸੀ।



ਜਵਾਨ ਬੱਚਿਆਂ ਨੂੰ ਮਾਣ ਮਰਯਾਦਾ ਦਾ ਗਿਆਨ ਸੀ। ਉਹ ਆਪਣੇ ਬਜ਼ੁਰਗਾਂ ਸਾਹਮਣੇ ਉੱਚੀ ਆਵਾਜ਼ ਵਿੱਚ ਗੱਲ ਕਰਨ ਨੂੰ ਗੁਸਤਾਖੀ ਮੰਨਦੇ ਸਨ। ਅੱਵਲ ਤਾਂ ਜਵਾਨ ਬੱਚੇ ਆਪਣੇ ਮਾਪਿਆਂ ਤੋਂ ਡਰਦੇ ਨਸ਼ਾ ਕਰਦੇ ਹੀ ਨਹੀਂ ਸਨ, ਜਿਹੜੇ ਕਰਦੇ ਵੀ ਸਨ, ਉਹ ਇਸ ਢੰਗ ਨਾਲ ਕਰਦੇ ਸਨ ਕਿ ਉਨ੍ਹਾਂ ਦੇ ਬਜ਼ੁਰਗਾਂ ਨੂੰ ਪਤਾ ਨਾ ਚੱਲੇ, ਇਸੇ ਲਈ ਬਹੁਤ ਘੱਟ ਜਵਾਨ ਬੱਚੇ ਨਸ਼ਾ ਕਰਦੇ ਸਨ।


ਪਰ ਜ਼ਮਾਨੇ ਦੇ ਬਦਲਾਅ ਅਤੇ ਪੱਛਮੀ ਸਭਿਅਤਾ ਦੇ ਪ੍ਰਭਾਵ ਕਾਰਨ ਮਾਪਿਆਂ ਅਤੇ ਜਵਾਨ ਬੱਚਿਆਂ ਦੇ ਸੰਬੰਧਾਂ ਵਿੱਚ ਮਰਯਾਦਾ ਜਾਂ ਸੀਮਾ ਅਲੋਪ ਹੁੰਦੀ ਨਜ਼ਰ ਆ ਰਹੀ ਹੈ। ਅਜੋਕੇ ਸਮੇਂ ਵਿੱਚ ਬੱਚਿਆਂ ਨਾਲ ਦੋਸਤਾਨਾ ਸੰਬੰਧ ਰੱਖਣ ਨੂੰ ਸਟੇਟਸ ਸਿੰਬਲ ਮੰਨਿਆ ਜਾਣ ਲੱਗ ਪਿਆ ਹੈ। ਜਵਾਨ ਬੱਚੇ ਤੇ ਉਨ੍ਹਾਂ ਦੇ ਮਾਪੇ ਇੱਕਠੇ ਬੈਠਕੇ ਸ਼ਰਾਬ ਪੀਂਦੇ ਵੇਖੇ ਜਾ ਸਕਦੇ ਹਨ। ਜਵਾਨ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਇੱਕ ਦੂਜੇ ਨਾਲ ਗੱਲਬਾਤ ਕਰਨ ਦਾ ਤੌਰ ਤਰੀਕਾ ਬਦਲਦਾ ਜਾ ਰਿਹਾ ਹੈ। ਜ਼ਬਾਨ ਮੁੰਡਿਆਂ ਦਾ ਆਪਣੇ ਬਾਪ ਨਾਲ ਅਤੇ ਜਵਾਨ ਕੁੜੀਆਂ ਦਾ ਆਪਣੀ ਮਾਂ ਨਾਲ 'ਯਾਰ ਯਾਰ' ਕਰਕੇ ਗੱਲ ਕਰਨਾ ਆਮ ਜਿਹੀ ਗੱਲ ਹੋ ਗਈ ਹੈ। ਜਵਾਨ ਬੱਚਿਆਂ ਦਾ ਆਪਣੇ ਮਾਪਿਆਂ ਸਾਹਮਣੇ ਪਾਇਆ ਜਾਣ ਵਾਲਾ ਪਹਿਰਾਵਾ, ਉਨ੍ਹਾਂ ਦਾ ਇੱਕ ਦੂਜੇ ਨਾਲ ਕੀਤਾ ਜਾਣ ਵਾਲਾ ਭੱਦਾ ਮਜ਼ਾਕ ਅਤੇ ਜਵਾਨ ਬੱਚਿਆਂ ਦਾ ਆਪਣੇ ਮਪਿਆਂ ਨਾਲ ਆਪਣੇ ਪਿਆਰ ਸੰਬੰਧਾਂ ਬਾਰੇ ਚਰਚਾ ਕਰਨੀ ਜਵਾਨ ਬੱਚਿਆਂ ਅਤੇ ਮਾਪਿਆਂ ਦੇ ਸੰਬੰਧਾਂ ਦੀ ਮਰਯਾਦਾ ਨੂੰ ਢਾਹ ਲਗਾ ਰਹੇ ਹਨ। ਕਈ ਵਾਰ ਤਾਂ ਆਪਣੇ ਆਪ ਨੂੰ ਬਹੁਤ ਮਾਡਰਨ ਸਮਝਣ ਵਾਲੇ ਮਾਪੇ ਆਪਣੇ ਛੋਟੇ ਬੱਚਿਆਂ ਨੂੰ ਸ਼ਰਾਬ ਦਾ ਘੁੱਟ ਲਗਵਾਕੇ ਬਹੁਤ ਖੁਸ਼ ਹੁੰਦੇ ਹਨ। ਮਾਪਿਆਂ ਦਾ ਆਪਣੇ ਬੱਚਿਆਂ ਨਾਲ ਮਰਯਾਦਾ ਤੋਂ ਲਾਂਭੇ ਹੋ ਕੇ ਵਿਚਰਨਾ ਸਮਾਜ ਵਿੱਚ ਇੱਕ ਸਮੱਸਿਆ ਬਣਦਾ ਜਾ ਰਿਹਾ ਹੈ। ਮਾਡਰਨ ਹੋਣ ਅਤੇ ਜ਼ਮਾਨੇ ਦੇ ਨਾਲ ਚੱਲਣ ਦੇ ਨਾਂ 'ਤੇ ਜਵਾਨ ਬੱਚਿਆਂ ਨੂੰ ਦਿੱਤੀ ਜਾ ਰਹੀ ਖੁੱਲ੍ਹ ਬੱਚਿਆਂ ਦੇ ਮਾਪਿਆਂ ਲਈ ਗੰਭੀਰ ਸਮੱਸਿਆਵਾਂ ਖੜ੍ਹੀ ਕਰ ਰਹੀ ਹੈ।


ਮੇਰਾ ਇੱਕ ਪੜ੍ਹਿਆ ਲਿਖਿਆ ਜਾਣੂ ਵਿਅਕਤੀ ਆਪਣੇ ਮਿੱਤਰਾਂ ਦੋਸਤਾਂ ਸਾਹਮਣੇ ਇਹ ਕਹਿ ਕੇ ਬੜਾ ਖੁਸ਼ ਹੁੰਦਾ ਸੀ ਕਿ ਉਹ ਸ਼ਾਮ ਨੂੰ ਪੈੱਗ ਲਗਾਉਣ ਲੱਗਿਆਂ ਆਪਣੇ ਪੁੱਤਰ ਨੂੰ ਸ਼ਰਾਬ ਦਾ ਸਵਾਦ ਦਿਖਾ ਦਿੰਦਾ ਹੈ। ਇਸ ਵਰਤਾਰੇ ਬਾਰੇ ਉਹ ਆਖਦਾ – ਆਪਾਂ ਤਾਂ ਹੁਣ ਤੋਂ ਹੀ ਦੋਸਤਾਂ ਵਾਂਗ ਰਹਿੰਦੇ ਹਾਂ। ਉਸ ਦੋਸਤ ਨੂੰ ਆਪਣੀ ਗਲਤੀ ਦਾ ਇਹਸਾਸ ਹੁਣ ਹੋਣ ਲੱਗਾ ਹੈ, ਜਦੋਂ ਉਸਦਾ ਪੁੱਤਰ ਨਸ਼ੇੜੀ ਹੋ ਗਿਆ ਹੈ। ਅੱਜ ਕੱਲ੍ਹ ਦੇ ਯੁਗ ਵਿੱਚ ਉਨ੍ਹਾਂ ਲੋਕਾਂ ਨੂੰ ਪੁਰਾਣੇ ਵਿਚਾਰਾਂ ਵਾਲੇ, ਪਛੜੇ ਹੋਏ ਅਤੇ ਜ਼ਮਾਨੇ ਅਨੁਸਾਰ ਆਪਣੇ ਆਪ ਨੂੰ ਨਾ ਢਾਲਣ ਵਾਲੇ ਕਿਹਾ ਜਾਂਦਾ ਹੈ, ਜਿਹੜੇ ਲੋਕ ਆਪਣੇ ਬੱਚਿਆਂ ਨੂੰ ਬਹੁਤੀ ਖੁੱਲ੍ਹ ਨਹੀਂ ਦਿੰਦੇ, ਜਿਹੜੇ ਖੁਦ ਆਪਣੇ ਬੱਚਿਆਂ ਨਾਲ ਮਰਯਾਦਾ ਵਿੱਚ ਰਹਿਕੇ ਵਿਚਰਦੇ ਹਨ ਤੇ ਬੱਚਿਆਂ ਨੂੰ ਵੀ ਮਰਯਾਦਾ ਵਿੱਚ ਰੱਖਣ ਦਾ ਯਤਨ ਕਰਦੇ ਹਨ। ਜ਼ਮਾਨੇ ਅਨੁਸਾਰ ਚੱਲਣਾ ਕੋਈ ਮਾੜੀ ਗੱਲ ਨਹੀਂ। ਬੱਚਿਆਂ ਉੱਤੇ ਜ਼ਿਆਦਾ ਦਬਾਅ ਪਾਉਣਾ ਮਾੜੀ ਗੱਲ ਹੈ ਪਰ ਬੱਚਿਆਂ ਨੂੰ ਐਨੀ ਜ਼ਿਆਦਾ ਖੁੱਲ੍ਹ ਦੇ ਦੇਣੀ ਕਿ ਉਨ੍ਹਾਂ ਨੂੰ ਬੋਲਣਾ ਭੁੱਲ ਜਾਵੇ, ਉਨ੍ਹਾਂ ਨੂੰ ਮਾਪਿਆਂ ਦੇ ਆਦਰ ਸਤਿਕਾਰ ਦੀ ਅਹਿਮੀਅਤ ਦਾ ਪਤਾ ਨਾ ਰਹੇ, ਇਹੋ ਜਿਹੀ ਖੁੱਲ੍ਹ ਦੀ ਸਾਡੇ ਦੇਸ਼ ਦਾ ਸੱਭਿਆਚਾਰ ਇਜਾਜ਼ਤ ਨਹੀਂ ਦਿੰਦਾ। ਜਿਹੜੇ ਮਾਪੇ ਆਪਣੇ ਬੱਚਿਆਂ ਨੂੰ ਮਾਡਰਨ ਹੋਣ ਦੇ ਨਾਂ 'ਤੇ ਮਾਣ ਮਰਯਾਦਾ ਤੋਂ ਦੂਰ ਲੈ ਜਾਂਦੇ ਹਨ, ਉਨ੍ਹਾਂ ਨੂੰ ਇੱਕ ਨਾ ਇੱਕ ਦਿਨ ਪਛਤਾਉਣਾ ਜ਼ਰੂਰ ਪੈਂਦਾ ਹੈ।




ਲੇਖਕ : ਰਵਿੰਦਰਪਾਲ ਸਿੰਘ
ਮੋਬਾਈਲ : 98152-92572

## ਕੰਪਿਊਟਰ ਦਾ ਪਿਤਾਮਾ
# ਚਾਰਲਸ ਬੈਬੇਜ





ਚਾਰਲਸ ਬੈਬੇਜ ਨੂੰ ਕੰਪਿਊਟਰ ਦਾ ਪਿਤਾ ਕਿਹਾ ਜਾਂਦਾ ਹੈ। ਚਾਰਲਸ ਬੈਬੇਜ ਦਾ ਜਨਮ 26 ਨਵੰਬਰ 1791 ਨੂੰ ਲੰਡਨ ਵਿਚ ਹੋਇਆ ਸੀ। ਉਹ ਇਕ ਅਮੀਰ ਪਰਿਵਾਰ ਵਿਚੋਂ ਸੀ ਅਤੇ ਉਸ ਦੇ ਪਿਤਾ ਦਾ ਨਾਂਅ ਬੈਂਜਾਮਿਨ ਬੈਬੇਜ ਸੀ, ਜੋ ਇਕ ਬੈਂਕਰ ਸੀ।

ਬੈਬੇਜ ਦੀ ਮੁੱਢਲੀ ਸਿੱਖਿਆ ਘਰ ਵਿਚ ਹੋਈ। ਇਕ ਪ੍ਰਾਈਵੇਟ ਅਧਿਆਪਕ ਉਸ ਨੂੰ ਘਰ ਵਿਚ ਹੀ ਪੜ੍ਹਾਉਣ ਆਉਂਦਾ ਸੀ। ਇਸ ਤੋਂ ਬਾਅਦ ਸਿੱਖਿਆ ਲਈ ਬੈਬੇਜ ਨੂੰ ਹੋਲਮਵੁੱਡ ਸਕੂਲ ਵਿਚ ਦਾਖ਼ਲ ਕਰਵਾਇਆ ਗਿਆ।

ਬੈਬੇਜ ਗਣਿਤ ਵਿਚ ਬਹੁਤ ਹੁਸ਼ਿਆਰ ਸੀ। ਉਹ ਹੋਲਮਵੁੱਡ ਸਕੂਲ ਵਿਚ ਮੌਜੂਦ ਲਾਇਬ੍ਰੇਰੀ ਤੋਂ ਗਣਿਤ ਦੀਆਂ ਕਿਤਾਬਾਂ ਲੈ ਕੇ ਪੜ੍ਹਦਾ ਸੀ। ਚਾਰਲਸ ਬੈਬੇਜ ਅਗਲੇਰੀ ਪੜ੍ਹਾਈ ਲਈ 1911 ਵਿਚ ਕੈਂਬਰਿਜ ਯੂਨੀਵਰਸਿਟੀ ਦੇ ਟ੍ਰਿਨਿਟੀ ਕਾਲਜ ਵਿਚ ਸ਼ਾਮਿਲ ਹੋਏ ਅਤੇ ਆਪਣੀ ਗ੍ਰੈਜੂਏਸ਼ਨ ਕੈਂਬਰਿਜ ਦੇ ਪੀਟਰਹਾਊਸ ਕਾਲਜ ਤੋਂ ਪੂਰੀ ਕੀਤੀ। 1814 ਵਿਚ, ਚਾਰਲਸ ਬਾਵੇਜ ਦਾ ਵਿਆਹ ਜੌਰਜੀਆਨਾ ਵਿਟਮੋਰ ਨਾਲ ਹੋਇਆ। ਉਨ੍ਹਾਂ ਦੇ ਕੁੱਲ 8 ਬੱਚੇ ਸਨ, ਜਿਨ੍ਹਾਂ ਵਿਚੋਂ ਸਿਰਫ਼ 3 ਬੱਚੇ ਬਚੇ ਸਨ।

ਚਾਰਲਸ ਬੈਬੇਜ ਨੇ ਰਾਇਲ ਐਨਾਲਿਟਿਕਲ ਐਂਡ ਗੋਸਟ ਕਲੱਬ ਨਾਂਅ ਦੀ ਇਕ ਸੁਸਾਇਟੀ ਵੀ ਬਣਾਈ। ਬੈਬੇਜ ਨੂੰ 1816 ਵਿਚ 'ਰਾਇਲ ਸੁਸਾਇਟੀ' ਦਾ ਮੈਂਬਰ ਚੁਣਿਆ ਗਿਆ ਸੀ। ਰਾਇਲ ਖਗੋਲ ਵਿਗਿਆਨ ਸੁਸਾਇਟੀ ਦੀ ਸਥਾਪਨਾ ਵੀ 1820 ਵਿਚ ਚਾਰਲਸ ਬੈਬੇਜ ਦੁਆਰਾ ਕੀਤੀ ਗਈ ਸੀ।


ਕੰਪਿਊਟਰ ਦੀ ਖੋਜ ਚਾਰਲਸ ਬੈਬੇਜ ਨੇ ਸਾਲ 1822 ਵਿਚ ਕੀਤੀ ਸੀ। ਸਮੇਂ-ਸਮੇਂ 'ਤੇ ਬਹੁਤ ਸਾਰੇ ਵਿਗਿਆਨੀਆਂ ਨੇ ਕੰਪਿਊਟਰ ਨਾਲ ਸਬੰਧਿਤ ਖੋਜਾਂ ਦੇ ਨਾਲ ਆਧੁਨਿਕ ਕੰਪਿਊਟਰ ਦੀ ਨੀਂਹ ਰੱਖੀ। ਇਹ ਪ੍ਰਕਿਰਿਆ ਸਾਲ 1945 ਵਿਚ ਵੀ ਜਾਰੀ ਰਹੀ। ਪਰ ਕੰਪਿਊਟਰ ਦੀ ਖੋਜ ਕਰਨ ਅਤੇ ਕੰਪਿਊਟਰ ਦਾ ਪਿਤਾਮਾ ਬਣਨ ਦਾ ਮਾਣ ਚਾਰਲਸ ਬੈਬੇਜ ਦੇ ਹਿੱਸੇ ਹੀ ਜਾਂਦਾ ਹੈ।

ਚਾਰਲਸ ਬੈਬੇਜ ਨੇ ਇਕ ਵਿਸ਼ਲੇਸ਼ਣਾਤਮਿਕ ਇੰਜਣ ਬਣਾਇਆ ਜੋ ਗਣਿਤ ਦੀ ਗਣਨਾ ਕਰਨ ਦੇ ਸਮਰੱਥ ਸੀ। ਇਹ ਇਕ ਮਕੈਨੀਕਲ ਮਸ਼ੀਨ ਸੀ। ਇਹ ਇਕ ਕਮਰੇ ਨਾਲੋਂ ਵੀ ਵੱਡੀ ਮਸ਼ੀਨ ਸੀ, ਜਿਸ ਨੂੰ ਬਣਾਉਣ ਵਿਚ ਬਹੁਤ ਖ਼ਰਚਾ ਆਇਆ। ਇਹ ਖ਼ਰਚਾ ਬ੍ਰਿਟਿਸ਼ ਸਰਕਾਰ ਦੁਆਰਾ ਚੁੱਕਿਆ ਗਿਆ ਸੀ। ਇਹ ਇੰਜਣ ਭਾਫ਼ 'ਤੇ ਚੱਲਦਾ ਸੀ, ਜਿਸ ਵਿਚ ਸ਼ਾਫਟ, ਕ੍ਰੈਂਕ ਆਦਿ ਜੁੜੇ ਹੋਏ ਸਨ। ਇਹ ਅਕਾਰ ਦੇ ਨਾਲ-ਨਾਲ ਭਾਰੀ ਵੀ ਬਹੁਤ ਸੀ। ਬਾਅਦ ਵਿਚ ਉਸ ਨੇ ਇਕ ਹੋਰ ਮਸ਼ੀਨ ਤਿਆਰ ਕੀਤੀ ਜਿਸ ਨੂੰ ਡਿਫਰੈਂਸ਼ੀਅਲ ਇੰਜਨ ਕਿਹਾ ਗਿਆ। ਬਾਅਦ ਵਿਚ ਇਹੀ ਮਸ਼ੀਨ ਆਧੁਨਿਕ ਕੰਪਿਊਟਰ ਦਾ ਆਧਾਰ ਬਣੀ। ਚਾਰਲਸ ਬੈਬੇਜ ਨੂੰ ਕੰਪਿਊਟਰ ਦਾ ਪਿਤਾਮਾ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਉਸ ਨੇ ਪਹਿਲਾ ਪ੍ਰੋਗਰਾਮਿੰਗ ਕੰਪਿਊਟਰ ਤਿਆਰ ਕੀਤਾ ਸੀ। ਇਸ ਮਹਾਨ ਗਣਿਤ ਸ਼ਾਸਤਰੀ, ਦਾਰਸ਼ਨਿਕ ਅਤੇ ਖੋਜੀ ਦੀ 18 ਅਕਤੂਬਰ, 1971 ਨੂੰ ਲੰਡਨ ਵਿਚ ਮੌਤ ਹੋ ਗਈ। ਚਾਰਲਸ ਬੈਬੇਜ ਦੁਆਰਾ ਕੰਪਿਊਟਰ ਦੀ ਖੋਜ ਲਈ ਦੁਨੀਆ ਉਸ ਨੂੰ ਹਮੇਸ਼ਾ ਯਾਦ ਰੱਖੇਗੀ।

## ਰਸਤਾ ਲੱਭੋ



## ਬਿੰਦੂ ਮਿਲਾਓ



## ਅੰਤਰ ਲੱਭੋ

ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ...?






ਉੱਤਰ : ਸ਼ੀਸ਼ਾ, ਮਕਾਨ ਨੰ., ਬਸਤੇ ਦੀ ਤਣੀ, ਨਿਊਜ਼ਪੇਪਰ, ਫੁੱਲ ਅਤੇ ਮੇਜ਼ ਦੀ ਲੱਤ।

# ਸਮੁੰਦਰਾਂ ਸਬੰਧੀ ਕੁਝ ਦਿਲਚਸਪ ਤੱਥ



- ਧਰਤੀ ਦੇ ਕੁੱਲ ਰਕਬੇ ਦਾ ਦੋ ਤਿਹਾਈ ਹਿੱਸਾ ਸਮੁੰਦਰਾਂ ਨੇ ਘੇਰਿਆ ਹੋਇਆ ਹੈ।
- ਧਰਤੀ ਉੱਤੇ ਕੁੱਲ ਪਾਣੀ ਦਾ 97 ਫ਼ੀਸਦੀ ਪਾਣੀ ਸਮੁੰਦਰਾਂ ਵਿਚ ਹੀ ਹੈ।
- ਮਹਾਂਸਾਗਰਾਂ ਵਿਚ ਜੀਵਾਂ ਦੀਆਂ ਤਕਰੀਬਨ ਦਸ ਲੱਖ ਪ੍ਰਜਾਤੀਆਂ ਵਸਦੀਆਂ ਹਨ।
- ਸਮੁੰਦਰਾਂ ਦੀ ਸਭ ਤੋਂ ਡੂੰਘੀ ਜਗ੍ਹਾ ਪ੍ਰਸ਼ਾਂਤ ਮਹਾਂਸਾਗਰ ਵਿਚ ਹੈ ਅਤੇ 'ਮਾਰੀਆਨਾ ਖੱਡ' ਦੇ ਨਾਂਅ ਨਾਲ ਜਾਣੀ ਜਾਂਦੀ ਹੈ। ਧਰਤੀ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੇਸਟ ਇਸ ਖੱਡ ਵਿਚ ਪੂਰੀ ਤਰ੍ਹਾਂ ਡੁੱਬ ਸਕਦੀ ਹੈ।
- ਧਰਤੀ ਉੱਤੇ ਫੁੱਟਦੇ ਜਵਾਲਾਮੁਖੀਆਂ ਵਿਚੋਂ 90 ਫ਼ੀਸਦੀ ਸਮੁੰਦਰ ਵਿਚ ਹੀ ਫੁੱਟਦੇ ਹਨ।
- ਸਮੁੰਦਰ ਦੇ ਪਾਣੀ ਵਿਚ 20 ਮਿਲੀਅਨ ਟਨ ਸੋਨਾ ਘੁਲਿਆ ਹੋਇਆ ਹੈ।
- ਸਾਡੇ ਗ੍ਰਹਿ ਧਰਤੀ ਉੱਤੇ ਕੁੱਲ ਜੀਵਾਂ ਵਿਚੋਂ 94 ਫ਼ੀਸਦੀ ਸਮੁੰਦਰ ਵਿਚ ਹੀ ਵੱਸਦੇ ਹਨ।
- ਧਰਤੀ ਉੱਪਰਲੀਆਂ ਪਹਾੜੀਆਂ ਦੀ ਤਰ੍ਹਾਂ ਸਮੁੰਦਰ ਦੇ ਹੇਠਲੇ ਤਲ ਉੱਤੇ ਵੀ ਪਹਾੜੀਆਂ ਮੌਜੂਦ ਹਨ। ਇਸ ਵਿਚ 'ਮਿਡ ਓਸ਼ਨਿਕ ਰਿਜ' ਨਾਂਅ ਦੀ ਪਹਾੜੀ ਸਭ ਤੋਂ ਵੱਡੀ ਹੈ ਜੋ ਕਿ ਧਰਤੀ ਉੱਪਰਲੀ ਸਭ ਤੋਂ ਵੱਡੀ ਪਹਾੜੀ ਤੋਂ ਵੀ ਲੰਮੀ ਹੈ।
- ਸਮੁੰਦਰ ਦੇ ਹੇਠਲੇ ਤਲ ਉੱਤੇ ਵੰਨ-ਸੁਵੰਨੀ ਕਲਾ ਦੀਆਂ ਮੂਰਤੀਆਂ ਮੌਜੂਦ ਹਨ।
- ਧਰਤੀ ਦੇ ਜੀਵਾਂ ਲਈ ਸਾਹ ਲਈ ਲੋੜੀਂਦੀ ਕੁੱਲ ਆਕਸੀਜਨ ਦਾ ਅੱਧਾ ਹਿੱਸਾ ਸਮੁੰਦਰਾਂ ਤੋਂ ਹੀ ਨਿਕਲਦਾ ਹੈ ਅਤੇ ਮਨੁੱਖ ਦੁਆਰਾ ਭਿੰਨ-ਭਿੰਨ ਕਿਰਿਆਵਾਂ ਦੁਆਰਾ ਪੈਦਾ ਕੀਤੀ ਕਾਰਬਨ ਡਾਈਆਕਸਾਈਡ ਦਾ ਤੀਜਾ ਹਿੱਸਾ ਸਮੁੰਦਰ ਹੀ ਸੋਖਦੇ ਹਨ।
- ਪ੍ਰਸ਼ਾਂਤ ਮਹਾਂਸਾਗਰ ਵਿਚ ਸ਼ਾਰਕ ਮੱਛੀਆਂ ਲਈ ਇਕ ਸੈਰਗਾਹ ਵੀ ਮੌਜੂਦ ਹੈ ਜਿਸ ਦਾ ਨਾਂਅ 'ਵਾਈਟ ਸ਼ਾਰਕ ਕੈਫੇ' ਹੈ।
- ਸਮੁੰਦਰ ਦੇ ਹੇਠਲੇ ਤਲ ਉੱਤੇ ਪਾਣੀ ਦਾ ਦਬਾਅ ਪੰਜਾਹ ਜਹਾਜ਼ਾਂ ਦੇ ਭਾਰ ਦੇ ਬਰਾਬਰ ਹੈ।
- ਸਮੁੰਦਰ ਦਾ ਪਾਣੀ ਸੂਰਜ ਦੀਆਂ ਕਿਰਨਾਂ ਵਿਚੋਂ ਲਾਲ, ਪੀਲਾ, ਹਰਾ ਆਦਿ ਰੰਗ ਸੋਖ ਕੇ ਨੀਲੇ ਰੰਗ ਨੂੰ ਸਾਡੇ ਵੱਲ ਭੇਜ ਦਿੰਦਾ ਹੈ ਜਿਸ ਕਰਕੇ ਸਮੁੰਦਰ ਨੀਲੇ ਰੰਗ ਦੇ ਵਿਖਾਈ ਦਿੰਦੇ ਹਨ।

ਅਸ਼ਵਨੀ ਚਤਰਥ
ਮੋਬਾਈਲ : 62842-20595




# ਕਾਵਿ-ਲਹਿਰਾਂ

## ਗ਼ਜ਼ਲ

ਓਹ ਰੁਬਰੂ ਹੈਂ ਫੇਰ ਵੀ ਉਸਦੀ ਉਡੀਕ ਹੈ।
ਕਿੰਦਾਂ ਦੀ ਪਿਆਸ ਹੈ ਇਹ ਤੇ ਕੈਸੀ ਉਡੀਕ ਹੈ।

ਦਿੱਤਾ ਮੈਂ ਇਮਤਿਹਾਨ ਮੁਹੱਬਤ ਦਾ ਇਸ ਤਰ੍ਹਾਂ,
ਆਉਣਾ ਨਹੀਂ ਹੈ ਓਸ ਨੇ, ਤਾਂ ਵੀ ਉਡੀਕ ਹੈ।

ਸਹਿਰਾ ਉਡੀਕਦਾ ਜਿਵੇਂ ਬਰਸਾਤ ਹਰ ਘੜੀ,
ਐਦਾਂ ਮੈਂ ਉਸਦੇ ਆਉਣ ਦੀ ਕੀਤੀ ਉਡੀਕ ਹੈ।

ਸਰਦਲ ਤੇ ਬੈਠ ਕੇ ਹੀ ਲੰਘਾਈ ਹੈ ਉਮਰ ਮੈਂ,
ਮਰ ਕੇ ਵੀ ਰੂਹ ਨੂੰ ਓਸ ਦੀ ਰਹਿਣੀ ਉਡੀਕ ਹੈ।

ਜਿਸ ਰਾਹ ਤੇ ਮੇਰੇ ਖ਼ਾਬ ਦੀ ਤਾਬੀਰ ਕੈਦ ਸੀ,
ਉਸ ਰਾਹ ਨੂੰ ਮੇਰੀ ਪੈੜ ਦੀ ਅੱਜ ਵੀ ਉਡੀਕ ਹੈ।

ਬਨਵਾਸ ਰਾਮ ਨੂੰ ਮਿਲੇ ਮੰਗੇ ਅਹਿਲਿਆ,
ਸੁਰਜੀਤ ਮੁੜ ਕੇ ਹੋਣ ਦੀ ਕਰਦੀ ਉਡੀਕ ਹੈ।

ਅੰਬਰ ਅਤੇ ਜ਼ਮੀਨ ਮਿਲਣਗੇ ਕਿਸੇ ਸਮੇਂ,
ਬੇਸ਼ਕ ਇਹ ਇੱਕ ਫਰੇਬ ਹੈ, ਫਿਰ ਵੀ ਉਡੀਕ ਹੈ।

ਜ਼ਿੰਦਾ ਭਟਕ ਰਹੀ ਹਾਂ ਮੈਂ ਕਬਰਾਂ ਦੇ ਸ਼ਹਿਰ ਵਿੱਚ,
ਲੱਭਦੀ ਹਾਂ ਕਿਸ ਜ਼ਮੀਨ ਨੂੰ ਮੇਰੀ ਉਡੀਕ ਹੈ।

ਘੜੀਆਂ ਦਾ ਇੰਤਜ਼ਾਰ ਸੀ ਵਰ੍ਹਿਆਂ 'ਚ ਢੱਲ ਗਿਆ,
ਮੁੱਕਦੀ ਨਹੀਂ ਹੈ 'ਨੂਰ', ਨਾ ਮੁੱਕਦੀ ਉਡੀਕ ਹੈ।

**ਲਿਖਤ : ਜੋਗਿੰਦਰ ਨੂਰਮੀਤ**

## ਗ਼ਜ਼ਲ

ਕੌਣ ਕਿਸੇ ਦੇ ਦਿਲ 'ਦੀ' ਜਾਣੇ?
ਵਿਰਲਾ ਦਰਦੀ ਦਰਦ ਪਛਾਣੇ।
ਕੌਣ ਬਣੇ ਦੁੱਖਾਂ ਦਾ ਦਰਦੀ?
ਕੌਣ ਕਿਸੇ ਦੀਆਂ ਖੁਸ਼ੀਆਂ ਮਾਣੇ?

ਮੂੰਹ ਵਿੱਚ ਰਾਮ ਬਗਲ ਵਿੱਚ ਛੁਰੀਆਂ?
ਭੋਲੇ ਚਿਹਰੇ ਭਗਵੇਂ ਬਾਣੇ।

ਪਾਪ ਕਪਟ ਦੁਨੀਆਂ ਤੇ ਭਾਰੂ,
ਇਸ਼ਕ ਅਤੇ ਸੱਚ ਬਣੇ ਨਿਤਾਣੇ।

ਕਹਿਰਾਂ ਦੇ ਇਹ ਜ਼ੁਲਮੀ ਝੱਖੜ,
ਰੋਜ ਝਲਾਉਂਦੇ ਹਨ ਜਰਵਾਣੇ।
ਸਾਰੀ ਧਰਤੀ ਜਿੱਤ ਸਕਦੇ ਹਾਂ,
ਜੇਕਰ ਸਾਥੀ ਹੋਣ ਸਿਆਣੇ।

ਜਿਸ ਯਾਰੀ 'ਤੇ ਮਾਣ ਬੜਾ ਸੀ,
ਉਸ ਨੇ ਕੀਤੇ ਬੇ-ਪਹਿਚਾਣੇ।

ਤੂੰ ਹੀ ਅੱਖਾਂ ਫੇਰ ਗਿਆ ਹੈਂ,
ਮੈਂ ਤੇਰੇ ਸਨ ਬੋਲ ਪੁਗਾਣੇ।
ਮੇਰੀ ਮਜਬੂਰੀ ਹੈ ਸੰਧੂ!
ਗਲ ਪਏ ਪੈਂਦੇ ਢੋਲ ਬਜਾਣੇ।

**ਲਿਖਤ : ਭੁਪਿੰਦਰ ਸੰਧੂ ਬਠਿੰਡਾ**

## ਡਰਾਮੇਬਾਜ਼

ਭੱਤਾ ਭੰਨਾਅ ਕੇ ਲਈ ਪਾ ਜੱਫੀ,
ਗਿਆ ਚੁਫੇਰਿਉਂ ਜਦ ਹਾਰ ਕਹਿੰਦੇ।

ਪਿਆ ਅਜੇ ਵੀ ਸੁਣੀਦਾ ਦੁੱਧ ਧੋਤਾ,
ਦਲ ਬਦਲ ਜੋ ਗਿਆ ਚਾਰ ਕਹਿੰਦੇ।

ਲਾਹ ਨੀਲਾ ਉਡਾ ਪਤੰਗ ਲਿਆ,
ਛੱਡ ਪਤੰਗ ਹੋਇਆ ਫ਼ਰਾਰ ਕਹਿੰਦੇ।

ਰਲ਼ ਚਿੱਟਿਆਂ ਵਿੱਚ ਗਿਆ ਜਦੋਂ,
ਖੱਟ ਉਲਾਂਭੇ ਗਿਆ ਹਜ਼ਾਰ ਕਹਿੰਦੇ।

ਚਾਰ ਚੁਫੇਰਾ ਵੇਖ ਰੰਗਾਅ ਭਗਵਾਂ,
ਗਿਆ ਚਿੱਟਾ ਵੀ ਉਤਾਰ ਕਹਿੰਦੇ।

ਰੰਗ ਬਦਲ ਬਦਲ ਕੇ ਵੇਖ ਸਾਰੇ,
ਹੋ ਬਦਲਣ 'ਚ ਗਿਆ ਮਾਹਰ ਕਹਿੰਦੇ।

ਆ ਕੇ ਮੁੜ ਘੁਤ ਬੋਤੀ ਬੋਹੜ ਥੱਲੇ,
ਵੇਖੋ ਕਿਹੜਾ ਕਰੂ ਵਪਾਰ ਕਹਿੰਦੇ।

ਮੋਰਾਂਚੀਨ ਦਾ 'ਭਗਤਾ' ਲਾਹ ਝੱਗਾ,
ਲਿਆ ਸੁੱਥੂ ਕਰ ਲੰਗਾਰ ਕਹਿੰਦੇ।.

**ਬਰਾੜ-ਭਗਤਾ ਭਾਈ ਕਾ**
**001-604-751-1113**

## ਲੀਡਰ

ਭ੍ਰਿਸ਼ਟਾਚਾਰ ਤੇ ਜਦੋਂ ਦੀ ਗੱਲ ਉੱਠੀ ,
ਲੰਮੀ ਵੱਧਦੀ ਜਾਂਦੀ ਕਤਾਰ ਮੀਆਂ ।

ਹਰ ਰੋਜ਼ ਨਵੇਂ ਲੀਡਰ 'ਤੇ ਹੈ ਰੇਡ ਪੈਂਦੀ,
ਜਿਹੜੇ ਕਰਦੇ ਰਹੇ ਮਾਰੋ ਮਾਰ ਮੀਆਂ।

ਪਹਿਲਾਂ ਨਹੀਂ ਸੀ ਕਿਸੇ ਨੇ ਬਾਤ ਪੁੱਛੀ,
ਚੋਰ ਦੇ ਚੋਰਾਂ ਹੁੰਦੇ ਸੀ ਯਾਰ ਮੀਆਂ ।

ਤਕੜੇ ਤਾਈਂ ਸੀ ਸਦਾ ਕਲੀਨ ਚਿੱਟ ਮਿਲਦੀ,
ਪੈਂਦਾ ਗਰੀਬ ਤੇ ਸਦਾ ਸੀ ਭਾਰ ਮੀਆਂ।

ਖੂਨ ਗਰੀਬ ਦਾ ਹਰ ਕੋਈ ਚੂਸ ਜਾਂਦਾ,
ਤਕੜਾ ਲੈਂਦਾ ਸੀ ਬੇਸ਼ਰਮੀ ਧਾਰ ਮੀਆਂ ।

ਆਪਸੀ ਲੋਕਾਂ ਨੂੰ ਸਦਾ ਸੀ ਵੰਡ ਜਾਂਦੇ,
ਲੀਡਰ ਖਾਂਦੇ ਸੀ ਸਦਾ ਏਥੇ ਖਾਰ ਮੀਆਂ।

ਹੌਲੀ- ਹੌਲੀ ਫਾਇਲਾ ਨੇ ਖੁੱਲ੍ਹ ਰਹੀਆਂ ,
ਜਿਹੜੇ ਕਰਦੇ ਸੀ ਝੂਠ ਦਾ ਵਾਪਾਰ ਮੀਆਂ।

"ਬਲਕਾਰ" ਸੱਚ ਨੂੰ ਸਦਾ ਲਿਖ ਸੱਚ ਆਖੀ
ਝੂਠ ਲਾਉਣਾ ਨਾ ਕਦੇ ਤੈਨੂੰ ਪਾਰ ਮੀਆਂ।

**ਲਿਖਤ : ਬਲਕਾਰ ਸਿੰਘ "ਭਾਈ ਰੂਪਾ"**
**ਸੰਪਰਕ 8727892570**

## ਮਿੱਤਰ ਪਿਆਰੇ

ਮਿੱਤਰ ਸੀ ਮੇਰੇ ਬੜੇ ਪਿਆਰੇ।
ਇੱਕੋ ਜਿਹੇ ਨਹੀਂ ਸੀ ਸਾਰੇ।
ਬਹੁਤੇ ਰੱਖਦੇ ਖਾਰ ਦਿਲਾਂ ਵਿੱਚ।
ਕੁਝ ਰੱਖਦੇ ਸੀ ਪਿਆਰ ਦਿਲਾਂ ਵਿੱਚ।
ਔਖੇ ਵੇਲੇ ਆਏ ਨੇੜੇ।
ਕੀਤੇ ਕਈਆਂ ਝਗੜੇ ਝੇੜੇ।
ਰਹੋ ਪਿਆਰ ਨਾਲ ਕਹਿੰਦਾ ਰਹਿ ਗਿਆ।
ਕੌੜੇ ਬੋਲ ਸੀ ਸਹਿੰਦਾ ਰਹਿ ਗਿਆ।
ਵੱਟਿਆ ਜਦ ਉਹਨਾਂ ਤੋਂ ਪਾਸਾ।
ਹੱਸਦੇ ਸੀ ਉਹ ਚੰਦਰਾ ਹਾਸਾ।
ਸਮਝਿਆ ਨਾ ਮੈਂ ਇੰਝ ਕਿਉਂ ਕਰਦੇ।
ਘੂਰੀ ਵੱਟਿਆਂ ਵੀ ਨਾ ਡਰਦੇ।
ਵੇਲਾ ਸੀ ਵਿੱਛੜਨ ਦਾ ਆਇਆ।
ਮਾਪਿਆਂ*ਨੇ ਸੀ ਕਹਿਰ ਕਮਾਇਆ।
ਛੱਡ ਕੇ ਪਿੰਡ ਸੀ ਤੁਰਨ ਮੈਂ ਲੱਗਾ।
ਚੰਗੇ ਮਾੜਿਆਂ ਵਲ਼ ਲਿਆ ਅੱਗਾ।
ਲੜਦੇ ਝਗੜਦੇ ਰਹੇ ਦੋਸਤਾ।
ਬੋਲ ਬੁਰੇ ਵੀ ਕਹੇ ਦੋਸਤਾ।
ਮਾਫ਼ ਕਰੀਂ ਤੂੰ ਭੁੱਲਿਆਂ ਤਾਂਈ।
ਬੀਤੇ ਨੂੰ ਨਾ ਦਿਲ ਤੇ ਲਾਂਈ।
ਸਮਝ ਗਏ ਕੀ ਹੁੰਦੀ ਯਾਰੀ।
ਕਹਿੰਦੇ ਕੀਹਨੂੰ ਮਿੱਤਰਚਾਰੀ।
ਗਲ਼ ਨੂੰ ਲੱਗ ਲੱਗ ਸਾਰੇ ਰੋਏ।
ਜਿਉਂਦੇ ਵੀਰਾ ਅੱਜ ਹਾਂ ਮੋਏ।
ਅੱਜ ਵੀ ਦਿਲ ਵਿੱਚ ਪਿਆਰ ਤੇਰੇ ਲਈ।
ਹੰਝੂਆਂ ਦੇ ਆਹ!ਹਾਰ ਤੇਰੇ ਲਈ।
'ਬੁਜਰਕ'ਅੱਜ ਵੀ ਕੁੱਝ ਮਿਲ ਜਾਂਦੇ।
ਪਾ ਪਾ ਜੱਫ਼ੀਆਂ ਪਿਆਰ ਜਿਤਾਂਦੇ।

**ਲਿਖਤ : ਹਰਮੇਲ ਸਿੰਘ ਬੁਜਰਕੀਆ**
**ਮੋਬਾ ਨੰ : 94175-97204**

## ਯਾਦਾਂ ਪੰਜਾਬ ਦੀਆਂ

ਏਧਰ ਜੇ ਲੁਧਿਆਣਾ ਵਸਦਾ,ਓਧਰ ਵਸੇ ਲਾਹੌਰ।
ਅੱਜ ਵੀ ਚੇਤੇ ਆਉਂਦਾ ਸਾਨੂੰ ,ਲਾਇਲਪੁਰਾ ਪਿਸ਼ੌਰ।

ਵੰਡਣ ਵਾਲਿਓ ਕਾਹਤੋਂ ਵੰਡਗੇ ਸਾਡੇ ਗੁਰੂ ਪੀਰ।
ਚੜ੍ਹਦੇ ਲਹਿੰਦੇ ਪੰਜ ਆਬਾਂ ਦਾ ਵਿਰਸਾ ਬੜਾ ਅਮੀਰ।

ਮਹੀਵਾਲ ਲਈ ਕੱਚੇ ਘੜੇ ਤੇ ਉੱਤੇ ਸੋਹਣੀ ਤਰਗੀ।
ਸ਼ੀਰੀ ਤੇ ਫਰਿਆਦ ਨਾ ਗਾਥਾ ਸੱਸੀ ਪੁੰਨੂੰ ਵਰਗੀ।

ਵਾਰਿਸ਼ ਸ਼ਾਹ ਦੇ ਵਰਗੀ ਦੂਜੀ ਲਿਖ ਨਾ ਹੋਈ ਹੀਰ।
ਚੜ੍ਹਦੇ ਲਹਿੰਦੇ ਪੰਜ ਆਬਾਂ ਦਾ ਵਿਰਸਾ ਬੜਾ ਅਮੀਰ।

ਘੜਾ ਗੁਆਂਢਣ ਖੂਹੀ ਉੱਤੋਂ ਢਾਕ ਤੇ ਰੱਖਕੇ ਲਿਆਉਂਦੀ।
ਦਾਦੀ ਪੋਤੇ ਨੂੰ ਵਿਰਸੇ ਦੀਆਂ ਬਾਤਾਂ ਪਈ ਸਿਖਾਉਂਦੀ।

ਵਿੱਚ ਕਹਾਣੀਆਂ ਰਾਜੇ ਰਾਣੀਆਂ ਸ਼ਾਮਿਲ ਕੁਝ ਵਜ਼ੀਰ।
ਚੜ੍ਹਦੇ ਲਹਿੰਦੇ ਪੰਜ ਆਬਾਂ ਦਾ ਵਿਰਸਾ ਬੜਾ ਅਮੀਰ।

ਕਵੀਆਂ ਸ਼ਾਇਰਾਂ ਗਾਉਣ ਵਾਲਿਆਂ ਨੂੰ ਦਿੱਲੋਂ ਸਲਾਮ।
ਪਿਆਰ ਮੁਹੱਬਤਾਂ ਵਾਲਾ ਗਾ-ਗਾ ਵੰਡਦੇ ਜੋ ਪੈਗਾਮ।

ਮਿੱਠੇ ਮਿੱਠੇ ਬੋਲਾਂ ਅੰਦਰ ਘੁਲੀ ਏ ਸ਼ੱਕਰ ਖੀਰ।
ਚੜ੍ਹਦੇ ਲਹਿੰਦੇ ਪੰਜ ਆਬਾਂ ਦਾ ਵਿਰਸਾ ਬੜਾ ਅਮੀਰ।

ਮਿੱਠੜੀ ਬੋਲੀ ਇੱਕ ਦੂਜੇ ਨਾਲ਼ ਜੋੜੇ ਧਾਲੀਵਾਲਾ।
ਖੁਸ਼ੀਆਂ ਖੇੜਿਆਂ ਦੇ ਵਿੱਚ ਵਸਦਾ ਤੇਰਾ ਪਿੰਡ ਹੰਸਾਲਾ।

ਜੋਗੀ ਫੱਕਰ ਇਸ ਧਰਤੀ ਨੇ ਜਾਏ ਸੰਤ ਫਕੀਰ।
ਚੜ੍ਹਦੇ ਲਹਿੰਦੇ ਪੰਜ ਆਬਾਂ ਦਾ ਵਿਰਸਾ ਬੜਾ ਅਮੀਰ।

**ਲਿਖਤ : ਧੰਨਾ ਧਾਲੀਵਾਲ, 9878235714**

## ਗ਼ਜ਼ਲ

ਜੋ ਦਮ ਭਰਦੇ ਨੇ ਸਾਥ ਨਿਭਾਉਣ ਦਾ
ਉਨ੍ਹਾਂ ਦੇ ਵਾਅਦੇ ਨਹੀਂ ਝੂਠੇ ਲਾਰੇ ਹੁੰਦੇ
ਜੋ ਮਜ਼ਹਬਾਂ ਜਾਤਾਂ ਪਿੱਛੇ ਨੇ ਬਹਿਸ ਕਰਦੇ
ਉਹ ਲੋਕ ਧਰਮੀ ਨਹੀਂ ਹਤਿਆਰੇ ਹੁੰਦੇ
ਜੋ ਸਿਆਸਤ ਦੀ ਖੇਡ ਦੇ ਖਿਡਾਰੀ ਕਹਾਉਂਦੇ
ਉਨ੍ਹਾਂ ਕਈ ਸਾਲ ਜੇਲ 'ਚ ਗੁਜ਼ਾਰੇ ਹੁੰਦੇ
ਜੋ ਕੁੱਲੀਆਂ ਵਿੱਚ ਵਿਲਕਦੇ ਸਰੀਰ ਭੁੱਖੇ
ਕੁਝ ਗਰੀਬੀ ਤੇ ਕੁਝ ਵਕਤ ਦੇ ਮਾਰੇ ਹੁੰਦੇ
ਜੋ ਢਿੱਡ ਭਰਨ ਲਈ ਸੜਕਾਂ ਤੇ ਰੋਟੀ ਲੱਭਦੇ
ਉਹ ਅਨਾਥ ਤਾਂ ਦੱਸੋ ਕਿਨ੍ਹਾਂ ਦੇ ਸਹਾਰੇ ਹੁੰਦੇ
'ਸੋਹੀ' ਦੇਸ ਦੀ ਤਰੱਕੀ ਬਾਰੇ ਘੱਟ ਸੋਚਦੇ
ਪਰ ਲੁੱਟਣ ਵਾਲੇ ਇੱਕ ਨਹੀਂ ਬਹੁਤ ਸਾਰੇ ਹੁੰਦੇ

**ਲੇਖਕ : ਗੁਰਮੀਤ ਸਿੰਘ ਸੋਹੀ**
**ਮੋਬਾਈਲ 9217981404**

## ਆਸਾਂ ਦਾ ਦੀਵਾ

ਤੇਰੇ ਖਾਲੀ ਨੈਣ ਸਭ ਕੁੱਝ ਬੋਲ ਗਏ,
ਇਹ ਦੁੱਖਾਂ ਦੀ ਪੰਡ ਫਰੋਲ ਗਏ।
ਤੂੰ ਚੁੱਪੀ ਨਾ ਤੋੜੀ, ਭਾਵੇਂ ਆਪਣੀ,
ਇਹ ਤਾਂ ਸੱਚ ਨੂੰ ਕਰ ਨਿਰੋਲ ਗਏ।
ਤੂੰ ਨਾ ਕੀਤੀ ਗੱਲ ਸੁਰਖ ਸਵੇਰ ਦੀ,
ਭਾਵੇਂ ਬੈਠ ਆਪਾਂ ਕੋਲ-ਕੋਲ ਗਏ।
ਲੱਖਾਂ ਛੁਪਾਇਆ ਆਪਣਾ-ਆਪ ਤੂੰ,
ਇਹ ਤਾਂ ਖੋਲ ਤੇਰੀ ਪੋਲ ਗਏ।
ਮੈਥੋਂ ਜਰ ਨਹੀਂ ਹੋਇਆ ਹਾਲ ਤੇਰਾ,
ਇਹ ਤਾਂ ਮੈਨੂੰ ਵੀ ਮਧੋਲ ਗਏ।
ਆ ਆਸਾਂ ਦਾ ਦੀਵਾ ਬਾਲ ਲਈਏ,
ਐਵੇਂ ਕਿਉਂ ਸੱਜਣਾਂ ਡੋਲ ਗਏ।
'ਅਟਵਾਲ' ਜਿੱਤ ਹਮੇਸ਼ਾ ਹੁੰਦੀ ਉਸਦੀ,
ਜੋ ਲੱਗ ਕੋਸ਼ਿਸ਼ਾਂ ਦੇ ਕੋਲ ਗਏ।

**ਲਿਖਤ : ਕਰਨੈਲ ਅਟਵਾਲ, ਸੰ:75082-75052**

## ਕੁੜੀਓ ਨੀ....

ਕੁੜੀਓ ਨੀ ਚਿੜੀਓ ਨੀ,
ਆ ਜੋ ਨੀ ਗੱਲਾਂ ਕਰੀਏ,
ਸਾਨੂੰ ਕਿਉਂ ਕਹਿਣ ਵਿਚਾਰੀ,
ਬਹਿ ਕੇ ਨੀਂ ਚਿੰਤਨ ਕਰੀਏ,
ਕੁੜੀਓ ਨੀ ਚਿੜੀਓ ਨੀ..।

ਕੁੜੀਓ ਨੀ ਚਿੜੀਓ ਨੀ,
ਆ ਜੋ ਨੀ ਉੱਡਣ ਚੱਲੀਏ,
ਹੋਣ ਜਿੱਥੇ ਓਕਾਬ ਨਾ ਖੂਨੀ
ਐਸਾ ਕੋਈ ਦੇਸ਼ ਨੀ ਮੱਲੀਏ,
ਐਸੇ ਫਿਰ ਦੇਸ਼ ਦੀਆਂ ਨੀ
ਚੁੰਮੀਏ ਸਰਹੱਦਾਂ ਨੀ,
ਰੀਲਾਂ ਦੇ ਪਿੱਛੇ ਐਵੇਂ
ਟੱਪੀਏ ਨਾ ਹੱਦਾਂ ਨੀ,
ਕੁੜੀਓ ਨੀ ਚਿੜੀਓ ਨੀ..।

ਕੁੜੀਓ ਨੀ ਚਿੜੀਓ ਨੀ
ਇੱਜਤਾਂ ਨਾ ਛੱਡੀਏ ਸੁੰਨੀਆਂ,
ਫੋਕੀ ਵਾਹ ਵਾਹ ਦੀ ਖਾਤਰ
ਗਲ.ਚੋਂ ਨਾ ਲਾਹੀਏ ਚੁੰਨੀਆਂ,
ਚੁੰਨੀਆਂ ਤੇ ਸੰਗਾਂ ਹੁੰਦੀਆਂ
ਕੁੜੀਆਂ ਦੇ ਗਹਿਣੇ ਨੀ,
ਹੱਥੀਂ ਜੋ ਬੀਜੇ ਕੰਡੇ
ਚੁੰਗਣੇ ਤਾਂ ਪੈਣੇ ਨੀ,
ਕੁੜੀਓ ਨੀ ਚਿੜੀਓ ਨੀ..।
ਕੁੜੀਓ ਨੀ ਚਿੜੀਓ ਨੀ
ਕਾਲੇ.ਨੇ ਬੱਦਲ ਛਾਏ,

ਕਿਸਨੇ ਨਸ਼ਿਆ ਤੇ ਲਾ ਤੇ
ਸਾਡੇ ਨੀ ਅਮੜੀ ਦੇ ਜਾਏ,
ਅਮੜੀ ਦੇ ਜਾਇਆ ਤਾਂਈ
ਬਹਿ ਕੇ ਸਮਝਾਈਏ ਨੀ,
ਹਾੜਾ ਨਸ਼ਿਆ ਨੂੰ ਛੱਡੋ
ਵਾਸਤਾ ਕੋਈ ਪਾਈਏ ਨੀ,
ਕੁੜੀਓ ਨੀ ਚਿੜੀਓ ਨੀ...।

ਕੁੜੀਓ ਨੀ ਚਿੜੀਓ ਨੀ
ਬਾਗਾਂ ਦੇ ਮਾਲੀ ਤੁਰ ਗਏ,
ਹੱਥਾਂ ਚੋ ਚੂੜੇ ਲੱਥੇ
ਅੱਖਾਂ ਚੋਂ ਕੱਜਲ ਖੁਰ ਗਏ,
ਖੁਰ ਗਏ ਨੇ ਕੱਜਲੇ ਅੱਖੋਂ
ਵਿਲਕਣ ਸੱਜ ਵਿਆਹੀਆਂ ਨੀ,
ਸਭ ਥਾਈਂ ਪੱਤਝੜ ਦੀਂਹਦਾ
ਰੁੱਤਾਂ ਕੈਸੀਆਂ ਨੇ ਆਈਆਂ ਨੀ,
ਕੁੜੀਓ ਨੀ ਚਿੜੀਓ ਨੀ.....।

ਕੁੜੀਓ ਨੀ ਚਿੜੀਓ ਨੀ
ਪ੍ਰਦੇਸੀਂ ਉੱਡ ਗਏ ਪਰਿੰਦੇ,
ਏਥੇ ਤਾਂ ਘੁੱਟਦੇ ਸੰਘੀਆਂ
ਖੁੱਲ੍ਹ ਕੇ ਨਾਂ ਜੀਵਣ ਦਿੰਦੇ,
ਖੁੱਲ੍ਹ ਕੇ ਜੋ ਜੀਣਾਂ ਚਾਹੁੰਦਾ,
ਦਿੰਦੇ ਨੇ ਜਹਿਰਾਂ ਨੀ,
ਆ ਜੋ ਰਲ.ਮਿਲ ਕੇ ਆਪਾਂ
ਮੰਗੀਏ ਵਤਨਾਂ ਦੀਆਂ ਖੈਰਾਂ ਨੀ,
ਕੁੜੀਓ ਨੀ ਚਿੜੀਓ ਨੀ.......।

**ਲਿਖਤ : ਜਸਵੀਰ ਮਾਨ ,(ਲੁਧਿਆਣਾ) 8437775940**

## ਕਵਿਤਾ

ਮੈਂ ਰੋਜ਼ ਕਲਮ ਨੂੰ ਘੜ੍ਹਦੀ ਰਹਿੰਦੀ,
ਘੜ੍ਹੇ ਬਿਨਾਂ ਇਹ ਵੀ ਨਾ ਰਹਿੰਦੀ।
ਜਿਨ੍ਹਾਂ ਚਿਰ ਕੁਝ ਲਿਖ ਨਾ ਦੇਵੇ,
ਇਹ ਵੀ ਨਾ ਹੁਣ ਟਿਕ ਕੇ ਬਹਿੰਦੀ।

ਜਦ ਨਵਾਂ ਰੋਜ਼ ਹੀ ਵੇਖਣ ਅੱਖਾਂ,
ਤੇ ਹੁੰਦੀਆਂ ਕਈ ਘਟਨਾਵਾਂ ਤੱਕਾਂ।
ਫ਼ੇਰ ਨਾ ਇਹ ਚੁੱਪ ਕਰਕੇ ਸਹਿੰਦੀ,
ਕੁਝ ਨਾ ਕੁਝ ਲਿਖ ਕੇ ਹੀ ਬਹਿੰਦੀ।

ਕਿੱਧਰ ਨੂੰ ਅਸੀਂ ਤੁਰ ਪਏ ਸਾਰੇ,
ਲੱਤਾਂ ਖਿੱਚ ਸਿੱਟ ਲੈਣ ਨਜ਼ਾਰੇ।
ਜਾਤ ਪਾਤ ਇੱਕ ਦੂਜੇ ਨਾਲ ਖਹਿੰਦੀ,
ਕਲਮ ਦੇਖ ਕੇ ਚੁੱਪ ਨਾ ਰਹਿੰਦੀ।

ਦੇਖ ਪੰਜਾਬ ਦਾ ਅਜ਼ਬ ਨਜ਼ਾਰਾ,
ਉਲਟ ਪੁਲਟ ਹੋਈ ਜਾਂਦਾ ਸਾਰਾ।
ਵੇਖ ਨਸ਼ਿਆਂ ਵਿੱਚ ਜਵਾਨੀ ਪੈਂਦੀ,
ਲਿਖਦੀ ਥੱਕ ਗਈ ਮੈਂ ਵੀ ਕਹਿੰਦੀ।

ਤੰਦ ਨਾ ਏਥੇ ਤਾਣੀ ਟੁੱਟੀ,
ਮਹਿੰਗਾਈ ਵੀ ਸਭ ਨੂੰ ਜਾਂਦੀ ਲੁੱਟੀ।
ਬੇਰੁਜ਼ਗਾਰੀ ਨਿੱਤ ਫਾਹੇ ਲੈਂਦੀ,
ਕਲਮ ਵੀ ਹੁਣ ਤਾਂ ਜਾਵੇ ਢਹਿੰਦੀ।

ਹੋਰ ਨਾ ਇਸ ਤੋਂ ਵੇਖਾਂ ਮੰਦਾ,
ਰੱਬ ਕਰੇ ਸਭ ਹੋ ਜਾਏ ਚੰਗਾ।
ਹੱਥ ਜੋੜ ਬਸ ਇਹੀ ਕਹਿੰਦੀ,
ਕਲਮ ਦੁਆਵਾਂ ਮੰਗਦੀ ਰਹਿੰਦੀ।
ਮੇਰੀ ਕਲਮ ਦੁਆਵਾਂ ਮੰਗਦੀ ਰਹਿੰਦੀ

**ਕਮਲੇਸ਼ ਸ਼ਾਹਕੋਟੀ**



# ਨਾਰੀ  ਸੰਸਾਰ



## ਆਪਣੇ ਹਾਲਾਤ ਨਾਲ ਲੜਨਾ ਸਿੱਖੋ

ਹਾਲਾਤ ਨਾਲ ਨਜਿੱਠਣ ਦੀ ਸਮਝ ਅਤੇ ਹਾਲਾਤ ਨਾਲ ਲੜਨ ਦੀ ਹਿੰਮਤ ਹੋਵੇ ਤਾਂ ਬੁਰੇ ਵਕਤ ਸਾਨੂੰ ਕਮਜ਼ੋਰ ਨਹੀਂ, ਬਲਕਿ ਮਜ਼ਬੂਤ ਕਰਦੇ ਹਨ ਪਰ ਪ੍ਰੀਖਿਆ ਤੁਹਾਡੀ ਕਾਬਲੀਅਤ, ਮਿਹਨਤ, ਜਜ਼ਬਾ, ਸਿਦਕ, ਚਰਿੱਤਰ ਅਤੇ ਸਮਝ ਦੀ ਪਰਖ ਹੈ। ਜੇਕਰ ਸਾਡੇ ਬੁਰੇ ਹਾਲਾਤ ਰਵਾਉਂਦੇ ਹਨ ਤਾਂ ਇਹ ਸਾਨੂੰ ਸਿਖਾਉਂਦੇ ਵੀ ਹਨ। ਜਿਵੇਂ ਤਨ ਦੀ ਮਜ਼ਬੂਤੀ ਲਈ ਚੰਗੀ ਖ਼ੁਰਾਕ ਜ਼ਰੂਰੀ ਹੈ ਉਵੇਂ ਮਨ ਦੀ ਮਜ਼ਬੂਤੀ ਲਈ ਚੰਗੇ ਵਿਚਾਰ ਲਾਜ਼ਮੀ ਹਨ। ਤਨ ਅਤੇ ਮਨ ਦੇ ਸੁਮੇਲ ਨਾਲ ਹੀ ਇਹ ਸੰਭਵ ਹੈ ਕਿ ਆਪਣੇ ਹਾਲਾਤ 'ਤੇ ਜਿੱਤ ਪ੍ਰਾਪਤ ਕਰ ਸਕਦੇ ਹਾਂ। ਉਨ੍ਹਾਂ ਚੀਜ਼ਾਂ ਨਾਲ ਸਹਿਮਤ ਹੋਣਾ ਸਿੱਖੋ, ਜਿਨ੍ਹਾਂ ਨੂੰ ਤੁਸੀਂ ਬਦਲ ਨਹੀਂ ਸਕਦੇ। ਉਨ੍ਹਾਂ ਗੱਲਾਂ ਨੂੰ ਅਣਡਿੱਠ ਕਰਨਾ ਸਿੱਖੋ, ਜਿਨ੍ਹਾਂ ਦਾ ਤੁਹਾਡੇ ਨਾਲ ਕੋਈ ਸਬੰਧ ਨਹੀਂ। ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਬਦਲਣ ਦੀ ਕੋਸ਼ਿਸ਼ ਕਰੋਗੇ ਤਾਂ ਨਿਰਾਸ਼ਾ ਹੀ ਹੱਥ ਲੱਗੇਗੀ। ਤੁਸੀਂ ਉਨ੍ਹਾਂ ਲੋਕਾਂ ਪ੍ਰਤੀ ਆਪਣਾ ਖ਼ੁਦ ਦਾ ਨਜ਼ਰੀਆ ਬਦਲੋ, ਉਨ੍ਹਾਂ ਵਿਚ ਵੀ ਤਬਦੀਲੀ ਜ਼ਰੂਰ ਆਵੇਗੀ। ਸਭ ਤੋਂ ਵੱਡੀ ਸਮੱਸਿਆ ਜਾਂ ਮੁਸ਼ਕਿਲ ਸਮਾਜ ਵਿਚ ਨਹੀਂ, ਸਗੋਂ ਸਾਡੀ ਆਪਣੀ ਸੋਚ ਅੰਦਰ ਹੁੰਦੀ ਹੈ। ਜਿੰਨਾ ਵੱਧ ਅਸੀਂ ਮੁਸ਼ਕਿਲਾਂ ਦਾ ਜ਼ਿਕਰ ਕਰਾਂਗੇ, ਓਨੀਆਂ ਹੀ ਇਹ ਵੱਧ ਪ੍ਰੇਸ਼ਾਨ ਕਰਦੀਆਂ ਹਨ। ਅਸੀਂ ਸਮੱਸਿਆਵਾਂ ਨੂੰ ਤਾਂ ਜਾਣਦੇ ਹਾਂ ਪਰ ਇਨ੍ਹਾਂ ਦੇ ਹੱਲ ਨੂੰ ਨਹੀਂ ਜਾਣਦੇ।

ਅਕਸਰ ਹਾਰੇ ਹੋਏ ਬੰਦੇ ਦੀ ਸਲਾਹ ਅਤੇ ਜਿੱਤੇ ਹੋਏ ਬੰਦੇ ਦਾ ਤਜਰਬਾ ਬਹੁਤ ਕੰਮ ਆਉਂਦਾ ਹੈ। ਕਿਸੇ ਨੇ ਪੁੱਛਿਆ ਕਿ ਸਫਲ ਹੋਣ ਲਈ ਕਿੰਨੀ ਮਿਹਨਤ ਕਰਨੀ ਚਾਹੀਦੀ ਹੈ ਤਾਂ ਉੱਤਰ ਮਿਲਿਆ 'ਜਿੰਨੀ ਮਿਹਨਤ ਇਕ ਨੋਬਲ ਪੁਰਸਕਾਰ ਜਿੱਤਣ ਵਾਲਾ ਵਿਅਕਤੀ ਕਰਦਾ ਹੈ, ਤੁਸੀਂ ਓਨੀ ਮਿਹਨਤ ਕਰੋਗੇ ਤਾਂ ਤੁਹਾਡੀ ਕਾਮਯਾਬੀ ਨੂੰ ਕੋਈ ਵੀ ਰੋਕ ਨਹੀਂ ਸਕਦਾ। ਅਕਸਰ ਅਸੀਂ ਕਈ ਵਾਰ ਸਬਰ ਦੀ ਲੜਾਈ ਹਾਰ ਜਾਂਦੇ ਹਾਂ। ਅੰਦਰ ਦੀ ਮਜ਼ਬੂਤੀ ਤੋਂ ਬਗੈਰ ਅਸੀਂ ਜਿੱਤ ਵੀ ਹਾਰ ਜਾਂਦੇ ਹਾਂ। ਕਹਿੰਦੇ ਹਨ ਕਿ ਜੇਕਰ ਤੁਸੀਂ ਉਡ ਨਹੀਂ ਸਕਦੇ ਤਾਂ ਦੌੜੋ, ਜੇਕਰ ਦੌੜ ਨਹੀਂ ਸਕਦੇ ਤਾਂ ਤੁਰੋ, ਜੇਕਰ ਤੁਰ ਨਹੀਂ ਸਕਦੇ ਤਾਂ ਰਿੜ੍ਹੋ ਪਰ ਰੁਕੋ ਨਾ। ਸ਼ੌਕ ਸਿਰਫ ਵਿਹਲੇ ਸਮੇਂ ਦੀ ਪੂਰਤੀ ਨਹੀਂ ਹੁੰਦਾ, ਬਲਕਿ ਸ਼ੌਕ ਉਹ ਜਨੂੰਨ ਤੇ ਜਜ਼ਬਾ ਹੈ, ਜੋ ਤੁਹਾਨੂੰ ਕਦੇ ਅੱਕਣ ਅਤੇ ਥੱਕਣ ਨਹੀਂ ਦਿੰਦਾ। ਜ਼ਿੰਦਗੀ ਦੀ ਰਵਾਨਗੀ ਵਿਚ ਹੀ ਰੂਹ ਧੜਕਦੀ ਹੈ। ਇਹ ਜ਼ਿੰਦਗੀ ਜੋਸ਼ ਅਤੇ ਹੋਸ਼ ਦਾ ਸੁਮੇਲ ਹੈ।

ਦਿਲ ਵਿਚ ਮੁਹੱਬਤ ਅਤੇ ਰੂਹ ਵਿਚ ਸੰਗੀਤ। ਚਿਹਰੇ 'ਤੇ ਮੁਸਕਰਾਹਟ ਤੇ ਮਿਲਣੀ ਵਿਚ ਸਲੀਕਾ। ਜੇਕਰ ਤੁਹਾਡੇ ਕੋਲ ਚੰਗੀ ਸਿਹਤ ਹੈ ਤਾਂ ਆਪਣੇ ਆਲੇ-ਦੁਆਲੇ ਨਜ਼ਰ ਮਾਰੋ, ਕਿੰਨੇ ਲੋਕ ਚੰਗੀ ਸਿਹਤ ਲਈ ਤਰਸ ਰਹੇ ਹਨ। ਸਰੀਰਕ ਕੱਦ ਦਾ ਛੋਟਾ ਹੋਣਾ ਕੋਈ ਰੁਕਾਵਟ ਨਹੀਂ, ਬਲਕਿ ਅਸਲ ਰੁਕਾਵਟ ਤੁਹਾਡੀ ਸੋਚ ਦੇ ਕੱਦ ਦਾ ਛੋਟਾ ਹੋਣਾ ਹੈ। ਇਕ ਸਾਂਵਲੇ ਰੰਗ ਦੀ ਲੜਕੀ ਇਸ ਚਿੰਤਾ ਵਿਚ ਹੈ ਕਿ ਉਸ ਦਾ ਰੰਗ ਗੋਰਾ ਕਿਉਂ ਨਹੀਂ ਹੈ ? ਗੋਰੇ ਰੰਗ ਵਾਲੀ ਲੜਕੀ ਇਸ ਚਿੰਤਾ ਵਿਚ ਹੈ ਕਿ ਉਸ ਦੇ ਸਿਰ ਦੇ ਵਾਲ ਬਹੁਤ ਛੋਟੇ ਹਨ। ਇਕ ਚੰਗੀ ਤੇ ਸਿਆਣੀ ਕੁੜੀ ਇਸ ਚਿੰਤਾ ਵਿਚ ਹੈ ਕਿ ਉਸ ਦਾ ਕੱਦ ਬਹੁਤ ਛੋਟਾ ਹੈ। ਇਕ ਹੁਸ਼ਿਆਰ ਕੁੜੀ ਇਸ ਚਿੰਤਾ ਵਿਚ ਹੈ ਕਿ ਉਸ ਦਾ ਭਾਰ ਜ਼ਿਆਦਾ ਹੈ। ਕਈ ਆਪਣੀ ਬਦਸੂਰਤੀ ਤੋਂ ਦੁਖੀ ਹਨ ਅਤੇ ਕਈ ਆਪਣੀਆਂ ਹੀ ਆਦਤਾਂ ਤੋਂ ਪ੍ਰੇਸ਼ਾਨ ਹਨ। ਸਾਡੀਆਂ ਜ਼ਿਆਦਾਤਰ ਮੁਸ਼ਕਿਲਾਂ, ਚਿੰਤਾਵਾਂ, ਫਿਕਰ ਸਾਡੇ ਆਪਣੇ-ਆਪ ਨਾਲ ਸਬੰਧਿਤ ਹਨ। ਜਿਸ ਸਮੱਸਿਆ ਦਾ ਕੋਈ ਹੱਲ ਨਾ ਹੋਵੇ, ਸਮਝੋ ਉਹ ਅਸਲ ਵਿਚ ਕੋਈ ਸਮੱਸਿਆ ਹੀ ਨਹੀਂ ਹੁੰਦੀ। ਆਪਣੇ-ਆਪ ਦੀ ਚਿੰਤਾ ਵਿਚ ਅਕਸਰ ਅਸੀਂ ਹਾਲਾਤ ਨਾਲ ਲੜਨਾ ਹੀ ਭੁੱਲ ਜਾਂਦੇ ਹਾਂ। ਸੱਚ ਨੂੰ ਸਵੀਕਾਰ ਕਰਨਾ ਸਿੱਖੋ। ਅਕਸਰ ਜਿਹੜੀਆਂ ਕੁੜੀਆਂ ਜਾਂ ਔਰਤਾਂ ਜ਼ਿਆਦਾ ਜਜ਼ਬਾਤੀ ਹੁੰਦੀਆਂ ਹਨ, ਉਨ੍ਹਾਂ ਵਿਚ ਸਹਿਣਸ਼ੀਲਤਾ ਦੀ ਵੀ ਕਮੀ ਹੁੰਦੀ ਹੈ।

ਜੇਕਰ ਮੌਸਮ ਬਦਲਦੇ ਹਨ ਤਾਂ ਇਹ ਇਕ ਕੁਦਰਤੀ ਨਿਯਮ ਹੈ ਕਿ ਸਾਡੀ ਜ਼ਿੰਦਗੀ ਦਾ ਸਮਾਂ ਵੀ ਬਦਲਦਾ ਰਹਿੰਦਾ ਹੈ। ਸੌਖੇ ਦਿਨਾਂ ਵਿਚ ਇਕੱਠੀ ਕੀਤੀ ਪੂੰਜੀ ਔਖੇ ਦਿਨਾਂ ਵਿਚ ਕੰਮ ਆਉਂਦੀ ਹੈ। ਜੇਕਰ ਲਗਨ, ਇਬਾਦਤ ਅਤੇ ਸ਼ੌਕ ਇਸ਼ਕ ਬਣ ਜਾਵੇ ਤਾਂ ਮੁਸ਼ਕਿਲਾਂ ਨਾਲ ਲੜਨਾ ਵਧੀਆ ਲਗਦਾ ਹੈ। ਮੁਸ਼ਕਿਲਾਂ ਅਤੇ ਰੁਕਾਵਟਾਂ ਜ਼ਿੰਦਗੀ ਦੀ ਸੜਕ 'ਤੇ ਸਪੀਡ ਬਰੇਕਾਂ ਦੀ ਤਰ੍ਹਾਂ ਹੁੰਦੀਆਂ ਹਨ, ਜੋ ਸਾਨੂੰ ਕਈ ਹਾਦਸਿਆਂ ਤੋਂ ਬਚਾਉਂਦੀਆਂ ਹਨ। ਜਿਹੜੇ ਲੋਕ ਤੁਹਾਨੂੰ ਜ਼ਿੰਦਗੀ ਵਿਚ ਅੱਗੇ ਵਧਣ ਵਿਚ ਤੁਹਾਡਾ ਸਾਥ ਅਤੇ ਸਹਿਯੋਗ ਦਿੰਦੇ ਹਨ, ਤੁਸੀਂ ਉਨ੍ਹਾਂ ਲੋਕਾਂ ਦੇ ਭਰੋਸੇ ਨੂੰ ਕਦੇ ਨਾ ਟੁੱਟਣ ਦਿਓ, ਜੋ ਭਰੋਸਾ ਉਹ ਤੁਹਾਡੇ 'ਤੇ ਕਰਦੇ ਹਨ। ਇਹ ਸਹਿਯੋਗੀ ਤੁਹਾਡੇ ਮਾਪੇ, ਰਿਸ਼ਤੇਦਾਰ, ਦੋਸਤ ਜਾਂ ਆਲੇ-ਦੁਆਲੇ ਦੇ ਚੰਗੀ ਸੋਚ ਵਾਲੇ ਇਨਸਾਨ ਵੀ ਹੋ ਸਕਦੇ ਹਨ। ਜੇਕਰ ਤੁਸੀਂ ਖ਼ੁਦ ਚੰਗੇ ਹੋ ਤਾਂ ਬਾਕੀ ਚੰਗੇ ਲੋਕ ਤੁਹਾਡਾ ਸਾਥ ਦੇਣ ਲਈ ਹਮੇਸ਼ਾ ਤਿਆਰ ਹੋਣਗੇ। ਸਾਡੀਆਂ ਕਈ ਬੇਟੀਆਂ ਦਾ ਜਨਮ ਬਹੁਤ ਹੀ ਪਛੜੇ, ਗਰੀਬ ਪਰਿਵਾਰ ਵਿਚ ਹੋਇਆ ਪਰ ਇਸ ਦੇ ਬਾਵਜੂਦ ਉਹ ਆਪਣੀ ਯੋਗਤਾ, ਲਿਆਕਤ, ਸਮਝਦਾਰੀ, ਹੁਨਰ ਦੇ ਜ਼ਰੀਏ ਦੁਨੀਆ ਵਿਚ ਆਪਣਾ ਨਾਂਅ ਰੌਸ਼ਨ ਕਰਨ ਵਿਚ ਕਾਮਯਾਬ ਹੋਈਆਂ ਹਨ।

**- ਅਮਰਜੀਤ ਬਰਾੜ**, 94179-49079

## ਘਰਾਂ ਦੇ ਹਰ ਸਲਾਹ ਮਸ਼ਵਰੇ ਵਿੱਚ ਮੁੰਡੇ ਅੱਗੇ ਤੇ ਕੁੜੀਆਂ ਪਿੱਛੇ ਕਿਉਂ !!!



ਕਰਮਜੀਤ ਕੌਰ ਸਮਾਓ

ਕੁੜੀ ਨੂੰ ਤਾਂ ਬਚਪਣ ਤੋ ਹੀ ਬਸ ਇਹੀ ਸਿਖਾਇਆ ਜਾਂਦਾ ਹੈ ਕਿ ਤੂੰ ਸਭ ਦੀ ਗੱਲ ਮੰਨਣੀ ਹੈ ਬੇਸ਼ਕ ਪਰਵਾਰ ਵਿੱਚ ਤੇਰੇ ਤੋ ਛੋਟਾ ਤੇਰਾ ਭਰਾ ਹੈ ਉਸ ਦਾ ਵੀ ਕਿਹਾ ਅੱਸੀ ਪਹਿਲਾ ਸੁਣਨਾ ਤੂੰ ਵੀ ਉਸ ਦੀ ਗੱਲ ਮੰਨਣੀ ਹੈ ਕਿਉਂਕਿ ਤੂੰ ਇੱਕ ਕੁੜੀ ਹੈ ਭਾਵੇਂ ਤੂੰ ਉਸ ਤੋ ਵੱਧ ਸਿਆਣੀ ਹੈ ਤੇ ਬਾਕੀ ਤਾਂ ਬੇਸ਼ਕ ਅਸੀਂ ਅਨਪੜ੍ਹ ਹਾਂ ਤੇ ਤੇਰੇ ਮੁਕਾਬਲੇ ਵਿੱਚ ਘਰ ਵਿੱਚ ਕੋਈ ਵੀ ਨਹੀਂ ਆਉਂਦਾ ਫਿਰ ਵੀ ਹਮੇਸ਼ਾ ਤੂੰ ਸਾਡੀ ਗੱਲ ਮੰਨ ਸਾਡੀ ਮਰਜ਼ੀ ਨਾਲ ਚੱਲ ਅਤੇ ਕਿੱਥੇ ਤੇਰਾ ਵਿਆਹ ਕਰਨਾ ਕਿਥੇ ਨਹੀਂ ਕਰਨਾ ਇਹ ਫੈਸਲਾ ਵੀ ਸਾਡਾ ਹੀ ਹੋਵੇਗਾ ਕਿਉਂਕਿ ਕੁੜੀ ਹੋਣ ਕਰਕੇ ਤੈਨੂੰ ਕੁਝ ਨਹੀਂ ਪਤਾ ਤੇਰੀ ਸਿਆਣਪ ਤੇਰੀ ਪੜਾਈ ਤਾਂ ਇੱਕ ਇਸ ਕਰਕੇ ਕਰਵਾਈ ਹੈ ਕਿ ਤੇਰਾ ਵਿਆਹ ਚੰਗੇ ਘਰ ਕਰ ਸਕੀਏ ਸਾਡੇ ਅੱਗੇ ਤਾਂ ਤੇਰਾ ਗਿਆਨ ਕੁਝ ਨਹੀਂ । ਜਦੋਂ ਜ਼ਿਆਦਾਤਰ ਲੋਕਾਂ ਨੇ ਹੀ ਇੰਝ ਸੋਚਣਾ ਹੈ ਫਿਰ ਕਿਉਂ ਪੜਾਉਂਦੇ ਹਾਂ ਅਸੀਂ ਕੁੜੀਆਂ ਨੂੰ ,ਉਹਨਾ ਨੂੰ ਬੇਗਾਨੇ ਘਰ ਜਾਣਾ ਹੁੰਦਾ ਤਾਂ ਕਰਕੇ ਅਸੀਂ ਕਿਸੇ ਵੀ ਘਰ ਦੇ ਕੰਮ ਵਿੱਚ ਕਦੇ ਕੁੜੀ ਤੋ ਸਲਾਹ ਕਿਉਂ ਨਹੀਂ ਲੈਂਦੇ ਕਿਉਂ ਹਮੇਸ਼ਾ ਇਹੀ ਕਿਹਾ ਜਾਂਦਾ ਹਰ ਕੰਮ ਕਰਨ ਤੋ ਪਹਿਲਾ ਕਿ ਆਪਣੇ ਮੁੰਡਿਆ ਨਾਲ ਸਲਾਹ ਮਸ਼ਵਰਾ ਕਰੇ ਲਓ ਜਾ ਕਰ ਲਈਏ ਕਿਉਂ ਕੁੜੀਆਂ ਨੂੰ ਇਹ ਸਮਾਨਤਾ ਅਸੀਂ ਨਹੀਂ ਦੇ ਸਕਦੇ । ਬਸ ਇੱਕ ਚੰਗਾ ਪੜਾ ਲਿਖਾ ਕਿ ਕੁੜੀਆਂ ਤੇ ਅਹਿਸਾਨ ਕਰ ਦਿੰਦੇ ਹੋ ਹੋਰ ਸਭ ਕੰਮਾਂ ਵਿੱਚ ਸ਼ਮੂਲੀਅਤ ਤੱਕ ਨਹੀਂ ਕਰਨ ਦਿੰਦੇ ਫਿਰ ਤੁਸੀਂ ਆਪ ਹੀ ਸੋਚੋ ਕਿੱਥੇ ਹੈ ਬਰਾਬਰਤਾ । ਮੁੰਡਾ ਘਰ ਤੋ ਬਾਹਰ ਭਾਵੇਂ ਰੋਜ਼ ਗਲਤੀਆਂ ਕਰੇ ਪਰ ਕੁੜੀ ਤੋ ਕਦੇ ਭੁੱਲ ਕੇ ਵੀ ਜਿੰਦਗੀ ਵਿੱਚ ਇੱਕ ਗਲਤੀ ਹੋ ਜਾਵੇ ਸਾਰੀ ਉਮਰ ਲਈ ਉਸ ਨੂੰ ਆਪਣਿਆਂ ਦੇ ਬੇਗਾਨਿਆਂ ਦੇ ਤਾਹਨੇ ਮਿਹਣੇ ਸਹਿਣੇ ਪੈਂਦੇ ਨੇ ਤੇ ਸਾਰੀ ਉਮਰ ਲਈ ਉਹ ਇਸੇ ਕਰਕੇ ਹੀ ਇਹ ਮਰਦ ਸਮਾਜ ਦੀ ਗੁਲਾਮ ਹੋ ਜਾਂਦੀ ਹੈ ਕਿ ਬਸ ਮੈ ਪਤਾ ਨਹੀਂ ਕੀ ਕਤਲ ਕਰਤਾ ਮੁੰਡਿਆ ਤੇ ਇਹ ਸਭ ਕਿਉਂ ਲਾਗੂ ਨਹੀਂ ਹੁੰਦਾ ।



## ਨਾਰੀ ਨੂੰ ਦਰਪੇਸ਼ ਮਸਲੇ

ਔਰਤ ਦੀ ਸਥਿਤੀ ਦੁਨੀਆ ਦੇ ਪੂਰੇ ਮੁਲਕਾਂ ਵਿਚ ਵੱਖਰੀ-ਵੱਖਰੀ ਹੈ। ਸਮੁੱਚੇ ਮੁਲਕਾਂ ਵਿਚ ਨਾਰੀ ਦੀ ਸਥਿਤੀ ਵਿਚ ਸੁਧਾਰ ਜ਼ਰੂਰ ਹੋ ਰਿਹਾ ਹੈ ਪਰ ਹਾਲੇ ਬਹੁਤ ਰੁਕਾਵਟਾਂ ਹਨ, ਜੋ ਉਸ ਨੂੰ ਹਾਸ਼ੀਆ ਕ੍ਰਿਤ ਕਰਦੀਆਂ ਹਨ। ਭਾਰਤੀ ਔਰਤ ਦੀ ਸਥਿਤੀ ਸਮੁੱਚੇ ਮੁਲਕਾਂ ਦੇ ਬਹੁਤ ਸਾਰੇ ਮੁਲਕਾਂ ਤੋਂ ਬਿਹਤਰ ਹੈ ਪਰ ਹਾਲੇ ਵੀ ਬਹੁਤ ਸਾਰੀਆਂ ਸਮਾਜਿਕ ਅਤੇ ਸੱਭਿਆਚਾਰਕ ਮਰਿਆਦਾਵਾਂ ਦੇ ਬੰਧਨ ਹਨ, ਜੋ ਉਸ ਦੀ ਤਰੱਕੀ ਅਤੇ ਵਿਕਾਸ ਨੂੰ ਚੰਦਰਮਾ ਦੇ ਗ੍ਰਹਿਣ ਵਾਂਗ ਹਨੇਰਾ ਕਰਦੇ ਹਨ। ਅਜੋਕੀ ਨਾਰੀ ਆਪਣੇ ਅਧਿਕਾਰਾਂ ਪ੍ਰਤੀ ਤਾਂ ਸੁਚੇਤ ਹੋ ਰਹੀ ਹੈ ਪਰ ਬਹੁਤ ਸਾਰੀਆਂ ਨਾਰੀਆਂ ਹਾਲੇ ਵੀ ਅਗਿਆਨਤਾ ਅਤੇ ਮਾਨਸਿਕ ਦਵੰਦ ਦਾ ਸ਼ਿਕਾਰ ਹਨ। ਭਾਰਤ ਵਿਚ ਨਾਰੀ ਜਾਗ੍ਰਿਤੀ ਲਈ ਸਮੇਂ-ਸਮੇਂ ਬਹੁਤ ਸਾਰੀਆਂ ਸਮਾਜਿਕ-ਧਾਰਮਿਕ ਲਹਿਰਾਂ ਚੱਲਦੀਆਂ ਰਹੀਆਂ ਹਨ ਪਰ ਅਫਸੋਸ ਕਿ ਇਨ੍ਹਾਂ ਦੀ ਵਾਗਡੋਰ ਹਮੇਸ਼ਾ ਸਿਆਸਤਾਨਾਂ ਦੇ ਹੱਥ ਵਿਚ ਰਹੀ ਹੈ, ਜਿਸ ਕਾਰਨ ਨਾਰੀ ਮੁਕਤੀ ਜਾਂ ਨਾਰੀ ਆਜ਼ਾਦੀ ਕੇਵਲ ਸਿਧਾਂਤਾਂ ਤੱਕ ਸੀਮਤ ਰਹੀ ਹੈ। ਭਾਰਤੀ ਨਾਰੀ ਪਰੰਪਰਾ ਅਤੇ ਆਧੁਨਿਕਤਾ ਦੇ ਦੋ ਪੁੜਾਂ ਵਿਚ ਪਿਸ ਰਹੀ ਹੈ। ਸੱਭਿਆਚਾਰਕ ਅਤੇ ਸਮਾਜਿਕ ਵਲਗਣਾਂ ਦਾ ਘੇਰਾ ਉਸ ਨੂੰ ਆਧੁਨਿਕ ਤੇ ਵਿਗਿਆਨਕ ਬਣਾਉਣ ਤੋਂ ਰੋਕਦਾ ਹੈ।

ਭਾਰਤੀ ਨਾਰੀ ਦੀਆਂ ਸਮੱਸਿਆਵਾਂ ਹਾਲੇ ਵੀ ਉਸ ਨੂੰ ਜਿਸਮਾਨੀ ਕੈਦ ਤੱਕ ਸੀਮਤ ਕਰ ਰਹੀਆਂ ਹਨ। ਔਰਤ ਦੀ ਸਥਿਤੀ ਹਮੇਸ਼ਾ ਦੂਜੈਲੀ ਰਹੀ ਹੈ। ਮਰਦ ਮਾਨਸਿਕਤਾ ਔਰਤ ਨੂੰ ਆਪਣੇ ਅਨੁਸਾਰ ਢਾਲਣ ਲਈ ਯਤਨਸ਼ੀਲ ਹੈ। ਨਾਰੀ ਮਨ ਮਰਦ ਪ੍ਰਧਾਨ ਸਮਾਜ ਨੂੰ ਬਦਲਣ ਲਈ ਕੋਸ਼ਿਸ਼ ਕਰ ਰਿਹਾ ਹੈ। ਬਹੁਤ ਸਾਰੇ ਸੱਭਿਆਚਾਰਕ ਬੰਧਨ ਔਰਤ ਨੂੰ ਸਮਾਜਿਕ ਤੌਰ 'ਤੇ ਬੌਣਾ ਕਰ ਰਹੇ ਹਨ।

ਧੀ-ਪੁੱਤ ਵਿਚਲਾ ਭੇਦ-ਭਾਵ ਅੱਜ ਵੀ ਸਾਡੀ ਮਾਨਸਿਕਤਾ ਦਾ ਹਿੱਸਾ ਬਣਿਆ ਹੈ। ਲੋੜ ਹੈ ਇਸ ਸਥਿਤੀ ਨੂੰ ਸਮਝਣ ਦੀ। ਨਾਰੀ ਜੇਕਰ ਚਾਹੇ ਤਾਂ ਧੀ-ਪੁੱਤ ਬਰਾਬਰ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਆਪਣੇ ਅਮਲੀ ਜੀਵਨ ਵਿਚ ਲਾਗੂ ਕਰ ਕੇ ਧੀਆਂ ਨੂੰ ਪਹਿਲ ਦੇ ਕੇ ਔਰਤ ਦੀ ਸਮਾਜਿਕ ਸਥਿਤੀ ਨੂੰ ਬਿਹਤਰ ਕਰ ਸਕਦੀ ਹੈ।

ਅੱਜ ਵੀ ਜਬਰ ਜਨਾਹ ਵਰਗੇ ਘਿਨਾਉਣੇ ਅਪਰਾਧ ਨਾਰੀ ਆਜ਼ਾਦੀ ਲਈ ਵੱਡਾ ਖ਼ਤਰਾ ਹਨ। ਨਿੱਤ ਹੀ ਅਖ਼ਬਾਰਾਂ ਵਿਚ ਆਉਣ ਵਾਲੀਆਂ ਮੰਦਭਾਗੀਆਂ ਖ਼ਬਰਾਂ ਸਮੂਹਿਕ ਜਬਰ ਜਨਾਹ, ਰਿਸ਼ਤੇਦਾਰਾਂ ਵਲੋਂ ਕੁੜੀਆਂ ਨੂੰ ਕਮਜ਼ੋਰ ਸਮਝ ਕੇ ਸਰੀਰਕ ਸ਼ੋਸ਼ਣ ਵਰਗੀਆਂ ਗੰਭੀਰ ਸਮੱਸਿਆਵਾਂ ਨਾਰੀ ਦੀ ਆਜ਼ਾਦੀ ਲਈ ਵੱਡਾ ਖ਼ਤਰਾ ਹਨ। ਕਾਨੂੰਨੀ ਸੇਵਾਵਾਂ ਹੋਣ ਦੇ ਬਾਵਜੂਦ ਔਰਤ ਨਾਲ ਹੋਣ ਵਾਲਾ ਜਬਰ ਜਨਾਹ ਉਸ ਨੂੰ ਮਾਨਸਿਕ, ਸਮਾਜਿਕ ਅਤੇ ਸਰੀਰਕ ਤੌਰ 'ਤੇ ਤੋੜ ਕੇ ਰੱਖ ਦਿੰਦਾ ਹੈ ਤੇ ਕਈ ਵਾਰ ਉਹ ਇਸ ਘਿਨਾਉਣੇ ਅਪਰਾਧ ਨੂੰ ਚੁੱਪਚਾਪ ਸਹਿ ਕੇ ਅੰਦਰੋਂ-ਅੰਦਰ ਦਮ ਘੁੱਟਦੀ ਰਹਿੰਦੀ ਹੈ।

ਬਹੁਤ ਸਾਰੀਆਂ ਸੱਭਿਆਚਾਰਕ ਰਸਮਾਂ ਵੀ ਨਾਰੀ ਨੂੰ ਨੀਵਾਂ ਦਿਖਾਉਂਦੀਆਂ ਹਨ। ਬੇਸ਼ੱਕ ਮਾਂ-ਬਾਪ ਦੀ ਜਾਇਦਾਦ ਵਿਚੋਂ ਹਿੱਸਾ ਲੈਣਾ ਉਸ ਦਾ ਸਮਾਜਿਕ ਤੇ ਕਾਨੂੰਨੀ ਅਧਿਕਾਰ ਹੈ ਪਰ ਜੇਕਰ ਉਹ ਅਜਿਹਾ ਕਰਦੀ ਹੈ ਤਾਂ ਪੇਕੇ ਪਰਿਵਾਰ ਵਿਸ਼ੇਸ਼ ਕਰਕੇ ਭਰਾਵਾਂ ਵਲੋਂ ਉਸ ਦਾ ਸਾਥ ਹਮੇਸ਼ਾ ਛੁੱਟ ਜਾਂਦਾ ਹੈ। ਵਿਆਹ ਵੇਲੇ ਵੀ ਆਪਣੇ ਮਾਂ-ਬਾਪ ਦਾ ਵਿਹੜਾ ਛੱਡ ਦੂਜੇ ਘਰ ਵਿਚ ਆ ਕੇ ਉਸ ਮਾਹੌਲ ਅਨੁਸਾਰ ਢਲਣ ਲਈ ਵੀ ਔਰਤ ਨੂੰ ਹੀ ਕੋਸ਼ਿਸ਼ ਕਰਨੀ ਪੈਂਦੀ ਹੈ। ਜੇਕਰ ਉਹ ਮਾਂ ਨਹੀਂ ਬਣ ਸਕਦੀ ਤਾਂ ਵੀ ਜ਼ਿੰਮੇਵਾਰੀ ਉਸ ਦੀ ਹੈ, ਮਰਦ ਅੰਦਰ ਜੇਕਰ ਜੈਵਿਕ ਤੌਰ 'ਤੇ ਕੋਈ ਕਮਜ਼ੋਰੀ ਹੈ ਤਾਂ ਸਮਾਜ ਦਾ ਧਿਆਨ ਉਧਰ ਨਹੀਂ ਜਾਂਦਾ, ਸਗੋਂ ਔਰਤ ਨੂੰ ਹੀ ਦੋਸ਼ੀ ਠਹਿਰਾਇਆ ਜਾਂਦਾ ਹੈ। ਤਾਹਨੇ-ਮਿਹਣੇ ਵੀ ਸਹਿਣੇ ਉਸ ਦੇ ਹਿੱਸੇ ਆਏ ਹਨ। ਔਰਤ ਜੇਕਰ ਵਿਧਵਾ ਵੀ ਹੋ ਜਾਂਦੀ ਹੈ ਤਾਂ ਉਸ ਤੋਂ ਬਾਅਦ ਸਮਾਜ ਦਾ ਪਹਿਰਾ ਉਸ ਉੱਪਰ ਹੋਰ ਵਧ ਜਾਂਦਾ ਹੈ। ਉਹ ਕਿਥੇ ਜਾਂਦੀ ਹੈ, ਕੀ ਕਰਦੀ ਹੈ, ਕੀ ਪਹਿਨਦੀ ਹੈ, ਸਭ ਦੂਜਿਆਂ ਦੀ ਪਰਖ-ਪੜਚੋਲ ਵਿਚੋਂ ਨਿਕਲਦਾ ਹੈ। ਤਲਾਕਸ਼ੁਦਾ ਔਰਤ ਨਾਲ ਵੀ ਸਮਾਜ ਦਾ ਰਵੱਈਆ ਸੁਭਾਵਿਕ ਨਹੀਂ ਹੈ, ਭਾਵੇਂ ਬਹੁਤ ਵਾਰ ਔਰਤਾਂ ਹੀ ਔਰਤਾਂ ਨੂੰ ਭੰਡਦੀਆਂ ਹਨ ਪਰ ਇਸ ਦਾ ਕਾਰਨ ਵੀ ਸਾਡੇ ਸਮਾਜ ਦੀ ਦਕੀਆਨੂਸੀ ਸੋਚ ਹੈ। ਬਹੁਤ ਵਾਰ ਔਰਤ ਅਣਸੁਖਾਵੇਂ ਵਿਆਹੁਤਾ ਜੀਵਨ ਵਿਚ ਹੀ ਆਪਣਾ ਜੀਵਨ ਜਿਊਂਦੀ ਹੈ ਤੇ ਤਲਾਕ ਬਾਰੇ ਨਹੀਂ ਸੋਚਦੀ, ਕਿਉਂ ਜੋ ਉਹ ਸਮਾਜਿਕ ਤੌਰ 'ਤੇ ਤ੍ਰਿਸਕਾਰ ਦਾ ਪਾਤਰ ਬਣਦੀ ਹੈ।

ਲੜਕੀਆਂ ਉੱਪਰ ਹੁੰਦੇ ਤੇਜ਼ਾਬੀ ਹਮਲੇ ਵੀ ਉਨ੍ਹਾਂ ਦੀ ਸਮਾਜਿਕ ਸੁਰੱਖਿਆ ਉੱਪਰ ਇਕ ਸਵਾਲ ਹਨ। ਜਿਸਮਾਨੀ ਤੌਰ 'ਤੇ ਬਦਸੂਰਤ ਹੋ ਜਾਣਾ ਅਤੇ ਕਈ ਵਾਰ ਜਾਨ ਤੋਂ ਵੀ ਹੱਥ ਧੋਣੇ ਇਸ ਤੇਜ਼ਾਬੀ ਹਮਲੇ ਦਾ ਹੀ ਸਿੱਟਾ ਹਨ, ਜੋ ਔਰਤ ਦੀ ਜ਼ਿੰਦਗੀ ਨੂੰ ਹਨੇਰੇ ਵਿਚ ਧੱਕ ਦਿੰਦਾ ਹੈ। ਵਿਆਹ ਸਬੰਧੀ ਫ਼ੈਸਲੇ ਵੇਲੇ ਅਜੇ ਵੀ 50 ਫੀਸਦੀ ਲੜਕੀਆਂ ਤੋਂ ਰਾਇ ਲੈਣੀ ਜ਼ਰੂਰੀ ਨਹੀਂ ਸਮਝੀ ਜਾਂਦੀ ਜਾਂ ਭਾਵੇਂ ਇਸ ਸਥਿਤੀ ਵਿਚ ਤਸੱਲੀਬਖਸ਼ ਸੁਧਾਰ ਹੋਇਆ ਹੈ ਪਰ ਹਾਲੇ ਵੀ ਔਰਤਾਂ ਲਈ ਵਿਆਹ ਇਕ ਨਿੱਜੀ ਚੋਣ ਨਹੀਂ, ਸਗੋਂ ਭਾਈਚਾਰੇ ਅਤੇ ਪਰਿਵਾਰ ਵਲੋਂ ਲਿਆ ਗਿਆ ਸਾਂਝਾ ਫ਼ੈਸਲਾ ਸਮਝਿਆ ਜਾਂਦਾ ਹੈ। ਆਰਥਿਕ ਸੁਤੰਤਰਤਾ ਵੀ ਨਾਰੀ ਲਈ ਇਕ ਚੁਣੌਤੀ ਹੈ, ਭਾਵੇਂ ਔਰਤਾਂ ਨੇ ਵੱਖ-ਵੱਖ ਰੁਤਬੇ ਪ੍ਰਾਪਤ ਕਰ ਕੇ ਆਰਥਿਕ ਸੁਤੰਤਰਤਾ ਪ੍ਰਾਪਤ ਕੀਤੀ ਹੈ ਪਰ ਹਾਲੇ ਵੀ ਆਰਥਿਕ ਫ਼ੈਸਲੇ ਮਰਦ ਦੇ ਹੱਥ ਹਨ। ਇਥੇ ਮੈਂ ਮਰਦ ਨੂੰ ਕੋਈ ਦੋਸ਼ ਨਹੀਂ ਦੇ ਰਹੀ, ਸਗੋਂ ਔਰਤ ਦਾ ਆਤਮਵਿਸ਼ਵਾਸ ਬਹਾਲ ਕਰਨ ਲਈ ਆਰਥਿਕ ਫ਼ੈਸਲੇ ਔਰਤ ਨਾਲ ਮਿਲ ਕੇ ਕਰਨ ਦੀ ਗੁਜ਼ਾਰਿਸ਼ ਕਰਦੀ ਹਾਂ। ਨਾਰੀ ਨੂੰ ਆਪਣੀ ਹੋਂਦ ਲਈ ਵੀ ਸੰਘਰਸ਼ ਕਰਨਾ ਪੈਂਦਾ ਹੈ। ਨਾਰੀ ਸੁਤੰਤਰ ਤੌਰ 'ਤੇ ਆਪਣੀ ਪਛਾਣ ਬਣਾਉਣਾ ਲੋਚਦੀ ਹੈ ਪਰ ਹਾਲੇ ਵੀ ਉਹ ਆਪਣੀ ਮੰਜ਼ਿਲ ਤੋਂ ਦੂਰ ਹੈ। ਕੁਝ ਫੀਸਦੀ ਔਰਤਾਂ ਨੇ ਹੀ ਵਕਤ ਦੀ ਲਗਾਮ ਆਪਣੇ ਹੱਥ ਵਿਚ ਲਈ ਹੈ। ਬਹੁਗਿਣਤੀ ਅਜੇ ਵੀ ਆਪਣੀ ਹੋਂਦ ਲਈ ਸੰਘਰਸ਼ ਕਰ ਰਹੀਆਂ ਹਨ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :

**604-584-5577**

: infopunjabitribune@gmail.com



## GROOM WANTED

ਕੈਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਲੜਕੀ ਉਮਰ 27 ਸਾਲ ਕੱਦ 5 ਫੁੱਟ 5 ਇੰਚ, ਕੈਸ਼ੀਅਰ ਦੀ ਜੌਬ, ਵੈਸ਼ਨੂੰ ਪੜ੍ਹੀ ਲਿਖੀ ਲੜਕੀ ਲਈ ਪੜ੍ਹੇ ਲਿਖੇ ਵੈਸ਼ਨੂੰ ਲੜਕੇ ਦੀ ਲੋੜ ਹੈ। ਵਰਕ ਪਰਮਿਟ ਉੱਪਰ ਕੈਨੇਡਾ ਰਹਿ ਰਹੇ ਲੜਕੇ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਣ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 778-861-3162 ਅਤੇ 604-593-7978 RS 26-07

............................................

Jat Sikh Groom wanted for beautiful, 31 year old 5ft 3" Girl Canadian Citizen, Bachleor of Law (India) Master in HR Management (Vancouver), Working as a Conveyancer. Ideal candidate must be Jat Sikh, either a Permanent Resident or a Citizen, well educated. For more information, please call Harmit Virk at 604-537-5806 BH 12-05

............................................

Jat Sikh Gill family seeks a suitable match for their daughter, Canadian born, 34 yrs. old, 5'6" tall, Degree in Law, working with law firm, beautiful, family oriented. The boy should be born or raised in Canada, professionally educated and employed, well settled and form Jat Sikh family. Call : 1-604-832-7232 or 1-604-615-8088 RS 23-03

## NOW HIRING

### Painter, Construction Job

**Position:**

- 2-year term employment
- Wage: $30/hour
- Surrey, BC Job Locations

**Requirements:**

- 1-year painting experience
- Must speak English
- No minimum education required

**Job Responsibilities (But not limited to):**

- Prep surfaces: clean, scrape, sand, and fill holes.
- Apply paint with brushes, rollers, or sprayers for a quality finish.
- Inspect work to meet quality standards.

### Carpenter, Construction Job

**Position:**

- 2-year term employment
- Wage: $30/hour
- Surrey, BC Job Locations

**Requirements:**

- 1-year Carpentry experience
- Must speak English
- No minimum education required

**Job Responsibilities (But not limited to):**

- Measure, cut, and shape materials.
- Assemble, install, or repair structures.
- Read blueprints for construction.

**» Apply Now! «**

**Email Resume to setforfuture@gmail.com**

**Join Natt Star Homes Ltd.**
**9328 127 Street, Surrey, BC**

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

............................................

ਵਿਜ਼ਟਰ ਵੀਜ਼ੇ 'ਤੇ ਅਮਰੀਕਾ ਆਏ ਉਮਰ 40 ਸਾਲ ਕੱਦ 6 ਫੁੱਟ ਸ਼ਰਮਾ ਲੜਕਾ ਵਾਸਤੇ ਅਮਰੀਕਾ ਜਾਂ ਕੈਨੇਡੀਅਨ ਇੰਮੀਗਰਾਂਟ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ । ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਹੋਰ ਵਧੇਰੇ ਜਾਣਕਾਰੀ ਲਈ 604-825-4512 ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ। BH 30-08

............................................

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

............................................

ਸਿੱਖ ਟਾਂਕ-ਕਸ਼ਤਰੀ ਲੜਕਾ, ਉਮਰ 36 ਸਾਲ, ਕੱਦ 5 ਫੁੱਟ 7 ਇੰਚ, ਆਪਣਾ ਚੰਗਾ ਕਾਰੋਬਾਰ, ਮੰਗਲੀਕ ਰਹਿਤ ਲਈ ਚੰਗੀ ਪੜ੍ਹੀ ਲਿਖੀ ਲੜਕੀ ਦੀ ਭਾਲ ਹੈ ਸੰਪਰਕ ਕਰੋ : 98553-02896

............................................

ਸਰੀ ਕੈਨੇਡਾ ਵਿੱਚ ਵਰਕ ਪਰਮਿਟ 'ਤੇ ਰਹਿ ਰਹੇ ਪੜ੍ਹੇ ਲਿਖੇ ਹਿੰਦੂ ਪਰਿਵਾਰ ਦੇ ਲੜਕੇ ਲਈ ਕੈਨੇਡਾ ਵਿੱਚ ਟੈਂਪਰੇਰੀ ਵੀਜ਼ਾ ਜਾਂ ਵਰਕ ਪਰਮਿਟ ਹੋਲਡਰ ਜਾਂ ਇਮੀਗਰਾਂਟ, ਯੋਗ ਲੜਕੀ ਦੀ ਭਾਲ ਹੈ। ਲੜਕਾ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ। ਤਲਾਕਸ਼ੁਦਾ ਜਾਂ ਵਿਧਵਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਾਤ-ਪਾਤ ਦਾ ਕੋਈ ਵੀ ਬੰਧਨ ਨਹੀਂ। ਸੰਪਰਕ ਕਰੋ : 778-321-0986 RS 01-08

............................................

ਕੇਸਾਧਾਰੀ ਕੈਨੇਡੀਅਨ ਜੰਮਪਲ, ਉਮਰ 37 ਸਾਲ ਅਣ ਵਿਆਹਿਆ, ਕੱਦ 5 ਫੁੱਟ 10 ਇੰਚ, ਮਾਈਕਰੋਸਾਫ਼ਟ ਵਿੱਚ ਚੰਗੀ ਨੌਕਰੀ 'ਤੇ ਕੰਮ ਕਰ ਰਹੇ ਲੜਕੇ ਲਈ ਲੜਕੀ ਦੀ ਲੋੜ ਹੈ, ਸੰਪਰਕ ਕਰੋ : 604-368-3600 AP 29-12

............................................

Professionally Qualified, 29 years, Handsome, 5 ft 11" Rajput Canadian PR Boy settled in BC belonging to upper middle class family seeks suitable match preferably from British Columbia. Upper caste no bar. Contact +1 (236) 500-0059 RS 23-03

## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

............................................

Sikh Ramgarhia well settled family in canada looking for a suitable match for their 32 year old son, doing business in ontario and winnipeg. Canadian citizen,5-10, Active in real estate and financing business. Call at 204-510-7658 or 437-881-7282. AP 22-08

# ਐਬਟਸਫੋਰਡ ਤੋਂ ਪੰਜਾਬ ਜਾ ਕੇ ਸ਼ਹੀਦੀ ਮਹਾਨ ਯੋਧੇ ਸ਼ਹੀਦ ਭਾਈ ਕਰਮ ਸਿੰਘ 'ਬਬਰ ਅਕਾਲੀ'

**ਲਿਖਤ : ਡਾ. ਗੁਰਵਿੰਦਰ ਸਿੰਘ**


**ਲੜੀ ਜੋੜਨ ਲਈ ਪਿਛਲਾ ਅੰਕ ਵੇਖੋ**

**ਬਬਰ ਅਕਾਲੀਆਂ ਦਾ ਚੀਫ ਖਾਲਸਾ ਦੀਵਾਨੀਏ ਧੜੇ ਵੱਲੋਂ ਵਿਰੋਧ :**

ਬਬਰ ਅਕਾਲੀ ਯੋਧਿਆਂ ਨੇ ਅਗਸਤ,1922 ਦੇ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਸ਼ਾਂਤਮਈ ਅਕਾਲੀਆਂ ਉੱਪਰ ਪੁਲਿਸ ਦੇ ਤਸ਼ੱਦਦ ਬਾਰੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅੰਗਰੇਜ਼ ਸਰਕਾਰ ਵਿਰੁੱਧ ਹਥਿਆਰਬੰਦ ਸੰਘਰਸ਼ ਛੇੜਣ ਲਈ ਆਖਿਆ ਗਿਆ, ਪਰ ਨਰਮ-ਖਿਆਲੀ ਅਕਾਲੀ ਆਗੂਆਂ ਵੱਲੋਂ ਇਹ ਗੱਲ ਨਾ ਮੰਨੀ ਗਈ। ਦੂਜੇ ਪਾਸੇ ਜੁਝਾਰੂ ਬਬਰ ਅਕਾਲੀਆਂ ਨੇ ਆਪਣੀਆਂ ਕਾਰਵਾਈਆਂ ਜਾਰੀ ਰੱਖੀਆਂ ਅਤੇ ਇਕ ਖੁੱਲ੍ਹੀ ਚਿੱਠੀ ਗਵਰਨਰ ਪੰਜਾਬ ਦੇ ਨਾਲ ਲਿਖਦਿਆਂ ਕਿਹਾ, "ਐ ਗਵਰਨਰ ਪੰਜਾਬ! ਤੇਰੀਆਂ ਬੇਇਨਸਾਫ਼ੀਆਂ ਅਤੇ ਜ਼ੁਲਮਾਂ ਤੋਂ ਤੰਗ ਆ ਕੇ, ਬਬਰ ਅਕਾਲੀਆਂ ਨੇ ਆਪਣਾ ਸ਼ਾਂਤਮਈ ਦਾ ਰਾਹ ਤਿਆਗ ਕੇ, ਹੁਣ ਤਲਵਾਰ ਦਾ ਰਸਤਾ ਫੜਿਆ ਹੈ।" ਝੋਲੀ ਚੁੱਕਾਂ ਦੇ ਸੋਧੇ ਲੱਗਣ ਕਾਰਨ ਨਰਮ-ਖ਼ਿਆਲੀ ਅਕਾਲੀ ਅਤੇ ਚੀਫ਼ ਖ਼ਾਲਸਾ ਦੀਵਾਨ ਵਾਲੇ ਬਬਰਾਂ ਦਾ ਵਿਰੋਧ ਕਰਨ ਲੱਗੇ। ਬੇਸ਼ੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਬਰਾਂ ਦੇ ਮੁਕੱਦਮੇ ਵੀ ਲੜੇ, ਪਰ ਇਹ ਵੀ ਸੱਚ ਹੈ ਕਿ 29 ਮਈ,1923 ਨੂੰ ਸ਼੍ਰੋਮਣੀ ਕਮੇਟੀ ਨੇ ਬਬਰ ਅਕਾਲੀਆਂ ਨੂੰ ਪੰਥ ਵਿਰੋਧੀ ਘੋਸ਼ਿਤ ਕਰ ਦਿੱਤਾ। ਦੁਖਦਾਈ ਪੱਖ ਇਹ ਹੈ ਕਿ ਸਰਕਾਰ ਨੂੰ ਖ਼ੁਸ਼ ਕਰਨ ਲਈ ਇਹ ਮਤਾ ਪਾਸ ਕੀਤਾ ਗਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੱਬਰਾਂ ਦੀ ਕਤਲਾਂ ਦੀ ਪਾਲਿਸੀ ਦੀ ਨਿਖੇਧੀ ਕਰਦੀ ਹੈ ਤੇ ਪੰਥ ਅੱਗੇ ਅਪੀਲ ਕਰਦੀ ਹੈ ਕਿ ਕੋਈ ਸੱਜਣ ਇਨ੍ਹਾਂ ਦੀ ਸਹਾਇਤਾ ਨਾ ਕਰੇ, ਸਗੋਂ ਇਨ੍ਹਾਂ ਨੂੰ ਦੇਸ਼ ਤੇ ਕੌਮ ਲਈ ਹਾਨੀਕਾਰਕ ਸਮਝੇ। (ਹਵਾਲਾ ਕਿਤਾਬ 'ਬਬਰ ਅਕਾਲੀ', ਲੇਖਕ ਪ੍ਰਿੰਸੀਪਲ ਨਿਹਾਲ ਸਿੰਘ ਰਸ, ਪੰਨਾ 135)

**'ਬਬਰ ਅਕਾਲੀ' ਅਖ਼ਬਾਰ ਦਾ ਡੂੰਘਾ ਪ੍ਰਭਾਵ :**

'ਬਬਰ ਅਕਾਲੀ' ਅਖ਼ਬਾਰ ਰਾਹੀਂ ਸਿੱਖ ਪਲਟਣਾਂ, ਸਕੂਲਾਂ, ਕਾਲਜਾਂ ਆਦਿ ਤੋਂ ਇਲਾਵਾ ਬਾਹਰਲੇ ਪ੍ਰਾਂਤਾਂ ਵਿੱਚ ਵੀ ਅੰਗਰੇਜ਼ਾਂ ਦੇ ਵਿਰੁੱਧ ਜ਼ਬਰਦਸਤ ਪ੍ਰਚਾਰ ਕੀਤਾ ਗਿਆ ਅਤੇ ਦੇਸ਼ਵਾਸੀਆਂ ਨੂੰ ਅੰਗਰੇਜ਼ਾਂ ਖ਼ਿਲਾਫ਼ ਬਗ਼ਾਵਤ ਕਰਨ ਲਈ ਪ੍ਰੇਰਿਆ ਗਿਆ। ਅੰਗਰੇਜ਼ ਸਰਕਾਰ ਵੱਲੋਂ ਸਾਈਕਲੋ ਸਟਾਈਲ ਮਸ਼ੀਨਾਂ ਚੁੱਕਣ ਅਤੇ ਅਖ਼ਬਾਰ ਜ਼ਬਤ ਕਰਨ ਦੀਆਂ ਅਨੇਕਾਂ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਛਾਪੇ ਮਾਰਨ 'ਤੇ ਪੁਲਸ ਦੇ ਹੱਥ ਕੁਝ ਨਾ ਲੱਗਦਾ, ਕਿਉਂਕਿ 'ਬਬਰ ਅਕਾਲੀ' ਅਖ਼ਬਾਰ ਕਦੇ ਇੱਕ ਥਾਂ ਤੋਂ ਅਤੇ ਕਿਸੇ ਦੂਜੀ ਥਾਂ ਤੋਂ ਪ੍ਰਕਾਸ਼ਿਤ ਕੀਤਾ ਜਾਂਦਾ ਸੀ। ਗੁਪਤ ਤੌਰ 'ਤੇ ਬਬਰ ਅਕਾਲੀ ਅਖ਼ਬਾਰ ਛਾਪਣ ਦੇ ਮੁੱਖ ਕੇਂਦਰ ਕੋਟ ਫਤੂਹੀ, ਪੰਡੋਰੀ ਕੋਠੀ, ਫਤਹਿਪੁਰ ਜੱਸੋਵਾਲ ਅਤੇ ਗੁਰਦੁਆਰਾ ਕਿਸ਼ਨਪੁਰ ਵਿੱਚ ਕਾਇਮ ਸਨ, ਪਰ ਇਸਦੇ ਬਾਵਜੂਦ ਇਨ੍ਹਾਂ ਪਰਚਿਆਂ ਨੂੰ 'ਉਡਾਰੂ ਪ੍ਰੈਸ' ਰਾਹੀਂ ਖ਼ੁਫ਼ੀਆ ਢੰਗ ਨਾਲ ਖਾਸ ਟਿਕਾਣਿਆਂ 'ਤੇ ਪਹੁੰਚਾਇਆ ਜਾਂਦਾ ਤੇ ਫ਼ੌਜਾਂ ਤੱਕ ਡਾਕ ਰਾਹੀਂ ਦੂਰ-ਦੁਰਾਡੇ ਭੇਜਿਆ ਜਾਂਦਾ। ਮਗਰੋਂ ਪੁਲਿਸ ਦੀ ਸਰਗਰਮੀ ਵਧ ਜਾਣ ਕਰਕੇ ਪਰਚਾ ਛਾਪਣ ਲਈ ਇੱਕ ਹੋਰ ਸਾਈਕਲੋ-ਸਟਾਈਲ ਮਸ਼ੀਨ ਖ਼ਰੀਦੀ ਗਈ। ਇੱਕ ਮਸ਼ੀਨ ਜਲੰਧਰ ਨੇੜੇ ਅਤੇ ਦੂਜੀ ਕੰਢੀ ਦੇ ਇਲਾਕੇ ਵਿੱਚ ਰੱਖੀ ਗਈ, ਤਾਂ ਕਿ ਲੋੜ ਪੈਣ 'ਤੇ ਦੋਵਾਂ 'ਚੋਂ ਕਿਸੇ ਵੀ ਥਾਂ ਤੋਂ ਪਰਚਾ ਛਾਪ ਲਿਆ ਜਾਵੇ।



ਇਸ ਤਰ੍ਹਾਂ ਦੀਆਂ ਕਈ ਕਾਰਵਾਈਆਂ ਬੱਬਰ ਅਕਾਲੀ ਯੋਧਿਆਂ ਦੀ ਗੁਰੀਲਾ ਨੀਤੀ ਦਾ ਪ੍ਰਗਟਾਵਾ ਵੀ ਕਰਦੀਆਂ ਹਨ। ਅਗਸਤ 1922 ਤੋਂ ਮਈ 1923 ਤੱਕ ਬੱਬਰ ਅਕਾਲੀ ਅਖ਼ਬਾਰ ਦੇ ਪੰਦਰਾਂ ਅੰਕ ਛਾਪੇ ਗਏ। ਇਹਨਾਂ ਵਿਚ ਵਿਸਾਖੀ, ਮਾਘੀ ਤੇ ਕਲਗੀਧਰ ਅੰਕ ਵੀ ਸ਼ਾਮਲ ਸਨ।

**ਬਬਰ ਅਕਾਲੀ ਭਾਈ ਕਰਮ ਸਿੰਘ ਜੀ ਦੀ ਸ਼ਹਾਦਤ:**

ਬਬਰ ਅਕਾਲੀ ਲਹਿਰ ਦੇ ਨਾਇਕ ਭਾਈ ਕਰਮ ਸਿੰਘ ਬਬਰ ਅੰਗਰੇਜ਼ ਹਕੂਮਤ ਖ਼ਿਲਾਫ਼ ਇਨਕਲਾਬੀ ਸੰਘਰਸ਼ ਕਰਦਿਆਂ, 1 ਸਤੰਬਰ 1923 ਨੂੰ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਬਬੇਲੀ ਵਿਖੇ, ਪੁਲਿਸ ਮੁਕਾਬਲਾ ਵਿਚ ਸ਼ਹੀਦ ਹੋਏ। ਇਸ ਮੌਕੇ ਆਪ ਦੇ ਨਾਲ ਭਾਈ ਮਹਿੰਦਰ ਸਿੰਘ ਪੰਡੋਰੀ, ਭਾਈ ਗੰਗਾ ਸਿੰਘ, ਭਾਈ ਉਦੇ ਸਿੰਘ ਰਾਮਗੜ੍ਹ ਭੁੰਗੀਆਂ ਅਤੇ ਭਾਈ ਬਿਸ਼ਨ ਸਿੰਘ ਮਾਂਗਟਾਂ ਨੇ ਵੀ ਸ਼ਹੀਦੀਆਂ ਪਾਈਆਂ। ਸੱਤਵੇਂ ਪਾਤਸ਼ਾਹ ਗੁਰੂ ਹਰਰਾਏ ਸਾਹਿਬ ਜੀ ਦਾ ਅਸਥਾਨ ਗੁਰਦੁਆਰਾ ਚੌਂਤਾ ਸਾਹਿਬ, ਇਹਨਾਂ ਬਬਰ ਅਕਾਲੀ ਯੋਧਿਆਂ ਦਾ ਸ਼ਹੀਦੀ ਅਸਥਾਨ ਹੈ। ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਅਤੇ ਉਨ੍ਹਾਂ ਦੇ ਸਾਥੀ ਯੋਧਿਆਂ ਦੀਆਂ ਸ਼ਹੀਦੀਆਂ ਸਦਕਾ ਹੀ ਦੇਸ਼ ਦੀਆਂ ਅੰਗਰੇਜ਼ਾਂ ਤੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਟੁੱਟੀਆਂ। ਪਰ ਅੱਜ ਦੁਖਦਾਈ ਗੱਲ ਇਹ ਹੈ ਕਿ ਨਵ-ਬਸਤੀਵਾਦ ਅਤੇ ਫਾਸ਼ੀਵਾਦ ਦੀਆਂ ਲੋਕ ਵਿਰੋਧੀ ਤਾਕਤਾਂ ਭਾਰਤ ਵਿੱਚ ਸੱਤਾ 'ਤੇ ਕਾਬਜ਼ ਹਨ। ਅਜੋਕੀ ਫਾਸ਼ੀਵਾਦੀ ਸਟੇਟ ਖ਼ਿਲਾਫ਼ ਘੱਟ ਗਿਣਤੀਆਂ ਹੱਕਾਂ ਲਈ ਜੂਝ ਰਹੀਆਂ ਹਨ। ਗ਼ਦਰੀ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਤੇ ਉਨ੍ਹਾਂ ਵਰਗੇ ਅਨੇਕਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਕਾਰਨ ਮਿਲੀ ਸੱਤਾ 'ਤੇ ਕਾਬਜ਼ ਫ਼ਾਸ਼ੀਵਾਦੀਆਂ ਨੂੰ ਤੱਕ ਕੇ ਮੂੰਹੋਂ ਇਹੀ ਨਿਕਲਦਾ ਹੈ; 'ਸ਼ੇਰਾਂ ਦੀਆਂ ਮਾਰਾਂ 'ਤੇ ਗਿੱਦੜ ਦੀਆਂ ਕਲੋਲਾਂ'। ਘੱਟ ਗਿਣਤੀਆਂ ਦੀ ਦੁਸ਼ਮਣ ਅੱਜ ਦੀ ਫਾਸ਼ੀਵਾਦੀ ਸਰਕਾਰ ਖ਼ਿਲਾਫ਼ ਆਵਾਜ਼ ਬੁਲੰਦ ਕਰਨਾ ਹੀ ਮਹਾਨ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਨੂੰ ਸੱਚੀ ਸ਼ਰਧਾਂਜਲੀ ਹੈ।

**ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਨੂੰ ਸੱਚੀ ਸ਼ਰਧਾਂਜਲੀ :**

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ਼ਹੀਦ ਭਾਈ ਕਰਮ ਸਿੰਘ ਬਬਰ ਨੇ ਆਪਣੀ ਜਾਨ ਦੇ ਕੇ ਸਾਨੂੰ ਸਰਦਾਰੀਆਂ ਬਖ਼ਸ਼ੀਆਂ ਹਨ, ਪਰ ਅਸੀਂ ਇਸ ਮਹਾਨ ਯੋਧੇ ਨੂੰ ਵਿਸਾਰ ਚੁੱਕੇ ਹਾਂ। ਸਕੂਲਾਂ ਦੀਆਂ ਪਾਠ ਪੁਸਤਕਾਂ ਵਿੱਚ ਇਨ੍ਹਾਂ ਬੱਬਰ ਅਕਾਲੀਆਂ ਅਤੇ ਗਦਰੀ ਯੋਧਿਆਂ ਦਾ ਇਤਿਹਾਸ ਪੜ੍ਹਾਇਆ ਨਹੀਂ ਜਾਂਦਾ। ਦੂਜੇ ਪਾਸੇ ਇਹ ਗੱਲ ਜ਼ਰੂਰ ਮਾਣ ਵਾਲੀ ਹੈ ਕਿ ਪਿੰਡ ਦੌਲਤਪੁਰ, ਵਿੱਚ ਬਬਰ ਸ਼ਹੀਦਾਂ ਦੀ ਯਾਦ 'ਚ ਉਸਾਰੇ ਗਏ ਸਮਾਰਕ ਸਭ ਲਈ ਪ੍ਰੇਰਨਾ ਸਰੋਤ ਹਨ। ਇੱਥੇ 57 ਬੱਬਰ ਸ਼ਹੀਦਾਂ ਦੀ ਵਿਰਾਸਤ ਵਜੋਂ ਇਨ੍ਹਾਂ ਦੇ ਹਥਿਆਰਾਂ ਅਤੇ ਸਾਹਿਤ ਨੂੰ ਸੰਭਾਲ ਕੇ ਰੱਖਿਆ ਹੈ, ਜੋ ਕਿ ਸੰਘਰਸ਼ ਦੇ ਰਾਹ 'ਤੇ ਚੱਲਣ ਅਤੇ ਜ਼ੁਲਮ ਖ਼ਿਲਾਫ਼ ਡਟਣ ਵਾਲਿਆਂ ਲਈ ਚਾਨਣ ਮੁਨਾਰੇ ਹਨ।

'ਬਬਰ ਅਕਾਲੀ ਲਹਿਰ' ਦੀ ਸ਼ਤਾਬਦੀ ਅਤੇ 'ਬਬਰ ਅਕਾਲੀ ਅਖ਼ਬਾਰ' ਦੇ 100ਵੇਂ ਸਥਾਪਨਾ ਦਿਹਾੜੇ ਦੇ ਸਮਾਗਮਾਂ ਦੀ ਸੰਪੂਰਨਤਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ 1922-23 ਦੌਰਾਨ ਬੱਬਰ ਅਕਾਲੀ ਯੋਧਿਆਂ ਖ਼ਿਲਾਫ਼ ਪਾਸ ਕੀਤੇ ਮਤੇ ਰੱਦ ਕਰੇ ਅਤੇ ਇਸ ਇਤਿਹਾਸਕ ਗ਼ਲਤੀ ਨੂੰ ਤੁਰੰਤ ਦਰੁਸਤ ਕਰੇ। ਅਜਿਹਾ ਪਹਿਲਾਂ ਹੀ ਹੋ ਜਾਣਾ ਚਾਹੀਦਾ ਸੀ। ਬਬਰ ਅਕਾਲੀ ਅਖ਼ਬਾਰ ਦੇ ਸੰਪਾਦਕ ਭਾਈ ਕਰਮ ਸਿੰਘ ਦੌਲਤਪੁਰ ਅਤੇ ਸਮੂਹ ਬਬਰਾਂ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਦੇ ਹੋਏ, ਸ਼੍ਰੋਮਣੀ ਕਮੇਟੀ ਨੂੰ ਅਜਿਹੇ ਮੰਦਭਾਗੇ ਮਤੇ ਤੁਰੰਤ ਹਟਾਉਣ ਦੀ ਲੋੜ ਹੈ। ਬਬਰ ਅਕਾਲੀ ਸ਼ਹੀਦ ਦੇ ਆਪਣੇ ਸਥਾਨ, ਐਬਟਸਫੋਰਡ ਦੇ ਨਗਰ ਕੀਰਤਨ 'ਤੇ ਸ਼ਹੀਦ ਦੇ ਸੌਵੇਂ ਸ਼ਹੀਦੀ ਸਮਾਗਮਾਂ ਦੀ ਸੰਪੂਰਨਤਾ ਮੌਕੇ, ਸਮੁੱਚੇ ਤੌਰ 'ਤੇ ਮਤੇ ਪਾਸ ਕਰਕੇ ਅਜਿਹੀਆਂ ਇਤਿਹਾਸਿਕ ਗਲਤੀਆਂ ਨੂੰ ਦੂਰ ਕਰਨ ਅਤੇ ਮਹਾਨ ਸ਼ਹੀਦ ਦੇ ਸੁਨਹਿਰੀ ਇਤਿਹਾਸ ਨੂੰ ਉਜਾਗਰ ਕਰਨ ਦੀ ਲੋੜ ਹੈ।

**ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁਢਲੀ**
**ਐਬਟਸਫੋਰਡ, ਕੈਨੇਡਾ**

# ਅਧਿਆਪਕ ਹੀ ਵਿਦਿਆਰਥੀ ਦਾ ਦੋਸਤ, ਮਾਰਗ ਦਰਸ਼ਕ, ਆਦਰਸ਼ ਅਤੇ ਸਲਾਹਕਾਰ ਹੁੰਦਾ ਹੈ



ਲਿਖਤ
ਜਸਵਿੰਦਰ ਕੌਰ ਅੱਕਾਂਵਾਲੀ
62840-59538



ਵਿਸ਼ਵ ਦੇ ਹਰ ਸਮਾਜ ਅਤੇ ਦੇਸ਼ ਵਿੱਚ ਅਧਿਆਪਕ ਦਾ ਵਿਸ਼ੇਸ਼ ਸਥਾਨ ਅਤੇ ਮਹੱਤਵ ਹੈ।ਹਰ ਵਿਅਕਤੀ ਦੀ ਕਾਮਯਾਬੀ ਪਿੱਛੇ ਉਸਦੇ ਅਧਿਆਪਕ ਦਾ ਅਕੱਥ ਅਤੇ ਅਸੀਮ ਯੋਗਦਾਨ ਹੁੰਦਾ ਹੈ। ਇੱਕ ਅਧਿਆਪਕ ਹੀ ਹੈ,ਜੋ ਆਪਣੇ ਵਿਦਿਆਰਥੀ ਦਾ ਦੋਸਤ, ਮਾਰਗ ਦਰਸ਼ਕ, ਆਦਰਸ਼, ਅਤੇ ਸਲਾਹਕਾਰ ਹੁੰਦਾ ਹੈ। ਜੋ ਜੀਵਨ ਜਿਊਣ ਦਾ ਤਰੀਕਾ, ਅਗਾਂਹ ਵਧੂ ਸੋਚ, ਅਤੇ ਜੀਵਨ ਦੀ ਸੋਝੀ ਸਿਖਾਉਦਿਆਂ ਹਨੇਰੇ ਰਾਹਾਂ ਤੋਂ ਚਾਨਣ ਵੱਲ ਲੈਕੇ ਜਾਂਦਾ ਹੈ। ਅਧਿਆਪਕ ਸਾਡੇ ਜੀਵਨ ਨੂੰ ਆਪਣੇ ਗਿਆਨ, ਤਜਰਬਿਆਂ, ਸੰਸਕਾਰਾਂ ਅਤੇ ਉੱਚੀ ਸੋਚ ਕਰਕੇ ਖੁਸ਼ਹਾਲ, ਪ੍ਰੇਰਨਾਦਾਇਕ, ਉਤਮ ਅਤੇ ਸੱਭਿਅਕ ਬਣਾਉਂਦਾ ਹੈ। ਭਾਰਤ ਵਿਚ ਅਧਿਆਪਕ ਦਿਵਸ ਹਰ ਸਾਲ 5 ਸਤੰਬਰ ਨੂੰ ਮਨਾਇਆ ਜਾਂਦਾ ਹੈ।

ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨਨ ਦਾ ਜਨਮ 5 ਸਤੰਬਰ 1888 ਨੂੰ ਹੋਇਆ ਸੀ। 1954 ਵਿੱਚ ਉਹਨਾਂ ਨੂੰ ਭਾਰਤ ਰਤਨ ਨਾਲ ਨਿਵਾਜਿਆ ਗਿਆ ਸੀ। ਬ੍ਰਿਟਿਸ਼ ਸਰਕਾਰ ਨੇ ਉਹਨਾਂ ਨੂੰ ਸਰ ਦੀ ਉਪਾਧੀ ਨਾਲ ਸਨਮਾਨਿਤ ਕੀਤਾ।1962 ਵਿੱਚ ਭਾਰਤ ਸਰਕਾਰ ਨੇ ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਨ ਨੂੰ ਅਧਿਆਪਕ ਦਿਵਸ ਦੇ ਤੌਰ ਤੇ ਮਨਾਉਣ ਦਾ ਐਲਾਨ ਕਰ ਦਿੱਤਾ ਗਿਆ।

ਇਸ ਦਿਨ ਸਕੂਲਾਂ, ਕਾਲਜਾਂ ਵਿੱਚ ਵਿਸ਼ੇਸ਼ ਪ੍ਰੋਗਰਾਮ ਕਰਵਾਏ ਜਾਂਦੇ ਹਨ। ਜਿਸ ਵਿਚ ਸਿਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਅਤੇ ਵਿਸ਼ੇਸ਼ ਉਪਲੱਬਧੀਆਂ ਵਾਲੇ ਅਧਿਆਪਕਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਂਦਾ ਹੈ। ਕੇਵਲ ਇੱਕ ਅਧਿਆਪਕ ਹੀ ਹੈ, ਜੋ ਆਪਣੇ ਵਿਦਿਆਰਥੀਆਂ ਨੂੰ ਪੜ੍ਹਾ ਲਿਖਾ ਕੇ ਇੱਕ ਚੰਗਾ ਇਨਸਾਨ ਬਣਾਉਣ ਦੇ ਨਾਲ -ਨਾਲ ਉਹਨਾਂ ਨੂੰ ਉੱਚੇ ਅਹੁਦਿਆਂ ਤੇ ਦੇਖ ਕੇ ਖੁਸ਼ੀ ਮਹਿਸੂਸ ਕਰਦਾ ਹੈ। ਸਾਡੇ ਸਮਾਜ ਵਿਚ ਅਧਿਆਪਕ ਦਾ ਦਰਜਾ ਸਭ ਤੋਂ ਉੱਚਾ ਹੈ। ਅਧਿਆਪਕ ਇੱਕ ਉਹ ਦੀਵਾ ਹੈ, ਜੋ ਆਪ ਬਲਕੇ ਆਪਣੇ ਵਿਦਿਆਰਥੀਆਂ ਨੂੰ ਰੋਸ਼ਨੀ ਦਿੰਦਾ ਹੈ।ਇਹ ਸੱਚ ਹੀ ਕਿਹਾ ਗਿਆ ਹੈ ,ਕਿ "ਗੁਰ ਬਿਨ ਗਿਆਨ ਨਹੀ" ਭਾਵ ਜੇ ਸਾਡੇ ਜੀਵਨ ਵਿੱਚ ਸਾਡਾ ਕੋਈ ਗੁਰੂ ਨਹੀਂ ਹੈ,ਤਾਂ ਅਸੀਂ ਗੁਰੂ ਤੋਂ ਬਿਨਾਂ ਗਿਆਨਵਾਨ ਨਹੀਂ ਬਣ ਸਕਦੇ। ਸਮਾਜ ਨੂੰ ਸੁਧਾਰਨ ਦੀ ਸਾਰੀ ਜ਼ਿੰਮੇਵਾਰੀ ਇੱਕ ਅਧਿਆਪਕ ਦੇ ਮੋਢਿਆਂ ਉੱਤੇ ਹੁੰਦੀ ਹੈ। ਇਸਲਈ ਸਾਡਾ ਵੀ ਫਰਜ਼ ਬਣਦਾ ਹੈ,ਕਿ ਇੰਨੀ ਵੱਡੀ ਭੂਮਿਕਾ ਨਿਭਾਉਣ ਵਾਲਿਆਂ ਨੂੰ ਇਸ ਦਿਨ ਸਮਰਪਿਤ ਜ਼ਰੂਰ ਕਰੀਏ, ਤਾਂ ਜੋ ਅਧਿਆਪਕ ਨੂੰ ਮਾਣ ਸਨਮਾਨ ਅਤੇ ਸਤਿਕਾਰ ਦੇ ਸਕੀਏ।

ਅਜੋਕੀ ਸਿਖਿਆ ਪ੍ਰਣਾਲੀ -:

ਆਧੁਨਿਕ ਸਮੇਂ ਵਿਚ ਸਿੱਖਿਆ ਪ੍ਰਣਾਲੀ ਵਿੱਚ ਕਾਫੀ ਨਿਘਾਰ ਆ ਚੁੱਕਾ ਹੈ। ਅੱਜ ਦੇ ਸਮੇਂ ਵਿਚ ਸਿੱਖਿਆ ਇੱਕ ਨਿੱਜੀ ਸੰਪਤੀ ਬਣ ਕੇ ਰਹਿ ਚੁੱਕੀ ਹੈ ।ਵੱਡੇ ਘਰਾਣਿਆਂ ਦੇ ਲੋਕਾਂ ਨੇ ਨਿੱਜੀ ਸਕੂਲ,ਕਾਲਜ ਅਤੇ ਯੂਨੀਵਰਸਿਟੀਆਂ ਖੋਲ੍ਹ ਕੇ ਸਿੱਖਿਆ ਦੇ ਖੇਤਰ ਵਿਚ ਪੈਰ ਪਸਾਰ ਲਏ ਹਨ। ਸਿੱਖਿਆ ਦਾ ਨਿੱਜੀਕਰਨ ਹੋਣ ਕਾਰਨ ਗ਼ਰੀਬ ਲੋਕ ਆਪਣੇ ਬੱਚਿਆਂ ਨੂੰ ਮਹਿੰਗੀ ਉੱਚ ਵਿੱਦਿਆ ਦਿਵਾਉਣ ਤੋਂ ਬਾਂਝੇ ਰਹਿ ਜਾਂਦੇ ਹਨ। ਆਧੁਨਿਕ ਸਮੇਂ ਵਿਚ ਸਾਡਾ ਸਿੱਖਿਆ ਸਿਸਟਮ ਰੱਟਾ ਲਾਊ, ਬੋਝਲ, ਅਤੇ ਗੈਰ ਵਿਗਿਆਨਕ ਹੈ, ਜਿਸ ਕਾਰਨ ਸਾਡੇ ਸਮਾਜ ਵਿਚ ਜਾਤ ਪਾਤ, ਵਿਤਕਰਾ, ਧਾਰਮਿਕ ਅੰਧਵਿਸ਼ਵਾਸ਼ਾਂ ਵਾਲੇ ਵਿਚਾਰਾਂ ਦਾ ਸੰਚਾਰ ਹੋ ਰਿਹਾ ਹੈ। ਜਿਸ ਕਰਕੇ ਉੱਚ ਡਿਗਰੀਆਂ ਪ੍ਰਾਪਤ ਵਿਦਿਆਰਥੀਆਂ ਨੂੰ ਬਾਹਰਮੁੱਖੀ ਸਮਾਜ ਦੇ ਹਾਲਾਤਾਂ ਦੀ ਕੋਈ ਖਾਸ ਸੋਝੀ ਨਹੀਂ ਹੈ । ਸਿੱਖਿਆ ਦੀ ਇਸ ਗਿਰਾਵਟ ਕਾਰਨ ਬੇਰੁਜ਼ਗਾਰੀ ਵਧ ਰਹੀ ਹੈ ਅਤੇ ਅਧਿਆਪਕ ਤੇ ਵਿਦਿਆਰਥੀ ਦੇ ਰਿਸ਼ਤੇ ਵਿੱਚ ਵੀ ਨਿਘਾਰ ਆ ਰਿਹਾ ਹੈ।ਵਿਦਿਆ ਦੇ ਬਾਜ਼ਾਰੀਕਰਨ ਨੇ ਸਮਾਜ ਵਿਚ ਅਧਿਆਪਕ ਦੇ ਮਾਣ ਸਨਮਾਨ ਨੂੰ ਕਾਫ਼ੀ ਚੋਟ ਪਹੁੰਚਾਈ ਹੈ। ਇੱਕ ਅਧਿਆਪਕ ਹੀ ਹੈ, ਜਿਸ ਦੇ ਅੱਗੇ ਸਾਡਾ ਸਿਰ ਝੁਕਦਾ ਹੈ, ਨਹੀਂ ਉੱਝ ਤਾਂ ਦੁਨੀਆਂ ਤੇ ਹੋਰ ਵੀ ਬਹੁਤ ਅਹੁਦੇ ਹਨ। ਅੱਜ ਸਾਨੂੰ ਅਧਿਆਪਕ ਦੇ ਹਾਲਾਤ, ਸਥਿਤੀ ਅਤੇ ਅਧਿਆਪਕ ਤੇ ਵਿਦਿਆਰਥੀ ਦੇ ਵਿਚਕਾਰ ਜੋ ਰਿਸ਼ਤਾ ਹੈ, ਉਸਨੂੰ ਸਮਝਣ ਦੀ ਲੋੜ ਹੈ। ਮੇਰੇ ਸਾਰੇ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀਆਂ ਲੱਖ -ਲੱਖ ਮੁਬਾਰਕਾਂ।

ਅਸੀਂ ਭਟਕ ਜਾਂਦੇ ਜੇ ਸਾਨੂੰ
ਉਹ ਰਾਹ ਨਾ ਦਿਖਾਉਂਦੇ,
ਸਹੀ ਗਲਤ ਵਿੱਚ ਜੇ ਫਰਕ
ਕਰਨਾ ਨਾ ਸਿਖਾਉਂਦੇ,
ਅਸੀਂ ਕੁੱਝ ਨਾ ਹੁੰਦੇ ਜੇ
ਐਨੇ ਗਿਆਨੀ ਲੋਕ,
ਸਾਡੀ ਜ਼ਿੰਦਗੀ ਵਿੱਚ
ਅਧਿਆਪਕ ਬਣ ਕੇ ਨਾ ਆਉਂਦੇ।

**ਇੰਚਾਰਜ**
**ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ**
**ਨਵਾਂ ਕੇਸਰ ਸਿੰਘ ਵਾਲਾ (ਬਠਿੰਡਾ)**

# ਬਾਬਾ ਫਰੀਦ ਜੀ ਦੇ ਆਗਮਨ ਪੁਰਬ
# ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ

## ਬਾਬਾ ਫਰੀਦ ਸੁਸਾਇਟੀ ਵਲੋਂ

ਗੁਰਦੁਆਰਾ ਸਿੰਘ ਸਭਾ ਸਰੀ, ਬੀ.ਸੀ ਵਿਖੇ


8115, 132 ਸਟਰੀਟ, ਸਰੀ, ਬੀ.ਸੀ. V3W 4N5

## 13, 14, 15 ਸਤੰਬਰ ਨੂੰ

ਬਾਬਾ ਫਰੀਦ ਜੀ ਦਾ ਆਗਮਨ ਪੁਰਬ
ਮਨਾਇਆ ਜਾ ਰਿਹਾ ਹੈ

ਫਰੀਦਕੋਟ ਤੇ ਇਲਾਕਾ ਨਿਵਾਸੀ ਵੀਰੋ ਤੇ ਭੈਣੋ,
ਵਾਹਿਗੁਰੂ ਜੀ ਕਾ ਖਾਲਸਾ॥ਵਾਹਿਗੁਰੂ ਜੀ ਕੀ ਫਤਹਿ॥

ਉਹ ਭਾਗਾਂ ਵਾਲਾ ਸਮਾਂ ਫਿਰ ਆ ਗਿਆ ਹੈ ਜਦੋਂ ਫਰੀਦਕੋਟ ਨਿਵਾਸੀ ਇਕੱਠੇ ਹੋ ਕੇ ਬਾਬਾ ਫਰੀਦ ਜੀ ਆਗਮਨ ਪੁਰਬ ਬੜੀ ਧੂਮ ਧਾਮ ਨਾਲ ਮਨਾਉਂਦੇ ਹਨ । ਇਸ ਸਾਲ ਸਾਨੂੰ 26 ਸਾਲ ਹੋ ਗਏ ਹਨ। ਇਹ ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਤੇ ਨਿਸ਼ਕਾਮ ਸੇਵਾ ਕਰਨ ਨਾਲ ਹੀ ਸੰਭਵ ਹੋ ਸਕਿਆ ਹੈ ।



ਤੁਹਾਨੂੰ ਸਾਰਿਆਂ ਨੂੰ ਇਕ ਵਾਰ ਫਿਰ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਮਨਾਉਣ ਲਈ ਪ੍ਰਵਾਰ ਸਮੇਤ ਸੱਦਾ ਦਿਤਾ ਜਾਂਦਾ ਹੈ।

ਆਖੰਡ ਪਾਠ ਆਰੰਭ ਸਤੰਬਰ 13, ਦਿਨ ਸ਼ੁੱਕਰਵਾਰ ਸਵੇਰੇ 9:00 ਵਜੇ
ਪਾਠ ਦਾ ਭੋਗ ਸਤੰਬਰ 15, ਦਿਨ ਐਤਵਾਰ, ਸਵੇਰੇ 9:00 ਵਜੇ

ਆਪ ਜੀ ਦੀ ਸੇਵਾ ਵਿੱਚ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਵਿਖੇ ਹਾਜ਼ਰੀ ਭਰ ਕੇ ਲਾਹਾ ਲਵੋ ਜੀ।

ਹੋਰ ਜਾਣਕਾਰੀ ਲਈ ਗੁਰੂ ਘਰ ਨੰ.: 604-590-3232 ਤੇ ਫੋਨ ਕਰੋ ਜੀ।

| | | | |
|---|---|---|---|
| ਬਲਵਿੰਦਰ ਸਿੰਘ ਸਰਾਂ (ਸੇਵਾਦਾਰ) 604-417-6299 | ਬੇਅੰਤ ਸਿੰਘ ਡੋਡ 778-240-4496 | ਅਮਰਦੀਪ ਸਿੰਘ ਖੋਸਾ 604-367-2222 | ਅੰਗਰੇਜ਼ ਸਿੰਘ ਬਰਾੜ 778-552-7636 |
| ਬਿੱਕਰ ਸਿੰਘ ਸਰਾਂ 604-832-1938 | ਦਰਸ਼ਨ ਸਿੰਘ ਸੰਘਾ 604-501-0676 | ਕੁਲਬੀਰ ਸਿੰਘ ਬਰਾੜ 604-825-0479 | ਹਰਿੰਦਰ ਸਿੰਘ ਸੰਧੂ 604-807-6145 |

## ਬਾਬਾ ਫਰੀਦ ਸੁਸਾਇਟੀ ਸਰੀ, ਬੀ.ਸੀ.

# ਵੈਨਕੂਵਰ ਵਿਚਾਰ ਮੰਚ ਵੱਲੋਂ ਬੇਬਾਕ ਸਾਹਿਤਕਾਰ ਹਰਜੀਤ ਦੌਧਰੀਆ ਨਾਲ ਵਿਸ਼ੇਸ਼ ਮਿਲਣੀ



ਸਰੀ, (ਹਰਦਮ ਮਾਨ): ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨ 93 ਸਾਲਾ ਬਜ਼ੁਰਗ ਸਾਹਿਤਕਾਰ ਅਤੇ ਬੇਬਾਕ ਸਮਾਜਿਕ, ਰਾਜਨੀਤਕ ਸ਼ਖ਼ਸੀਅਤ ਹਰਜੀਤ ਦੌਧਰੀਆ ਨਾਲ ਵਿਸ਼ੇਸ਼ ਮਿਲਣੀ ਕੀਤੀ ਗਈ। ਇਸ ਮਿਲਣੀ ਦੀ ਵਿਸ਼ੇਸ਼ਤਾ ਇਹ ਰਹੀ ਕਿ ਹਰਜੀਤ ਦੌਧਰੀਆ ਦੀ ਸਰੀਰਕ ਸਮੱਸਿਆ ਨੂੰ ਧਿਆਨ ਵਿਚ ਰਖਦਿਆਂ ਮੰਚ ਦੇ ਮੈਂਬਰ ਹਰਜੀਤ ਦੌਧਰੀਆ ਦੇ ਨਿਵਾਸ ਸਥਾਨ 'ਤੇ ਗਏ।

ਰਸਮੀ ਮੇਲਜੋਲ ਤੋਂ ਬਾਅਦ ਹਰਜੀਤ ਦੌਧਰੀਆ ਬਾਰੇ ਬੋਲਦਿਆਂ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਦੌਧਰੀਆ ਸਾਹਿਤ ਅਤੇ ਰਾਜਨੀਤੀ ਨਾਲ ਪੂਰਨ ਤੌਰ 'ਤੇ ਪ੍ਰਤੀਬੱਧ ਇਨਸਾਨ ਹੈ। ਅਡੋਲਤਾ, ਸਪੱਸ਼ਟਤਾ ਅਤੇ ਬੇਬਾਕੀ ਇਸ ਦੇ ਵਿਸ਼ੇਸ਼ ਗੁਣ ਹਨ। ਇਹ ਅੰਦਰੋਂ ਬਾਹਰੋਂ ਇਕਮਿਕ ਹੈ। ਹਰਜੀਤ ਦੌਧਰੀਆ ਨੇ ਮੰਚ ਮੈਂਬਰਾਂ ਦੀ ਆਮਦ 'ਤੇ ਖੁਸ਼ੀ ਜ਼ਾਹਰ ਕੀਤੀ ਅਤੇ ਫਿਰ ਆਪਣੇ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਲੁਧਿਆਣਾ ਤੋਂ ਐਗਰੀਕਲਚਰ ਵਿੱਚ ਬੀ ਐੱਸ ਸੀ ਕਰਨ ਤੋਂ ਬਾਅਦ ਉਨ੍ਹਾਂ ਖੇਤੀਬਾੜੀ ਐਕਸਟੈਨਸ਼ਨ ਅਧਿਕਾਰੀ ਵਜੋਂ ਸਰਵਿਸ ਕੀਤੀ। ਫਿਰ ਨੌਕਰੀ ਛੱਡ ਕੇ ਉਹ ਗੁਰਬਖਸ਼ ਸਿੰਘ ਪ੍ਰੀਤਲੜੀ ਕੋਲ ਪ੍ਰੀਤ ਨਗਰ ਚਲੇ ਗਏ ਅਤੇ ਪ੍ਰੀਤ ਨਗਰ ਦੇ ਫਾਰਮ ਵਿੱਚ ਖੇਤੀ ਕਰਨ ਲੱਗੇ। ਉੱਥੇ ਉਨ੍ਹਾਂ ਤਿੰਨ ਕੁ ਸਾਲ ਕੰਮ ਕੀਤਾ। ਪਰ ਗੁਰਬਖਸ਼ ਸਿੰਘ ਪ੍ਰੀਤਲੜੀ ਨਾਲ ਵਿਚਾਰਾਂ ਦੇ ਮੱਤਭੇਦ ਹੋਣ ਕਾਰਨ ਉਨ੍ਹਾਂ 1962 ਵਿੱਚ ਪ੍ਰੀਤ ਨਗਰ ਛੱਡ ਦਿੱਤਾ। ਫਿਰ ਕੁਝ ਚਿਰ ਉਨ੍ਹਾਂ ਨੇ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕੀਤੀ। ਉਸ ਤੋਂ ਬਾਅਦ ਉਨ੍ਹਾਂ ਨੇ ਕੁਝ ਚਿਰ ਫਿਰੋਜ਼ਪੁਰ ਪੰਚਾਇਤੀ ਰਾਜ ਸਿਖਲਾਈ ਸੈਂਟਰ ਵਿਖੇ ਪ੍ਰਿੰਸੀਪਲ ਦੇ ਤੌਰ 'ਤੇ ਕੰਮ ਕੀਤਾ। 1967 ਵਿੱਚ ਉਹ ਇੰਗਲੈਂਡ ਆ ਗਏ। ਉੱਥੇ ਉਨ੍ਹਾਂ ਨੇ ਫੋਰਡ ਮੋਟਰ ਕੰਪਨੀ ਵਿੱਚ 24 ਸਾਲ ਕੰਮ ਕੀਤਾ। ਰਿਟਾਇਰਮੈਂਟ ਤੋਂ ਬਾਅਦ ਉਹ 2000 ਵਿੱਚ ਕੈਨੇਡਾ ਆ ਗਏ।

ਆਪਣੇ ਸਾਹਿਤਕ ਕਾਰਜ ਬਾਰੇ ਉਨ੍ਹਾਂ ਦੱਸਿਆ ਕਿ ਇੰਗਲੈਂਡ ਆਉਣ ਤੋਂ ਬਾਅਦ ਉਨ੍ਹਾਂ ਨੇ ਲਿਖਣਾ ਸ਼ੁਰੂ ਕੀਤਾ ਅਤੇ ਉਨ੍ਹਾਂ ਦੀਆਂ ਕਵਿਤਾਵਾਂ ਦੀ ਪਹਿਲੀ ਕਿਤਾਬ 'ਸੱਚੇ ਮਾਰਗ ਚਲਦਿਆਂ' 1977 ਵਿੱਚ ਛਪੀ। ਇੰਗਲੈਂਡ ਵਿਚ ਲਿਖਣ ਦੇ ਨਾਲ ਨਾਲ ਉਹ ਸਾਹਿਤਕ, ਸਿਆਸੀ ਅਤੇ ਟ੍ਰੇਡ ਯੂਨੀਅਨ ਨਾਲ ਸੰਬੰਧਤ ਜਥੇਬੰਦੀਆਂ ਵਿੱਚ ਵੀ ਹਿੱਸਾ ਲੈਂਦੇ ਸਨ। ਉਹ 'ਭਾਰਤੀ ਮਜ਼ਦੂਰ ਸਭਾ ਗ੍ਰੇਟ ਬ੍ਰਿਟੇਨ' ਅਤੇ 'ਪ੍ਰਗਤੀਸ਼ੀਲ ਲੇਖਕ ਸੰਘ ਗ੍ਰੇਟ ਬ੍ਰਿਟੇਨ' ਦੇ ਸਰਗਰਮ ਮੈਂਬਰ ਰਹੇ ਹਨ। ਕੈਨੇਡਾ ਆ ਕੇ ਵੀ ਉਨ੍ਹਾਂ ਨੇ ਸਾਹਿਤ ਰਚਨਾ ਦੇ ਨਾਲ ਨਾਲ ਸਮਾਜਿਕ ਅਤੇ ਸਿਆਸੀ ਕਾਰਜ ਵੀ ਜਾਰੀ ਰੱਖਿਆ। ਉਹ ਪੰਜਾਬੀ ਲੇਖਕ ਮੰਚ ਵੈਨਕੂਵਰ ਅਤੇ ਫਰੇਜ਼ਰ ਵੈਲੀ ਪੀਸ ਕਮੇਟੀ ਦੇ ਮੈਂਬਰ ਹਨ। ਕਮਿਊਨਿਸਟ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਵਜੋਂ ਉਨ੍ਹਾਂ 2006 ਅਤੇ 2008 ਦੀਆਂ ਫੈਡਰਲ ਚੋਣਾਂ ਵਿੱਚ ਵੀ ਹਿੱਸਾ ਲਿਆ।

ਭਾਰਤ ਵਿਚਲੇ ਜਾਤ ਪਾਤ ਦੇ ਕੋਹੜ ਦੀ ਗੱਲ ਕਰਦਿਆਂ ਸ੍ਰੀ ਦੌਧਰੀਆ ਨੇ ਕਿਹਾ ਕਿ ਜਾਤ ਪਾਤ ਕਾਰਨ ਹਿੰਦੁਸਤਾਨ ਢਹਿੰਦੀਆਂ ਕਲਾਂ ਵਿਚ ਜਾ ਰਿਹਾ ਹੈ। ਉੱਥੇ ਸਮਾਜ ਵਿਚ ਇਹ ਜਾਤ ਪਾਤ ਇਸ ਕਦਰ ਭਾਰੂ ਹੈ ਕਿ ਜੇਕਰ ਕੁੜੀ ਜਾਂ ਮੁੰਡਾ ਦੂਜੀ ਜਾਤ ਵਿਚ ਵਿਆਹ ਕਰਵਾਉਣ ਦੀ ਗੱਲ ਕਰਦਾ ਹੈ ਤਾਂ ਘਰ ਵਿਚ ਤੂਫਾਨ ਆ ਜਾਂਦਾ ਹੈ। ਉੱਥੇ ਚੋਣਾਂ, ਨੌਕਰੀਆਂ ਵਿਚ ਵੀ ਜਾਤ ਪਾਤ ਦਾ ਬੋਲਬਾਲਾ ਹੈ। ਧਾਰਮਿਕ ਸਥਾਨਾਂ 'ਤੇ ਵੀ ਜਾਤ ਪਾਤ ਪਰਖੀ ਜਾਂਦੀ ਹੈ। ਜਾਤ ਪਾਤ ਅਤੇ ਧਰਮ ਨੇ ਬੇੜਾ ਗਰਕ ਕੀਤਾ ਹੋਇਆ ਹੈ। ਜੇਕਰ ਭਾਰਤ ਦੇ ਲੋਕ ਜਾਤ ਪਾਤ ਛੱਡ ਕੇ ਇਨਸਾਨ ਬਣ ਜਾਣ ਤਾਂ ਭਾਰਤੀ ਸਮਾਜ ਦਾ ਪੱਧਰ ਦੁਨੀਆਂ ਦੇ ਹੋਰਨਾਂ ਮੁਲਕਾਂ ਦੇ ਬਰਾਬਰ ਆ ਸਕਦਾ ਹੈ। ਉਨ੍ਹਾਂ ਕਿਹਾ ਕਿ ਲੇਖਕਾਂ ਅਤੇ ਸੂਝਵਾਨ ਲੋਕਾਂ ਨੂੰ ਇਹ ਕੋਸਸ਼ਿ ਕਰਨੀ ਚਾਹੀਦੀ ਹੈ ਕਿ ਇਹ ਮਸਲਾ ਹਰ ਸਭਾ, ਸੁਸਾਇਟੀ ਵਿਚ ਉਠਾਇਆ ਜਾਵੇ। ਇਸ ਮੌਕੇ ਮੋਹਨ ਗਿੱਲ, ਜਰਨੈਲ ਸਿੰਘ ਆਰਟਿਸਟ, ਅੰਗਰੇਜ਼ ਬਰਾੜ, ਹਰਦਮ ਸਿੰਘ ਮਾਨ, ਗੁਰਮੇਲ ਸਿੰਘ ਰਾਏ, ਜਸਵਿੰਦਰ ਦਿਓਲ ਅਤੇ ਅਮਰਜੀਤ ਦੂਹੜਾ ਨੇ ਹਰਜੀਤ ਦੌਧਰੀਆ ਦੀ ਲੰਮੀ ਅਤੇ ਸਿਹਤਯਾਬ ਜ਼ਿੰਦਗੀ ਦੀ ਕਾਮਨਾ ਕੀਤੀ।

# ਗ਼ਜ਼ਲ ਮੰਚ ਸਰੀ ਵੱਲੋਂ ਖੂਬਸੂਰਤ ਸ਼ਾਇਰੀ ਨਾਲ ਸਜੀ 'ਸ਼ਾਇਰਾਨਾ ਸ਼ਾਮ' 14 ਸਤੰਬਰ ਨੂੰ




ਸਰੀ, (ਹਰਦਮ ਮਾਨ): ਗ਼ਜ਼ਲ ਮੰਚ ਸਰੀ ਵੱਲੋਂ ਖੂਬਸੂਰਤ ਸ਼ਾਇਰੀ ਨਾਲ ਸਜਿਆ ਆਪਣਾ ਸਾਲਾਨਾ ਪ੍ਰੋਗਰਾਮ 'ਸ਼ਾਇਰਾਨਾ ਸ਼ਾਮ-2024' 14 ਸਤੰਬਰ 2024 ਨੂੰ ਸਰੀ ਆਰਟ ਸੈਂਟਰ (13750 88 ਐਵੀਨਿਊ) ਸਰੀ ਵਿਖੇ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਦੱਸਿਆ ਕਿ ਇਸ ਸ਼ਾਇਰਾਨਾ ਸ਼ਾਮ ਵਿੱਚ ਅਮਰਿਕਾ ਤੋਂ ਪ੍ਰਸਿੱਧ ਪੰਜਾਬੀ ਸ਼ਾਇਰ ਕੁਲਵਿੰਦਰ, ਭਾਰਤ ਤੋਂ ਰਾਜਦੀਪ ਤੂਰ ਅਤੇ ਕਨੇਡਾ ਦੇ ਸ਼ਾਇਰ ਜਸਵਿੰਦਰ, ਦਵਿੰਦਰ ਗੌਤਮ, ਰਾਜਵੰਤ ਰਾਜ, ਕ੍ਰਿਸ਼ਨ ਭਨੋਟ, ਗੁਰਮੀਤ ਸਿੱਧੂ, ਪ੍ਰੀਤ ਮਨਪ੍ਰੀਤ, ਦਸਮੇਸ਼ ਗਿੱਲ ਫਿਰੋਜ਼, ਹਰਦਮ ਮਾਨ, ਸੁਖਜੀਤ ਕੌਰ, ਮਨਜੀਤ ਕੰਗ, ਨਰਿੰਦਰ ਭਾਗੀ, ਬਲਦੇਵ ਸੀਹਰਾ ਅਤੇ ਨਈਮ ਲਖਨ ਆਪਣਾ ਕਲਾਮ ਪੇਸ਼ ਕਰਨਗੇ। ਉਹਨਾਂ ਦੱਸਿਆ ਕਿ ਇਸ ਪ੍ਰੋਗਰਾਮ ਦੀ ਰੂਪ ਰੇਖਾ ਉਲੀਕਨ ਅਤੇ ਹੋਰ ਤਿਆਰੀਆਂ ਕਰਨ ਲਈ ਬੀਤੇ ਦਿਨ ਗ਼ਜ਼ਲ ਮੰਚ ਸਰੀ ਦੀ ਵਿਸ਼ੇਸ਼ ਮੀਟਿੰਗ ਮੰਚ ਦੇ ਪ੍ਰਧਾਨ ਜਸਵਿੰਦਰ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਇਸ ਪ੍ਰੋਗਰਾਮ ਦੀ ਜਾਣਕਾਰੀ ਵੱਧ ਤੋਂ ਵੱਧ ਪੰਜਾਬੀ ਪ੍ਰੇਮੀਆਂ ਤੱਕ ਪਹੁੰਚਾਉਣ ਲਈ ਮੰਚ ਦੇ ਮੈਂਬਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ। ਮੀਟਿੰਗ ਵਿਚ ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਕਿਹਾ ਕਿ ਮੰਚ ਲਈ ਇਹ ਖੁਸ਼ੀ ਦੀ ਗੱਲ ਹੈ ਕਿ ਪਿਛਲੇ ਛੇ ਸਾਲ ਤੋਂ ਇਹ ਪ੍ਰੋਗਰਾਮ ਜਿਸ ਮਕਸਦ ਨਾਲ ਸ਼ੁਰੂ ਕੀਤਾ ਗਿਆ ਸੀ ਉਸ ਵਿੱਚ ਸਾਲ ਦਰ ਸਾਲ ਵਧੇਰੇ ਸਫਲਤਾ ਮਿਲ ਰਹੀ ਹੈ ਅਤੇ ਇਸ ਵਾਰ ਵੀ ਬਹੁਤ ਉਮੀਦ ਹੈ ਕਿ ਪੰਜਾਬੀ ਸਾਹਿਤ, ਪੰਜਾਬੀ ਬੋਲੀ ਅਤੇ ਪੰਜਾਬੀ ਸ਼ਾਇਰੀ ਨੂੰ ਪਿਆਰ ਕਰਨ ਵਾਲੇ ਲੋਕ ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋ ਕੇ ਖੂਬਸੂਰਤ ਸ਼ਾਇਰੀ ਦਾ ਆਨੰਦ ਮਾਣਨਗੇ। ਰਾਜਵੰਤ ਰਾਜ ਅਤੇ ਸੁਖਜੀਤ ਕੌਰ ਨੇ ਇਸ ਪ੍ਰੋਗਰਾਮ ਵਿੱਚ ਨਵੀਂ ਪੀੜ੍ਹੀ ਦੇ ਨੌਜਵਾਨਾਂ ਦੀ ਸ਼ਮੂਲੀਅਤ ਵਧਾਉਣ 'ਤੇ ਜ਼ੋਰ ਦਿੱਤਾ ਅਤੇ ਨਾਲ ਹੀ ਕਿਹਾ ਕਿ ਇਸ ਵਾਰ ਬਹੁਤ ਸਾਰੇ ਨੌਜਵਾਨ ਵੱਲੋਂ ਇਸ ਪ੍ਰੋਗਰਾਮ ਲਈ ਚੰਗਾ ਹੁੰਗਾਰਾ ਭਰਿਆ ਜਾ ਰਿਹਾ ਹੈ। ਮੰਚ ਦੇ ਪ੍ਰਧਾਨ ਸ਼ਹਿਰ ਜਸਵਿੰਦਰ ਨੇ ਕਿਹਾ ਕਿ ਸਾਡੇ ਲਈ ਇਹ ਤਸੱਲੀ ਵਾਲੀ ਗੱਲ ਹੈ ਕਿ ਅਸੀਂ ਪੰਜਾਬੀ ਸ਼ਾਇਰੀ ਲਈ ਇੱਕ ਵੱਖਰਾ ਸਰੋਤਾ-ਵਰਗ ਪਛਾਣਨ ਅਤੇ ਸਥਾਪਿਤ ਕਰਨ ਵਿੱਚ ਸਫਲ ਹੋਏ ਹਾਂ।

ਸਫ਼ਾ 1 ਦਾ ਬਾਕੀ

## ਤੇਗਬੀਰ ਸਿੰਘ ਮਾਊਂਟ ਐਵਰੈਸਟ...

ਨੂੰ ਅਫਰੀਕਾ ਦੇ ਉੱਚੇ ਮਾਊਂਟ ਕਿਲੀਮੰਜਾਰੋ ਨੂੰ ਸਰ ਕੀਤਾ। ਇਹ ਉਚਾਈ 5,895 ਮੀਟਰ (19,341 ਫੁੱਟ) ਹੈ ਅਤੇ ਇਸ ਨੂੰ ਚੜ੍ਹਾਈ ਕਰਨਾ ਅਤਿਅੰਤਰਦਾਈ ਹੈ। ਤੇਗਬੀਰ ਦੀ ਮਿਹਨਤ ਅਤੇ ਜੋਸ਼ ਨੇ ਉਸਨੂੰ ਏਸ਼ੀਆ ਦੇ ਸਭ ਤੋਂ ਛੋਟੇ ਉਮਰ ਦੇ ਪ੍ਰਮਾਣਿਤ ਪਰਬਤਰੋਹੀ ਬਣਾਇਆ।

ਤੇਗਬੀਰ ਸਿੰਘ ਨੇ ਆਪਣੇ ਬਚਪਨ ਤੋਂ ਹੀ ਮਾਊਂਟੇਨ ਕਲਾਈਂਬਿੰਗ ਵੱਲ ਰੁਝਾਨ ਰੱਖਿਆ ਸੀ। ਉਸਦੇ ਮਾਪੇ ਨੇ ਉਸਦੇ ਇਸ ਸ਼ੌਕ ਨੂੰ ਸਹਿਯੋਗ ਦਿੱਤਾ ਅਤੇ ਉਸਨੇ ਆਪਣੀ ਤਿਆਰੀ ਅਤੇ ਮੁਕਾਬਲੇ ਦੀਆਂ ਕਲਾ ਨੂੰ ਬਿਲਕੁਲ ਤਿਆਰ ਕਰਨਾ ਸ਼ੁਰੂ ਕੀਤਾ। ਆਪਣੀ ਤਿਆਰੀ ਵਿੱਚ, ਤੇਗਬੀਰ ਨੇ ਭਾਰੀ ਉਪਕਰਨ ਅਤੇ ਸ਼ੁੱਧ ਖਾਣ-ਪੀਣ ਦੀ ਯੋਜਨਾ ਤਿਆਰ ਕੀਤੀ ਅਤੇ ਆਪਣੀ ਸਿਹਤ ਨੂੰ ਠੀਕ ਰੱਖਣ ਲਈ ਕਈ ਮਹੀਨਿਆਂ ਦੀ ਮਿਹਨਤ ਕੀਤੀ।

ਤੇਗਬੀਰ ਸਿੰਘ ਦੀ ਮਾਊਂਟ ਕਿਲੀਮੰਜਾਰੋ ਚੜ੍ਹਾਈ ਇੱਕ ਮਜ਼ਬੂਤ ਜਵਾਨ ਦੇ ਹੌਸਲੇ ਦੀ ਪ੍ਰਤੀਕ ਹੈ। ਉਸ ਨੇ ਚੜ੍ਹਾਈ ਕਰਨ ਸਮੇਂ ਆਪਣੇ ਮਾਪੇ ਅਤੇ ਕੋਚਰਾਂ ਦੀ ਮਦਦ ਨੂੰ ਸਵੀਕਾਰ ਕੀਤਾ ਅਤੇ ਉਹਨਾਂ ਦੇ ਅਨੁਸਾਰ, ਉਸਦੀ ਮਿਹਨਤ ਅਤੇ ਸਮਰਪਣ ਨੇ ਉਸਨੂੰ ਇਸ ਮਸ਼ਹੂਰ ਚੋਟੀ ਨੂੰ ਤਬਾਹ ਕਰਨ ਵਿੱਚ ਸਫਲ ਕੀਤਾ।

ਇਸ ਮਹਾਨ ਉਪਲਬਧੀ ਬਾਰੇ ਗੱਲ ਕਰਦੇ ਹੋਏ, ਤੇਗਬੀਰ ਨੇ ਕਿਹਾ, "ਮਾਊਂਟ ਕਿਲੀਮੰਜਾਰੋ ਨੂੰ ਸਫਲਤਾ ਨਾਲ ਚੜ੍ਹਾਈ ਕਰਨ ਦਾ ਸਫ਼ਰ ਮੇਰੇ ਜੀਵਨ ਦਾ ਸਭ ਤੋਂ ਵੱਡਾ ਚੈਲੰਜ ਸੀ। ਮੈਂ ਆਪਣੇ ਮਾਪੇ, ਮੇਰੇ ਕੋਚਰਾਂ ਅਤੇ ਸਾਰਿਆਂ ਨੂੰ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰੇ ਇਸ ਲਕਸ਼ ਨੂੰ ਪੂਰਾ ਕਰਨ ਵਿੱਚ ਮੇਰੀ ਮਦਦ ਕੀਤੀ। ਇਹ ਮੇਰੇ ਲਈ ਬਹੁਤ ਵੱਡੀ ਮੌਕਾ ਹੈ ਅਤੇ ਮੈਂ ਇਹ ਨਿਰਾਸ਼ਾ ਹੋਵੇਗਾ ਕਿ ਹੋਰ ਨੌਜਵਾਨ ਵੀ ਆਪਣੇ ਸੁਪਨੇ ਨੂੰ ਹਕੀਕਤ ਬਣਾਉਣ ਵਿੱਚ ਸਫਲ ਹੋ ਸਕਨ।"

ਮਾਊਂਟ ਕਿਲੀਮੰਜਾਰੋ, ਜੋ ਤਨਜ਼ਾਨੀਆ ਵਿੱਚ ਸਥਿਤ ਹੈ, ਆਪਣੇ ਸੁੰਦਰ ਦਰਸ਼ਨ ਅਤੇ ਬਹੁਤ ਸਾਰੇ ਕੁਲਚਰਲ ਅਤੇ ਨੈਚਰਲ ਚੁਣੌਤੀਆਂ ਦੇ ਲਈ ਜਾਣਿਆ ਜਾਂਦਾ ਹੈ। ਇਸ ਚੜ੍ਹਾਈ ਨੂੰ ਪੂਰਾ ਕਰਨ ਵਾਲੇ ਲੋਕਾਂ ਨੂੰ ਹਲਚਲ ਅਤੇ ਅਤਿਅੰਤਰਦਾਈ ਯਾਤਰਾ ਦਾ ਅਨੁਭਵ ਹੁੰਦਾ ਹੈ, ਅਤੇ ਤੇਗਬੀਰ ਸਿੰਘ ਦੀ ਸਫਲਤਾ ਇਸ ਦਿਸ਼ਾ ਵਿੱਚ ਇੱਕ ਮਿਸਾਲ ਬਣਾਈ ਹੈ।

ਤੇਗਬੀਰ ਦੀ ਇਸ ਖ਼ਬਰ ਦੀ ਹਰ ਕੋਈ ਪ੍ਰਸ਼ੰਸਾ ਕਰ ਰਿਹਾ ਹੈ ਅਤੇ ਉਸਦੇ ਲਕਸ਼ ਅਤੇ ਸੰਘਰਸ਼ ਨੂੰ ਸਾਰੇ ਦੇਸ਼ ਦੇ ਲੋਕਾਂ ਲਈ ਪ੍ਰੇਰਣਾ ਦੇਣ ਵਾਲੀ ਗੱਲ ਮੰਨੀ ਜਾ ਰਹੀ ਹੈ।

ਤੇਗਬੀਰ ਸਿੰਘ ਦੇ ਮਾਤਾ ਡਾ. ਮਨਪ੍ਰੀਤ ਕੌਰ ਔਰਤ ਰੋਗਾਂ ਦੇ ਮਾਹਰ ਡਾਕਟਰ ਹਨ। ਉਹ ਕਹਿੰਦੇ ਹਨ, "ਤੇਗਬੀਰ ਜਨਮ ਤੋਂ ਹੀ ਬਹੁਤ ਚੁਸਤ ਅਤੇ ਫੁਰਤੀਲਾ ਹੈ। ਉਹ ਕਦੇ ਵੀ ਚੁੱਪ ਅਤੇ ਸ਼ਾਂਤ ਹੋ ਟਿੱਕ ਕੇ ਨਹੀਂ ਬੈਠ ਸਕਦਾ। ਉਹ ਹਮੇਸ਼ਾ ਕੁਝ ਨਾ ਕੁਝ ਕਰਦਾ ਰਹਿੰਦਾ ਹੈ।"

ਡਾ. ਮਨਪ੍ਰੀਤ ਕੌਰ ਦੱਸਦੇ ਹਨ, "ਸਵੇਰੇ ਜਦੋਂ ਉਸਨੂੰ ਦੌੜਨ ਲਈ ਉਠਾਇਆ ਜਾਂਦਾ ਹੈ ਤਾਂ ਉਹ ਕਦੇ ਇਹ ਨਹੀਂ ਕਹਿੰਦਾ ਕਿ ਮੈਂ ਨਹੀਂ ਜਾਣਾ। ਉਹ ਹਮੇਸ਼ਾ ਤਿਆਰ ਰਹਿੰਦਾ ਹੈ, ਕੁਝ ਨਵਾਂ ਕਰਨ ਲਈ, ਕੁਝ ਨਵਾਂ ਸਿੱਖਣ ਲਈ।" "ਇਸ ਲਈ ਜਦੋਂ ਤੇਗਬੀਰ ਦੇ ਪਾਪਾ ਨੇ ਕਿਹਾ ਕਿ ਉਸਨੂੰ ਟਰੈਕਿੰਗ ਲਈ ਤਿਆਰ ਕਰਨਾ ਹੈ ਤਾਂ ਮੈਂ ਵੀ ਮਨ ਬਣਾ ਲਿਆ ਕਿ ਉਹ ਕਰ ਸਕਦਾ ਹੈ ਜੇਕਰ ਉਸ ਨੂੰ ਚੰਗੀ ਟਰੇਨਿੰਗ ਮਿਲੇ। ਬਸ ਉਸ ਤੋਂ ਬਾਅਦ ਫੇਰ ਮੈਂ ਕਦੇ ਵੀ ਉਨ੍ਹਾਂ ਨੂੰ ਰੋਕਿਆ ਨਹੀਂ ਸਗੋਂ ਹਿੰਮਤ ਅਤੇ ਹੌਸਲਾ ਹੀ ਦਿੱਤਾ ਹੈ।"

ਸੁਖਿੰਦਰ ਦੀਪ ਸਿੰਘ ਦੱਸਦੇ ਹਨ, "ਮੈਂ ਆਪਣੇ ਆਪ ਨੂੰ ਸਿਹਤਮੰਦ ਰੱਖਣ ਲਈ ਕੁਝ ਨਾ ਕੁਝ ਕਰਦਾ ਰਹਿੰਦਾ ਹਾਂ। ਰੋਜ਼ ਸਵੇਰੇ 4-5 ਕਿਲੋਮੀਟਰ ਦੌੜਨਾ ਮੇਰੀ ਜ਼ਿੰਦਗੀ ਦਾ ਇੱਕ ਹਿੱਸਾ ਹੈ। ਮੈਂ ਜਦੋਂ ਵੀ ਸਵੇਰੇ ਦੌੜਨ ਜਾਂਦਾ ਹਾਂ ਤਾਂ ਤੇਗਬੀਰ ਸਿੰਘ ਮੇਰੇ ਨਾਲ ਹੀ ਹੁੰਦਾ ਹੈ।"

"ਉੱਤੋਂ ਅਸੀਂ ਖੁਸ਼ਕਿਸਮਤ ਹਾਂ ਕਿ ਰੋਪੜ ਵਿੱਚ ਹੈਂਡਬਾਲ ਦੇ ਸੇਵਾਮੁਕਤ ਕੋਚ ਵਿਕਰਮਜੀਤ ਸਿੰਘ ਘੁੰਮਣ ਹਨ ਜੋ ਹਰ ਐਤਵਾਰ ਸ਼ਹਿਰ ਵਾਸੀਆਂ ਨੂੰ ਟਰੈਕਿੰਗ (ਪਹਾੜ ਚੜ੍ਹਣ) ਦੀ ਟਰੇਨਿੰਗ ਕਰਵਾਉਂਦੇ ਰਹਿੰਦੇ ਹਨ।"

ਉਹ ਅੱਗੇ ਦੱਸਦੇ ਹਨ, "ਇੱਕ ਦਿਨ ਮੇਰੀ ਵੀ ਉਨ੍ਹਾਂ ਨਾਲ ਗੱਲ ਹੋਈ। ਅਸੀਂ ਵੀ ਉਨ੍ਹਾਂ ਕੋਲੋਂ ਟਰੇਨਿੰਗ ਲੈਣੀ ਸ਼ੁਰੂ ਕਰ ਦਿੱਤੀ। ਹਰ ਐਤਵਾਰ ਅਸੀਂ ਦੋਵੇਂ ਪਿਓ ਪੁੱਤ ਉਨ੍ਹਾਂ ਕੋਲ ਟਰੇਨਿੰਗ ਲਈ ਜਾਂਦੇ ਸੀ।"

"ਫੇਰ ਇੱਕ ਦਿਨ ਉਨ੍ਹਾਂ ਨੇ ਤੇਗਬੀਰ ਸਿੰਘ ਦੀ ਟਰੇਨਿੰਗ ਦੇਖ ਕੇ ਅਤੇ ਉਸ ਦੀ ਸਰੀਰਿਕ ਸਮਰੱਥਾ ਦੇਖ ਕੇ ਮੈਨੂੰ ਸਲਾਹ ਦਿੱਤੀ ਕਿ ਆਪਾਂ ਤੇਗਬੀਰ ਨੂੰ ਪ੍ਰੋਫੈਸ਼ਨਲ ਟਰੈਕਿੰਗ ਦੀ ਸਿਖਲਾਈ ਸ਼ੁਰੂ ਕਰ ਸਕਦੇ ਹਾਂ।"

ਸੁਖਿੰਦਰ ਮੁਤਾਬਕ, "ਸਾਡੇ ਹੀ ਸ਼ਹਿਰ ਦੀ 8 ਸਾਲਾ ਸਾਨਵੀ ਸੂਦ ਪਹਿਲਾਂ ਹੀ ਪਰਬਤਰੋਹੀ ਹੋਣ ਦਾ ਮਾਣ ਹਾਸਲ ਕਰ ਚੁੱਕੀ ਹੈ। ਇਸ ਤੋਂ ਸਾਨੂੰ ਵੀ ਹੌਸਲਾ ਹੋ ਗਿਆ ਕਿ ਤੇਗਬੀਰ ਸਿੰਘ ਵੀ ਇਹ ਕਰ ਸਕਦਾ।"

ਤੇਗਬੀਰ ਦੇ ਪਿਤਾ ਦੱਸਦੇ ਹਨ, "ਤੇਗਬੀਰ ਸਿੰਘ ਨੂੰ ਮਾਊਂਟ ਕਿਲੀਮੰਜਾਰੋ ਉੱਤੇ ਲੈ ਕੇ ਜਾਣ ਲਈ ਟਰੇਨਿੰਗ ਪਿੱਛਲੇ ਡੇਢ ਸਾਲ ਤੋਂ ਚੱਲ ਰਹੀ ਸੀ।"

ਉਹਨਾਂ ਦੱਸਿਆ, "ਤੇਗਬੀਰ ਸਿੰਘ ਨੇ ਇਸ ਸਾਲ ਅਪ੍ਰੈਲ ਮਹੀਨੇ ਵਿੱਚ ਮਾਊਂਟ ਐਵਰੈਸਟ ਦਾ ਬੇਸ ਕੈਂਪ ਵੀ ਸਰ ਕੀਤਾ ਸੀ ਤਾਂ ਉਸ ਤੋਂ ਸਾਨੂੰ ਅੰਦਾਜ਼ਾ ਹੋ ਗਿਆ ਸੀ ਕਿ ਇਹ ਅੱਗੇ ਵੀ ਜਾ ਸਕਦਾ ਹੈ। ਡੇਢ ਸਾਲ ਤੋਂ ਤੇਗਬੀਰ ਸਿੰਘ ਦੀ ਰੁਟੀਨ ਪੱਕੀ ਸੀ। ਉਹ ਸਵੇਰੇ ਰੋਜ਼ ਪੰਜ ਵਜੇ ਉੱਠਦਾ ਸੀ, ਮੇਰੇ ਨਾਲ ਜਿਮ ਜਾਂਦਾ ਸੀ ਅਤੇ ਦੌੜਦਾ ਸੀ।"

ਤੇਗਬੀਰ ਸਿੰਘ ਦੇ ਮਾਤਾ ਡਾ. ਮਨਪ੍ਰੀਤ ਕੌਰ ਕਹਿੰਦੇ ਹਨ, "ਮੇਰਾ ਕੰਮ ਇਨ੍ਹਾਂ ਦੋਵਾਂ ਦੀ ਡਾਈਟ ਦਾ ਧਿਆਨ ਰੱਖਣਾ ਹੀ ਹੁੰਦਾ। ਅਸੀਂ ਸ਼ੁੱਧ ਸ਼ਾਕਾਹਾਰੀ ਪਰਿਵਾਰ ਹਾਂ ਤਾਂ ਜਿਮ ਤੋਂ ਵਾਪਸ ਆਉਂਦਿਆਂ ਹੀ ਉਨ੍ਹਾਂ ਨੂੰ ਪ੍ਰੋਟੀਨ ਭਰਪੂਰ ਖਾਣਾ ਦੇਣਾ ਬਹੁਤ ਲਾਜ਼ਮੀ ਹੁੰਦਾ ਹੈ।"

"ਤੇਗਬੀਰ ਦੁੱਧ ਅਤੇ ਪਨੀਰ ਦਾ ਸ਼ੌਕੀਨ ਹੈ, ਹਰ ਰੋਜ਼ ਦੀ ਡਾਈਟ ਵਿੱਚ ਉਸ ਨੂੰ ਦੁੱਧ ਅਤੇ ਪਨੀਰ ਚਾਹੀਦਾ ਹੀ ਹੁੰਦਾ ਹੈ। ਸਕੂਲ ਵਿੱਚ ਉਸ ਨੂੰ ਫ਼ਲ ਅਤੇ ਚਾਵਲ ਹੀ ਦਿੱਤੇ ਜਾਂਦੇ ਸੀ।"

# ਬੀ.ਸੀ. ਐਨ.ਡੀ.ਪੀ. ਨੇ ਨੌਰਥ ਡੈਲਟਾ 'ਚ ਚੋਣ ਮੁਹਿੰਮ ਦਾ ਦਫ਼ਤਰ ਖੋਲ੍ਹਿਆ







ਨੌਰਥ ਡੈਲਟਾ (ਏਕਜੋਤ ਸਿੰਘ) ਆਉਣ ਵਾਲੀਆਂ ਚੋਣਾਂ ਦੀ ਤਿਆਰੀ ਨੂੰ ਹੋਰ ਮਜ਼ਬੂਤ ਕਰਨ ਲਈ ਬ੍ਰਿਟਿਸ਼ ਕੋਲੰਬੀਆ ਐਨਡੀਪੀ ਨੇ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਸ਼ੁੱਕਰਵਾਰ ਨੂੰ ਬੀਸੀ ਐਨਡੀਪੀ ਦੇ ਨੇਤਾ ਡੇਵਿਡ ਈਬੀ ਨੇ ਨੌਰਥ ਡੈਲਟਾ ਵਿੱਚ ਜੈਸੀ ਸੂਨਰ (ਸਰੀ ਨਿਊਟਨ), ਰਚਨਾ ਸਿੰਘ (ਸਰੀ ਨਾਰਥ), ਅਤੇ ਰਵਿ ਕਾਹਲੋਂ (ਡੈਲਟਾ ਨਾਰਥ) ਨਾਲ਼ ਮਿਲ ਕੇ ਆਪਣੇ ਚੋਣ ਦਫ਼ਤਰ ਦਾ ਉਦਘਾਟਨ ਕੀਤਾ।

ਇਸ ਮੁਹਿੰਮ ਦਾ ਉਦੇਸ਼ ਸਥਾਨਕ ਸਮਾਜ ਨਾਲ ਜੁੜਨਾ ਅਤੇ ਚੋਣਾਂ ਲਈ ਉਮੀਦਵਾਰਾਂ ਨੂੰ ਵਧੇਰੇ ਮਜ਼ਬੂਤ ਕਰਨਾ ਹੈ। ਡੇਵਿਡ ਈਬੀ ਨੇ ਸਮਾਜ ਨੂੰ ਸੂਚਿਤ ਕੀਤਾ ਕਿ ਬੀਸੀ ਐਨਡੀਪੀ ਦੀ ਟੀਮ ਸਮਾਜ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ "ਅਸੀਂ ਬੀਸੀ ਦੇ ਵਾਸੀਆਂ ਲਈ ਮੁੱਖ ਸਮੱਸਿਆਵਾਂ ਹੱਲ ਕਰਨ ਲਈ ਪ੍ਰਤੀਬੱਧ ਹਾਂ, ਅਤੇ ਇਸ ਮੁਹਿੰਮ ਰਾਹੀਂ ਅਸੀਂ ਲੋਕਾਂ ਦੇ ਦਿਲ ਜਿੱਤਣ ਦੇ ਯਤਨ ਕਰਾਂਗੇ"




ਇਸ ਮੌਕੇ ਸਥਾਨਕ ਵਰਕਰਾਂ ਅਤੇ ਸਮਰਥਕਾਂ ਨਾ਼ਲ ਰਵਾਇਤੀ ਸਵਾਲ-ਜਵਾਬ ਸੈਸ਼ਨ ਵੀ ਆਯੋਜਿਤ ਕੀਤੇ ਗਏ। ਜੈਸੀ ਸੂਨਰ ਨੇ ਕਿਹਾ, "ਮੈਂ ਸਰੀ ਨਿਊਟਨ ਵਿੱਚ ਭਰੋਸੇਯੋਗ ਪ੍ਰਤਿਨਿਧਿਤਾ ਦੇਣ ਲਈ ਤਿਆਰ ਹਾਂ, ਅਤੇ ਸਾਡੇ ਇਲਾਕੇ ਦੇ ਵਾਸੀਆਂ ਨੂੰ ਬਿਹਤਰ ਸੇਵਾਵਾਂ ਮਿਲਣ ਲਈ ਮੈਂ ਵਚਨਬੱਧ ਹਾਂ।"


ਰਚਨਾ ਸਿੰਘ ਨੇ ਸਰੀ ਨਾਰਥ ਦੀ ਵਿਰਾਸਤ ਤੇ ਫਖਰ ਜਤਾਉਂਦੇ ਹੋਏ ਕਿਹਾ ਕਿ ਉਹ ਆਪਣੇ ਇਲਾਕੇ ਦੀਆਂ ਭਲਾਈ ਸਕੀਮਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣਗੇ। "ਸਰੀ ਵਿੱਚ ਸਾਡਾ ਮਕਸਦ ਵਧੇਰੇ ਜ਼ਰੂਰਤਮੰਦ ਪਰਿਵਾਰਾਂ ਅਤੇ ਬੱਚਿਆਂ ਲਈ ਪਹੁੰਚਯੋਗ ਸੇਵਾਵਾਂ ਮੁਹੱਈਆ ਕਰਾਉਣ ਦਾ ਹੈ।"

ਰਵੀ ਕਾਹਲੋਂ ਨੇ ਡੈਲਟਾ ਨਾਰਥ ਦੇ ਵਿਕਾਸ ਲਈ ਆਪਣੇ ਦ੍ਰਿਸ਼ਟੀਕੋਣ ਬਾਰੇ ਗੱਲ ਕੀਤੀ, ਉਹਨਾਂ ਨੇ ਕਿਹਾ, "ਡੈਲਟਾ ਦੇ ਲੋਕਾਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਲਈ ਅਸੀਂ ਆਪਣੀ ਪੂਰੀ ਟੀਮ ਨਾ਼ਲ ਮਿਹਨਤ ਕਰਾਂਗੇ।"

ਇਸ ਸਮਾਗਮ ਵਿਚ ਵੱਡੀ ਗਿਣਤੀ ਵਿੱਚ ਸਮਰਥਕਾਂ ਅਤੇ ਸਥਾਨਕ ਲੋਕਾਂ ਨੇ ਸ਼ਮੂਲੀਅਤ ਕੀਤੀ।

This report was written by Ekjot Singh as part of the Local Journalism Initiative.

# ਸਸਕੈਚਵਨ ਵੱਲੋਂ ਹਾਰਡ ਟੂ ਫ਼ਿਲ ਪ੍ਰੋਗਰਾਮ ਬੰਦ, ਨੌਕਰੀਆਂ ਦੀ ਭਰਤੀ 'ਤੇ ਪਵੇਗਾ ਪ੍ਰਭਾਵ




ਰੈਜਾਈਨਾ: ਸਸਕੈਚਵਨ ਦੀ ਪ੍ਰਾਂਤ ਸਰਕਾਰ ਨੇ ਹਾਰਡ ਟੂ ਫ਼ਿਲ ਪ੍ਰੋਗਰਾਮ ਨੂੰ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ। ਇਹ ਪ੍ਰੋਗਰਾਮ ਉਹਨਾਂ ਖਾਲੀ ਪਦਾਂ ਨੂੰ ਭਰਨ ਲਈ ਚਲਾਇਆ ਗਿਆ ਸੀ, ਜਿਹਨਾਂ ਲਈ ਸਥਾਨਕ ਮਜ਼ਦੂਰ ਬਰਸਾਂ ਤੋਂ ਮਿਲਣਾ ਮੁਸ਼ਕਲ ਸੀ। ਇਸ ਪ੍ਰੋਗਰਾਮ ਦੇ ਬੰਦ ਹੋਣ ਨਾਲ ਕਈ ਸਥਾਨਕ ਨੌਕਰੀਦਾਤਾ ਚਿੰਤਤ ਹਨ ਕਿਉਂਕਿ ਇਹ ਉਨ੍ਹਾਂ ਲਈ ਮੁਹਿੰਮੀ ਹੱਥਿਆਰ ਸੀ ਜੋ ਖਾਲੀ ਅਸਾਮੀਆਂ ਨੂੰ ਭਰਨ ਲਈ ਪ੍ਰਵਾਸੀਆਂ 'ਤੇ ਨਿਰਭਰ ਰਹਿੰਦੇ ਸਨ। ਸਸਕੈਚਵਨ ਇਮੀਗ੍ਰੈਂਟ ਨੋਮੀਨੀ ਪ੍ਰੋਗਰਾਮ ਦੇ ਤਹਿਤ, ਹਾਰਡ ਟੂ ਫ਼ਿਲ ਵਰਕਰ ਕੈਟੇਗਰੀ 2022 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਦਾ ਉਦੇਸ਼ ਉਹਨਾਂ ਖੇਤਰਾਂ ਵਿੱਚ ਪ੍ਰਵਾਸੀ ਕਰਮਚਾਰੀਆਂ ਨੂੰ ਲਿਆਉਣਾ ਸੀ ਜਿੱਥੇ ਸਥਾਨਕ ਤੌਰ 'ਤੇ ਕਾਬਲ ਮਜ਼ਦੂਰ ਨਹੀਂ ਲੱਭੇ ਜਾ ਰਹੇ ਸਨ। ਖ਼ਾਸ ਕਰਕੇ ਹੇਅਲਥ ਕੇਅਰ, ਐਗਰੀਕਲਚਰ ਅਤੇ ਮੈਨੂਫੈਕਚਰਿੰਗ ਦੇ ਖੇਤਰਾਂ ਵਿੱਚ ਇਸ ਪ੍ਰੋਗਰਾਮ ਦੇ ਜ਼ਰੀਏ ਵੱਡੀ ਗਿਣਤੀ ਵਿੱਚ ਲੋਕ ਭਰਤੀ ਕੀਤੇ ਗਏ ਸਨ। ਪ੍ਰੋਗਰਾਮ ਦੇ ਬੰਦ ਹੋਣ ਦੀ ਘੋਸ਼ਣਾ ਕਰਦਿਆਂ, ਸਸਕੈਚਵਨ ਸਰਕਾਰ ਦੇ ਪ੍ਰਵਾਸੀ ਮਾਮਲਿਆਂ ਦੇ ਮੰਤਰੀ ਨੇ ਕਿਹਾ, "ਅਸੀਂ ਇਸ ਪ੍ਰੋਗਰਾਮ ਦਾ ਨਵੀਕਰਨ ਕਰਨ 'ਤੇ ਵਿਚਾਰ ਕਰ ਰਹੇ ਹਾਂ। ਸਥਿਤੀ ਦੇ ਹਾਲਾਤਾਂ ਨੂੰ ਵੇਖਦਿਆਂ, ਸਾਨੂੰ ਯਕੀਨ ਹੈ ਕਿ ਸਥਾਨਕ ਮਜ਼ਦੂਰ ਬਾਜ਼ਾਰ ਹੁਣ ਕੁਝ ਹੱਦ ਤੱਕ ਖ਼ੁਦ ਹੀ ਇਹ ਸਮੱਸਿਆ ਹੱਲ ਕਰ ਸਕਦਾ ਹੈ।" ਇਸ ਫ਼ੈਸਲੇ 'ਤੇ ਕਈ ਮਜ਼ਦੂਰ ਸੰਗਠਨਾਂ ਅਤੇ ਸਥਾਨਕ ਨੌਕਰੀਦਾਤਿਆਂ ਨੇ ਨਾਰਾਜ਼ਗੀ ਜਤਾਈ ਹੈ। ਇੱਕ ਸਥਾਨਕ ਫ਼ੈਕਟਰੀ ਮਾਲਿਕ ਨੇ ਕਿਹਾ, "ਇਹ ਪ੍ਰੋਗਰਾਮ ਬੰਦ ਹੋਣਾ ਸਾਡੇ ਲਈ ਬਹੁਤ ਵੱਡਾ ਝਟਕਾ ਹੈ। ਸਾਨੂੰ ਮੁਸ਼ਕਲ ਨੌਕਰੀਆਂ ਲਈ ਕਾਬਲ ਕਰਮਚਾਰੀ ਮਿਲਣ ਵਿੱਚ ਮੁਸ਼ਕਿਲਾਂ ਆਉਣਗੀਆਂ।" ਇਮੀਗ੍ਰੇਸ਼ਨ ਮਾਹਰਾਂ ਨੇ ਵੀ ਇਸ ਫ਼ੈਸਲੇ ਨੂੰ ਲੰਬੇ ਸਮੇਂ ਵਿੱਚ ਨੌਕਰੀ ਦੇ ਮੌਕਿਆਂ ਨੂੰ ਪ੍ਰਭਾਵਿਤ ਕਰਨ ਵਾਲਾ ਦੱਸਿਆ।

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ
SINCE 1997
SANJHA PUNJAB
ਸਾਂਝਾ ਪੰਜਾਬ ਸਵੀਟਸ
ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।
100% Vegitarian
Special Rates for Gurdwara & Mandir

CONTACT : SATJINDER SAMRA
604-930-9099
E-mail : sanjhapunjabsweets@gmail.com | Website : www.sanjhapunjabsweets.com
1-B 12830 96 Ave, Surrey, BC V3V 6A8

# fruiticana hee jaana!

Your one and only Punjabi neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ

## LOWEST PRICES IN TOWN

THE SOUTH SURREY/WHITE ROCK FRUITICANA
NOW OPEN AT 1812, 152ND ST.

### UNBEATABLE EXTRA SUPER SPECIAL

Yellow Onions 50 lbs
ਪੀਲੇ ਗੰਢੇ
$12.99 bag

### EXTRA SUPER SUPER SPECIAL

BC Long Hot Chili
ਬੀਸੀ ਕੌੜੀਆਂ ਮਿਰਚਾਂ
$1.99 lb

### 99¢ SALE

- Chickpeas — ਚਿੱਟੇ ਛੋਲੇ — 99¢ lb
- BC Gala Apples — ਗਾਲਾ ਸੇਬ ਬੀਸੀ — 99¢ lb
- Petha Kadhu — ਪੇਠਾ ਕੱਦੂ — 99¢ lb
- Red Delicious Apples USA #1 — ਲਾਲ ਸਵਾਦ ਸੇਬ ਯੂ.ਐਸ. #੧ — 99¢ lb
- Red Lentil Split or Whole — ਧੋਤੀ ਮਸਰਾਂ ਦੀ ਦਾਲ ਮਸਰਾਂ ਦੀ ਸਾਬਤ ਦਾਲ — 99¢ lb
- BC Carrots — ਗਾਜਰਾਂ ਬੀ ਸੀ — 99¢ lb
- Red Onions — ਲਾਲ ਗੰਢੇ — 99¢ lb

### SUPER SPECIAL

- Fresh Indian Okra — ਭਿੰਡੀ — $2.99 lb
- Jumbo Cauliflower Size 9 — ਵੱਡਾ ਗੋਭੀ ਦਾ ਫੁੱਲ ਸਾਈਜ਼ 9 — $3.99 ea.
- Cilantro — ਧਣੀਆ — 2 bunches for $1.28
- Red Onions 25 lbs — ਲਾਲ ਗੰਢੇ — $19.98 bag

- Desi Karela — ਦੇਸੀ ਕਰੇਲਾ — $1.99 lb
- Green, Red, Yellow & Orange Peppers — ਸ਼ਿਮਲਾ ਮਿਰਚਾਂ (ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ) — $1.49 lb
- Regular Large Eggplant BC — ਵੱਡੇ ਬਤਾਊਂ ਬੀਸੀ — $1.29 lb
- Roma Tomatoes — ਰੋਮਾ ਟਮਾਟਰ — $1.49 lb
- Fresh Garlic — ਤਾਜਾ ਲਸਣ — $1.59 lb
- Indian Eggplants — ਦੇਸੀ ਬਤਾਊਂ — $1.59 lb
- Fresh Ginger — ਤਾਜ਼ਾ ਅਦਰਕ — $1.68 lb
- Rapini (Sarson da Saag) — ਸਰਸੋਂ ਦਾ ਸਾਗ — $2.79 bunch
- BC D'Anjou Pears — ਅੰਜੂ ਨਾਸ਼ਪਾਤੀ ਬੀਸੀ — $1.29 lb

- Russet Potatoes Snoboy 10 lbs — ਆਲੂ ਰਸਟ ਸਨੋਬੁਆਏ — $3.98 bag
- Seedless Watermelons — ਬਿਨਾਂ ਬੀਜ ਹਦਵਾਣਾ — 79¢ lb
- Almonds #1 Large Size — ਵੱਡੇ ਬਦਾਮ — $3.98 lb
- Roasted Peanuts in Shell 800 g — ਭੁੱਜੀ ਮੂੰਗਫਲੀ — $3.88 pkg.
- Rooh Afza Indian 750 ml — ਰੂਹ ਅਫਜ਼ਾ — $3.99 bottle

- Red Lentil Whole, Red Lentil Split & Black Chana 4 lbs (Indican) — ਧੋਤੀ ਮਸਰਾਂ ਦੀ ਦਾਲ ਮਸਰਾਂ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕੈਨ) — $3.98 bag
- Almond Oil 1 L (Indican) — ਇੰਡੀਕੈਨ ਬਦਾਮ ਦਾ ਤੇਲ — $12.99 bottle
- Fine Cane Sugar (Indican) 8 lbs — ਗੰਨੇ ਦੀ ਖੰਡ 8lbs — $5.99 bag
- Aashirvaad Atta 20 lbs — ਆਸ਼ੀਰਵਾਦ ਹੋਲਵ੍ਹੀਟ ਆਟਾ — $15.99 bag
- 817 Basmati Rice 4 lbs — 817 ਬਾਸਮਤੀ ਚੋਲ — $5.99 bag

Product images may differ from the actual product.

**Fri Sep 06, 2024 - Wed Sep 11, 2024**
We reserve the right to limit the quantities while they last
**Specials valid for Lower Mainland only**

24 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 9 PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |